ਗਿਆਰਵਾਂ ਸਾਲ

PARDES TIMES

11th year in Publication

# ਪਰਦੇਸ ਟਾਇਮਜ਼

www.pardestimes.com

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 11 No. 271 June 21, 2017 E-mali : info@pardestimes.com Ph 510-938-7771 Ph510-516-3536 (Yuba City) 530-315-1020

## ਪੰਜਾਬ ਸਰਕਾਰ ਵੱਲੋਂ ਕੋਈ ਨਵਾਂ ਟੈਕਸ ਨਹੀਂ ਰਿਆਇਤਾਂ ਵਾਲਾ ਬਜਟ ਪੇਸ਼

ਚੰਡੀਗੜ- ਕੈਪਟਨ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ 'ਚ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਵੱਲੋਂ ਕਾਂਗਰਸ ਸਰਕਾਰ ਦਾ ਪਲੇਠਾ ਬਜਟ ਪੇਸ਼ ਕੀਤਾ ਗਿਆ, ਜਿਸ ਸਬੰਧੀ ਉਨ੍ਹਾਂ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਬਜਟ ਤਜਵੀਜ਼ਾਂ 'ਚ ਖੇਤੀ ਖੇਤਰ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਸ਼ਹਿਰੀ ਵਿਕਾਸ



ਨੂੰ ਪਹਿਲੀ ਵਾਰ ਵਿਸ਼ੇਸ਼ ਤਰਜੀਹ ਦੇਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਸਦਨ ਨੂੰ ਦੱਸਿਆ ਕਿ ਚਾਲੂ ਮਾਲੀ ਸਾਲ 2017-18 ਲਈ ਪੇਸ਼ ਬਜਟ ਦਾ ਕੁੱਲ ਆਕਾਰ 1, 18, 237.90 ਕਰੋੜ ਰੁਪਏ ਦਾ ਹੈ, ਜਦੋਂਕਿ ਵਾਸਤਵਿਕ ਬਜਟ ਆਕਾਰ 90,737.90 ਕਰੋੜ ਹੋਵੇਗਾ, ਕਿਉਂਕਿ ਉਕਤ ਰਾਸ਼ੀ 'ਚ ਉਪਾਅ ਅਤੇ ਸਾਧਨ ਲੈਣ-ਦੇਣ ਲਈ 27,500 ਕਰੋੜ ਰੁਪਏ ਦਾ ਬਜਟ ਉਪਬੰਦ ਸ਼ਾਮਿਲ ਹੈ। ਉਨ੍ਹਾਂ ਦੱਸਿਆ ਕਿ ਰਾਜ ਸਰਕਾਰ ਨੂੰ ਚਾਲੂ ਮਾਲੀ ਸਾਲ ਦੌਰਾਨ 1,05,514.84 ਕਰੋੜ ਦੀਆਂ ਕੁੱਲ ਪ੍ਰਾਪਤੀਆਂ ਹੋਣ ਦੀ ਸੰਭਾਵਨਾ ਹੈ। ਪ੍ਰੰਤੂ 14,784.87

(ਬਾਕੀ ਸਫਾ 3 ਤੇ)

# ਕੈਪਟਨ ਨੇ 5 ਏਕੜ ਤੱਕ ਵਾਲੇ ਕਿਸਾਨਾਂ ਦੇ ਕਰਜੇ ਕੀਤੇ ਮੁਆਫ

ਚੰਡੀਗੜ-ਪੰਜਾਬ ਵਿਧਾਨ ਸਭਾ 'ਚ ਰਾਜਪਾਲ ਪੰਜਾਬ ਦੇ ਭਾਸ਼ਣ ਸਬੰਧੀ ਪੇਸ਼ ਧੰਨਵਾਦ ਦੇ ਮਤੇ 'ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਇਜਲਾਸ 'ਚ 5 ਏਕੜ ਤੱਕ ਜ਼ਮੀਨ ਵਾਲੇ ਛੋਟੇ ਤੇ ਦਰਮਿਆਨੇ ਕਿਸਾਨਾਂ ਦਾ ਸਮੁੱਚਾ ਫਸਲੀ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ। ਉਨ੍ਹਾਂ ਸਦਨ ਨੂੰ ਦੱਸਿਆ ਕਿ ਅਰਥਸ਼ਾਸ਼ਤਰੀ ਡਾ. ਟੀ. ਹੱਕ ਦੀ ਅਗਵਾਈ ਵਾਲੀ ਮਾਹਿਰਾਂ ਦੀ ਟੀਮ ਵੱਲੋਂ ਸਰਕਾਰ ਨੂੰ ਆਪਣੀ ਅੰਤ੍ਰਿਮ ਰਿਪੋਰਟ ਦੇ ਦਿੱਤੀ ਗਈ ਹੈ, ਜਿਸ ਨੂੰ ਵਿਚਾਰਨ ਤੋਂ ਬਾਅਦ ਰਾਜ ਸਰਕਾਰ ਨੇ ਕਰਜ਼ਾ ਮੁਆਫ਼ੀ ਸਬੰਧੀ ਫੈਸਲਾ ਲਿਆ ਹੈ, ਜਿਸ ਨਾਲ ਕੋਈ 8.75 ਲੱਖ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਲਾਭ ਪੁੱਜੇਗਾ। ਉਨ੍ਹਾਂ ਕਿਹਾ ਕਿ ਗੈਰ ਸੰਸਥਾਈ ਕਿਸਾਨੀ ਕਰਜ਼ਿਆਂ ਦੇ ਨਬੇੜੇ ਲਈ ਵੀ ਰਾਜ ਸਰਕਾਰ ਵੱਲੋਂ ਪੰਜਾਬ ਖੇਤੀਬਾੜੀ ਕਰਜ਼ਾ ਐਕਟ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਪਲਾਈ ਜਾਰੀ ਰੱਖਣ ਸਬੰਧੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਪ੍ਰੰਤੂ ਵੱਡੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਤੌਰ 'ਤੇ ਹੀ ਮੁਫ਼ਤ ਬਿਜਲੀ ਦੀ ਸਹੂਲਤ ਲੈਣੀ ਛੱਡ ਦੇਣ। ਮੁੱਖ ਮੰਤਰੀ ਨੇ ਸਦਨ 'ਚ ਇਹ ਵੀ ਐਲਾਨ ਕੀਤਾ ਕਿ ਆਤਮਦਾਹ ਕਰਨ ਵਾਲੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਰਾਜ ਸਰਕਾਰ ਆਪਣੇ ਸਿਰ ਲਵੇਗੀ। ਪ੍ਰੰਤੂ ਮੁੱਖ ਮੰਤਰੀ ਵੱਲੋਂ ਕਰਜ਼ਾ ਮੁਆਫ਼ੀ ਕਾਰਨ ਕਿਸਾਨਾਂ ਨੂੰ ਹੋਣ ਵਾਲੇ ਫਾਇਦੇ ਸਬੰਧੀ ਕੋਈ ਅੰਕੜਾ ਦੇਣ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਇਸ ਸਬੰਧੀ ਐਲਾਨ ਬਜਟ



ਤਜਵੀਜ਼ਾਂ 'ਚ ਹੀ ਕੀਤਾ ਜਾ ਸਕੇਗਾ। ਮੁੱਖ ਮੰਤਰੀ ਨੇ ਸਦਨ 'ਚ ਇਹ ਵੀ ਐਲਾਨ ਕੀਤਾ ਕਿ ਰਾਜ ਸਰਕਾਰ ਖੇਤੀ ਉਪਰ ਆਮਦਨ ਕਰ ਲਗਾਉਣ ਦੀ ਕਿਸੇ ਵੀ ਤਜਵੀਜ਼ ਦਾ ਡੱਟ ਕੇ ਵਿਰੋਧ ਕਰੇਗੀ ਅਤੇ ਪੰਜਾਬ ਦੇ ਪਾਣੀਆਂ ਦੀ ਇੱਕ ਵੀ ਬੂੰਦ ਹੁਣ ਪੰਜਾਬ ਤੋਂ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ। ਕੈਪਟਨ ਨੇ ਕਿਹਾ ਕਿ ਰਾਜ ਸਰਕਾਰ ਵੱਲੋਂ ਟਿਊਬਵੈੱਲਾਂ ਲਈ ਸੋਲਰ ਪੰਪ ਕਿਸਾਨਾਂ ਨੂੰ ਦੇਣ ਦਾ ਵੀ ਫੈਸਲਾ ਲਿਆ ਗਿਆ ਹੈ ਅਤੇ ਇਸ ਮੰਤਵ ਲਈ ਆਉਂਦੇ ਬਜਟ 'ਚ ਧਨ ਰਾਸ਼ੀ ਵੀ ਰੱਖੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਮਗਰਲੀ ਸਰਕਾਰ ਵੱਲੋਂ ਫਸਲ ਦੀ ਮੰਡੀਆਂ 'ਚੋਂ ਚੁਕਵਾਈ ਸਬੰਧੀ ਜੋ 31 ਹਜ਼ਾਰ ਕਰੋੜ ਦਾ ਕਰਜ਼ਾ ਲਿਆ ਗਿਆ ਹੈ, ਉਸ ਲਈ ਸਾਨੂੰ ਹਰ ਸਾਲ 3240 ਕਰੋੜ ਰੁਪਏ ਅਦਾ ਕਰਨੇ ਪੈਣਗੇ ਨਹੀਂ ਤਾਂ ਅਸੀਂ ਦੂਜੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਵੀ ਮੁਆਫ਼ ਕਰ ਸਕਦੇ ਸੀ। ਉਨ੍ਹਾਂ ਕਿਹਾ ਕਿ ਮੇਰੀ ਸਰਕਾਰ ਕੇਂਦਰ ਤੋਂ ਮੱਕੀ ਲਈ ਵੀ ਸਰਕਾਰੀ ਖਰੀਦ ਮੁੱਲ ਦੀ ਮੰਗ ਕਰੇਗੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਉਨ੍ਹਾਂ ਪਿੰਡਾਂ ਨੂੰ ਵਿਸ਼ੇਸ਼ ਵਿਕਾਸ ਫੰਡ ਦੇਵੇਗੀ ਜੋ ਪਰਾਲੀ ਨੂੰ ਸਾੜਨ 'ਤੇ ਰੋਕ ਲਗਾ ਸਕਣਗੇ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਖ਼ੁਦਕੁਸ਼ੀਆਂ ਸਬੰਧੀ ਉਹ ਵਿਧਾਨ ਸਭਾ ਦੇ ਸਪੀਕਰ ਨੂੰ 5 ਮੈਂਬਰੀ ਕਮੇਟੀ ਦੇ ਗਠਨ ਲਈ ਕਹਿਣਗੇ, ਤਾਂ ਜੋ ਇਸ ਮੁੱਦੇ 'ਤੇ ਵਿਚਾਰ ਹੋ ਸਕੇ ਕਿ ਭਵਿੱਖ ਵਿਚ ਖ਼ੁਦਕੁਸ਼ੀਆਂ ਨੂੰ ਰੋਕਿਆ ਜਾ ਸਕੇ। ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੂੰ ਮਹਿਤਾਬ ਸਿੰਘ ਜਾਂਚ ਕਮਿਸ਼ਨ ਬਣਾਉਣ ਦਾ ਫੈਸਲਾ ਇਸ ਲਈ ਲੈਣਾ ਪਿਆ ਕਿਉਂਕਿ ਮਗਰਲੇ ਸਮੇਂ ਦੌਰਾਨ ਉਨ੍ਹਾਂ ਦੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਖਿਲਾਫ਼ ਕੋਈ ਇਕ ਲੱਖ ਨਾਜਾਇਜ਼ ਕੇਸ ਦਰਜ ਕੀਤੇ ਗਏ। ਇਸ ਮੌਕੇ ਉਨ੍ਹਾਂ ਨੇ ਅਜਿਹੀਆਂ ਖ਼ਬਰਾਂ ਦਾ

(ਬਾਕੀ ਸਫਾ 3 ਤੇ)

A-1 INTERIOR DECORATION INC.
BEST PRICES IN THE BAY AREA
- KITCHEN CABINETS
- GRANITE COUNTERTOPS
- SINKS & FAUCETS
- HARDWOOD & LAMINATE FLOORS
- DOORS AND WINDOWS
- REMODLING & NEW CONSTRUCTION
FREE ESTIMATES

CELL 510 565-6667 OFFICE 510 732-1555 FAX 510 732-0555
Visit our showroom NOW!!!
3165 ARDEN ROAD, HAYWARD CA- 94545

Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM


Allstate. You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

AUTOBAHN Body & Paint


Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

COVERED CALIFORNIA
Punjab Insurance Brokers Inc. www.punjabinsurance.com
DBA in CA Punjab Financial & Insurance Services

MONEY BACK LIFE INSURANCE
MONEY BACK CRITICAL ILLNESS INSURANCE
MONEY BACK DISABILITY INSURANCE
DENTAL INSURANCE & VISITORS INSURANCE
Call: 1-888-978-6522
Inderjeet S Mann
CA Lic# 0I27763


See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ

TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

Century 21
M&M and Associates
Office (209) 249-6538, Fax (209) 624-5415
Cell (209) 470-6321
Avirdi@c21 mm.com, www.c21mm.com

Amrik Virdi
REALTOR
CalBRE# 01849986
Each Office is independently Owned and Operated
1246 W. Lathrop Road Manteca, CA 95336

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ

ਕੈਲੀਫੋਰਨੀਆ ਦਫਤਰ: 44790 S. Grimmer blvd. # 204 Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

# ਬਦਲ ਗਏ ਹਨ ਹੁਣ ਦਹਿਸ਼ਤਗ਼ਰਦੀ ਫੈਲਾਉਣ ਦੇ ਹਥਿਆਰ

ਜ਼ਾਹਿਦ ਹੁਸੈਨ

ਯੂਰੋਪ ਵਿੱਚ ਦਹਿਸ਼ਤੀ ਹਮਲੇ ਤੇਜ਼ ਕਰਦਿਆਂ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਆਈਸਿਲ ਜਾਂ ਆਈਸਿਸ) ਮਨੁੱਖੀ ਬੰਬਾਂ ਤੋਂ ਲੈ ਕੇ ਭੀੜ ਵਾਲੀਆਂ ਸੜਕਾਂ ਉੱਤੇ ਗੁਜ਼ਰ ਰਹੇ ਲੋਕਾਂ ਨੂੰ ਟਰੱਕਾਂ ਨਾਲ ਕੁਚਲਣ ਅਤੇ ਤਮਾਸ਼ਬੀਨਾਂ ਨੂੰ ਛੁਰੇ ਮਾਰਨ ਵਰਗੇ ਨਵੇਂ ਹਥਿਆਰ ਆਮ ਹੀ ਵਰਤਣ ਲੱਗ ਪਿਆ ਹੈ। ਤਿੰਨ ਮਹੀਨਿਆਂ ਤੋਂ ਘੱਟ ਸਮੇਂ ਵਿੱਚ ਇਕੱਲੇ ਬ੍ਰਿਟੇਨ ਨੇ ਹੀ ਤਿੰਨ ਹਮਲੇ ਝੱਲੇ ਹਨ ਜਿਨ੍ਹਾਂ ਨੇ ਦਰਜਨਾਂ ਜਾਨਾਂ ਲੈ ਲਈਆਂ। ਦਹਿਸ਼ਤ ਫੈਲਾਉਣ ਦੇ ਇਸ ਨਵੇਂ ਤੌਰ ਤਰੀਕੇ ਨੇ ਪੱਛਮੀ ਮੁਲਕਾਂ ਦੀਆਂ ਸੁਰੱਖਿਆ ਏਜੰਸੀਆਂ ਲਈ ਚੁਣੌਤੀ ਹੋਰ ਵੀ ਪੇਚੀਦਾ ਬਣਾ ਦਿੱਤੀ ਹੈ।

ਮੈਨਚੈਸਟਰ ਐਰਿਨਾ ਵਿੱਚ ਹੋਏ ਘਾਤਕ ਬੰਬ ਧਮਾਕੇ, ਜਿੱਥੇ ਅਮਰੀਕੀ ਪੌਪ ਗਾਇਕਾ ਏਰੀਏਨਾ ਗਰੈਂਡ ਪੇਸ਼ਕਾਰੀ ਕਰ ਰਹੀ ਸੀ, ਤੋਂ ਕੁਝ ਦਿਨਾਂ ਬਾਅਦ ਹੀ ਤਿੰਨ ਹਮਲਾਵਰਾਂ ਨੇ ਪਿਛਲੇ ਹਫ਼ਤੇ ਦੇ ਆਖ਼ਰੀ ਦਿਨ ਇਤਿਹਾਸਕ ਲੰਡਨ ਬਰਿੱਜ 'ਤੇ ਜਾ ਰਹੀ ਭੀੜ ਉੱਤੇ ਆਪਣੀ ਵੈਨ ਚੜ੍ਹਾ ਦਿੱਤੀ ਅਤੇ ਫਿਰ ਬਹੁਤ ਸਾਰੇ ਲੋਕਾਂ 'ਤੇ ਛੁਰੇਬਾਜ਼ੀ ਕੀਤੀ। ਇਨ੍ਹਾਂ ਦੋ ਘਟਨਾਵਾਂ ਵਿੱਚ ਦਰਜਨਾਂ ਲੋਕ ਮਾਰੇ ਗਏ ਅਤੇ ਜ਼ਖ਼ਮੀ ਹੋ ਗਏ। ਇੰਤਹਾਪਸੰਦ ਬਣੇ ਇਹ ਸਾਰੇ ਅਪਰਾਧੀ ਬ੍ਰਿਟਿਸ਼ ਨਾਗਰਿਕ ਹੀ ਸਨ ਜਿਨ੍ਹਾਂ ਦੇ ਪਰਿਵਾਰ ਵੱਖ ਵੱਖ ਇਸਲਾਮੀ ਮੁਲਕਾਂ ਨਾਲ ਸਬੰਧਿਤ ਹਨ। ਇਹ ਤੱਥ ਇਨ੍ਹਾਂ ਕਾਤਲਾਂ ਦੇ ਅੰਦਰ ਇੰਤਹਾਪਸੰਦੀ ਦੀ ਪੈਦਾਇਸ਼ ਤੇ ਵਿਕਾਸ ਸਬੰਧੀ ਸੁਆਲ ਵੀ ਖੜ੍ਹੇ ਕਰਦਾ ਹੈ। ਉਨ੍ਹਾਂ ਵਿੱਚੋਂ ਕੋਈ ਵੀ ਵਿਦੇਸ਼ਾਂ ਵਿਚਲੇ ਅਤਿਵਾਦੀ ਕੈਂਪਾਂ ਵਿੱਚ ਸਿਖਲਾਈਯਾਫ਼ਤਾ ਨਹੀਂ ਜਾਪਦਾ।

ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਨ੍ਹਾਂ ਤਿੰਨਾਂ ਹਮਲਿਆਂ ਦੀ ਜ਼ਿੰਮੇਵਾਰੀ 'ਇਸਲਾਮਿਕ ਸਟੇਟ' ਨੇ ਕਬੂਲੀ ਸੀ। ਉਂਜ, ਇਹ ਸਪੱਸ਼ਟ ਨਹੀਂ ਹੈ ਕਿ ਇਸ ਦਹਿਸ਼ਤੀ ਸੰਗਠਨ ਨਾਲ ਉਹ ਕਿਵੇਂ ਜੁੜੇ ਹੋਏ ਸਨ। ਹਾਂ, ਉਨ੍ਹਾਂ ਨੇ ਆਈਐੱਸ ਦੇ ਮਜ਼ਬੂਤ ਪ੍ਰਾਪੇਗੰਡੇ ਤੋਂ ਪ੍ਰਭਾਵਿਤ ਹੋ ਕੇ ਇਸ ਦੀ ਨਕਲ ਕਰਨ ਦੇ ਰੁਝਾਨ ਨੂੰ ਪ੍ਰਤੀਬਿੰਬਤ ਅਵੱਸ਼ ਕੀਤਾ। ਦਿਲਚਸਪ ਗੱਲ ਇਹ ਹੈ ਕਿ ਆਈਐੱਸ ਦੀ ਵੈੱਬਸਾਈਟ ਉੱਤੇ ਰਮਜ਼ਾਨ ਮਹੀਨੇ ਵਿੱਚ ਯੂਰੋਪ ਵਿੱਚ ਹਮਲੇ ਤੇਜ਼ ਕਰਨ ਸਬੰਧੀ ਇੱਕ ਪੋਸਟਰ ਦਿਖਾਈ ਦੇਣ ਮਗਰੋਂ ਹੀ ਇਨ੍ਹਾਂ ਦਹਿਸ਼ਤਗਰਦਾਂ ਨੇ ਹਮਲੇ ਕੀਤੇ। ਪੋਸਟਰ ਵਿੱਚ ਇੱਕ ਸਫ਼ੈਦ ਵੈਨ ਚੋਣਵੇਂ ਹਥਿਆਰ ਵਜੋਂ ਦਿਖਾਈ ਗਈ ਸੀ। ਦਹਿਸ਼ਤੀ ਹਮਲਿਆਂ ਵਿੱਚ ਸਭ ਤੋਂ ਵੱਡਾ ਇਜ਼ਾਫ਼ਾ ਉਦੋਂ ਹੋ ਰਿਹਾ ਹੈ ਜਦੋਂ ਇਸਲਾਮਿਕ ਸਟੇਟ ਨੂੰ ਇਰਾਕ ਅਤੇ ਸੀਰੀਆ ਵਿੱਚ ਇਸ ਦੇ ਕਬਜ਼ੇ ਹੇਠਲੇ ਖੇਤਰਾਂ ਵਿੱਚੋਂ ਖਦੇੜਿਆ ਜਾ ਰਿਹਾ ਹੈ।

ਉਂਜ, ਇਹ ਪਹਿਲੀ ਵਾਰ ਨਹੀਂ ਸੀ ਜਦੋਂ ਦਹਿਸ਼ਤਗਰਦਾਂ ਨੇ ਪੈਦਲ ਜਾ ਰਹੇ ਲੋਕਾਂ ਨੂੰ ਮਾਰਨ ਲਈ ਤੇਜ਼ ਰਫ਼ਤਾਰ ਵੈਨ ਦੀ ਵਰਤੋਂ ਕੀਤੀ ਹੋਵੇ। ਲੰਡਨ ਬਰਿੱਜ ਹਮਲੇ ਵਿੱਚ ਪਿਛਲੇ ਵਰ੍ਹੇ ਫਰਾਂਸ ਦੇ ਸ਼ਹਿਰ ਨੀਸ ਵਿੱਚ ਬੈਸਟੀਲ ਡੇਅ ਮਨਾ ਰਹੀ ਭੀੜ ਅਤੇ ਜਰਮਨੀ ਦੀ ਰਾਜਧਾਨੀ ਬਰਲਿਨ ਵਿੱਚ ਕ੍ਰਿਸਮਸ ਮਾਰਕੀਟ ਵਿੱਚ ਲੋਕਾਂ ਨੂੰ ਤੇਜ਼ ਰਫ਼ਤਾਰ ਵਾਹਨਾਂ ਨਾਲ ਕੁਚਲ ਕੇ ਕੀਤੇ ਗਏ ਖ਼ੂਨ ਖਰਾਬੇ ਨੂੰ ਦੁਹਰਾਇਆ ਗਿਆ ਹੈ। ਇਸ ਸਾਲ ਮਾਰਚ ਵਿੱਚ ਵੀ ਵੈਸਟਮਿੰਸਟਰ ਬਰਿੱਜ 'ਤੇ ਅਜਿਹਾ ਹੀ ਹਮਲਾ ਹੋਇਆ ਸੀ ਜਦੋਂ ਇੱਕ ਅਧਖੜ੍ਹ ਵਿਅਕਤੀ ਨੇ ਭੀੜ ਉੱਤੇ ਆਪਣੀ ਕਾਰ ਚੜ੍ਹਾ ਦਿੱਤੀ ਸੀ ਅਤੇ ਫਿਰ ਇੱਕ ਪੁਲੀਸ ਅਧਿਕਾਰੀ ਉੱਤੇ ਛੁਰੇ ਨਾਲ ਹਮਲਾ ਕਰ ਦਿੱਤਾ ਸੀ। ਇਸਲਾਮਿਕ ਸਟੇਟ ਦੇ ਇਸ ਨਵੇਂ ਚੋਣਵੇਂ ਹਥਿਆਰ ਲਈ ਘੱਟੋ-ਘੱਟ ਸਰੋਤ ਜਾਂ ਮੁਹਾਰਤ ਲੋੜੀਂਦੀ ਹੈ। ਇਸ ਦੇ ਨਾਲ ਹੀ ਇਸ ਹਮਲੇ ਨਾਲ ਆਤਮਘਾਤੀ ਬੰਬ ਹਮਲੇ ਜਿੰਨਾ ਹੀ ਜਾਂ ਇਸ ਤੋਂ ਵੀ ਜ਼ਿਆਦਾ ਧੱਕਾ ਅਤੇ ਹੈਰਾਨਗੀ ਦੇ ਤੱਤ ਜੁੜੇ ਹੁੰਦੇ ਹਨ। ਪੱਛਮੀ ਦੇਸ਼ਾਂ ਦੀਆਂ ਸੁਰੱਖਿਆ ਏਜੰਸੀਆਂ ਲਈ ਸਭ ਤੋਂ ਵੱਧ ਫ਼ਿਕਰਮੰਦੀ ਵਾਲੀ ਗੱਲ ਇਹ ਹੈ ਕਿ ਤਬਾਹਕੁੰਨ ਪ੍ਰਭਾਵ ਵਾਲੇ ਅਜਿਹੇ ਹਮਲੇ ਲਈ ਇੱਕ ਜਾਂ ਕੁਝ ਗ਼ਰਮਖ਼ਿਆਲੀ ਵਿਅਕਤੀਆਂ ਦੀ ਹੀ ਜ਼ਰੂਰਤ ਪੈਂਦੀ ਹੈ। ਪਿਛਲੇ ਹਫ਼ਤੇ ਦੀ ਲੰਡਨ ਬਰਿੱਜ ਘਟਨਾ ਵੀ ਇਸ ਦੀ ਤਸਦੀਕ ਕਰਦੀ ਹੈ। ਜਿੰਨਾ ਚਿਰ ਹਮਲਾਵਰ ਹਮਲਾ ਨਹੀਂ ਕਰਦਾ ਜਾਂ ਕਰਦੀ, ਸੁਰੱਖਿਆ ਏਜੰਸੀਆਂ ਲਈ ਉਸ ਦੀ ਪਛਾਣ ਕਰਨੀ ਲਗਪਗ ਅਸੰਭਵ ਹੈ। ਭਾਵੇਂ ਹਾਲੀਆ ਮਾਮਲਿਆਂ ਦੇ ਕੁਝ ਹਮਲਵਾਰ ਬ੍ਰਿਟਿਸ਼ ਸੁਰੱਖਿਆ ਸੇਵਾਵਾਂ ਦੀ ਨਜ਼ਰ ਵਿੱਚ ਆ ਚੁੱਕੇ ਸਨ, ਪਰ ਇਹ ਪਤਾ ਲਾਉਣਾ ਮੁਸ਼ਕਿਲ ਹੈ ਕਿ ਉਨ੍ਹਾਂ ਦੇ ਮਨ ਵਿੱਚ ਕੀ ਚੱਲ ਰਿਹਾ ਹੈ।

ਬ੍ਰਿਟੇਨ ਲਈ ਯਕੀਨਨ ਇਹ ਡਰਾਉਣੇ ਸੁਪਨੇ ਵਾਂਗ ਹੈ ਜਿੱਥੇ 3,000 ਤੋਂ ਵਧੇਰੇ ਲੋਕ ਗ਼ਰਮਖ਼ਿਆਲੀ ਵਿਚਾਰਧਾਰਾ ਰੱਖਣ ਦੇ ਸ਼ੱਕ ਕਾਰਨ ਨਿਗਰਾਨੀ ਹੇਠ ਹਨ। ਮੈਨਚੈਸਟਰ ਹਮਲੇ ਦੇ ਮਾਮਲੇ ਵਿੱਚ ਮਨੁੱਖੀ ਬੰਬ ਦੇ ਇੱਕ ਅਤਿਵਾਦੀ ਸੰਗਠਨ ਨਾਲ ਸਿੱਧੇ ਸਬੰਧਾਂ ਦੇ ਸਬੂਤ ਹਨ। 22 ਸਾਲਾ ਸਲਮਾਨ ਆਬਦੀ, ਜਿਸ ਦਾ ਪਰਿਵਾਰ ਲਿਬੀਅਨ ਮੂਲ ਦਾ ਹੈ, ਆਪਣੀ ਮਾਤਭੂਮੀ ਦੇ ਇੱਕ ਦੌਰੇ ਸਮੇਂ ਇਸ ਸੰਗਠਨ ਦੇ ਸੰਪਰਕ ਵਿੱਚ ਆਇਆ। ਦੂਜੇ ਪਾਸੇ ਲੰਡਨ ਬਰਿੱਜ ਦੇ ਹਮਲਾਵਰਾਂ ਨੂੰ ਮੱਧ ਪੂਰਬ ਵਿੱਚ ਸਰਗਰਮ ਅਤਿਵਾਦੀ ਸੰਗਠਨਾਂ ਵੱਲੋਂ ਕਿਸੇ ਕਿਸਮ ਦੇ ਸੰਗਠਨਾਤਮਕ ਮਾਨਤਾ ਬਾਰੇ ਹਾਲੇ ਕੋਈ ਸਬੂਤ ਨਹੀਂ ਹੈ, ਭਾਵੇਂ ਉਨ੍ਹਾਂ ਵਿੱਚੋਂ ਘੱਟੋ ਘੱਟ ਇੱਕ ਵਿਅਕਤੀ ਖੁਰੱਮ ਬੱਟ ਦੇ ਗਰਮਖ਼ਿਆਲੀ ਵਿਚਾਰਾਂ ਬਾਰੇ ਖ਼ਬਰ ਸੀ। ਦੋ ਛੋਟੇ ਬੱਚਿਆਂ ਦੇ ਪਿਤਾ ਅਤੇ ਫੁਟਬਾਲ ਦੇ ਪ੍ਰਸ਼ੰਸਕ ਤੋਂ ਕਈ ਲੋਕਾਂ ਦਾ ਕਾਤਲ ਬਣਨ ਤਕ ਬੱਟ ਦਾ ਸਫ਼ਰ ਹੁਣ ਉਚੇਚੀ ਜਾਂਚ ਦਾ ਵਿਸ਼ਾ ਹੈ।

**ਬ੍ਰਿਟੇਨ ਲਈ ਯਕੀਨਨ ਇਹ ਡਰਾਉਣੇ ਸੁਪਨੇ ਵਾਂਗ ਹੈ ਜਿੱਥੇ 3,000 ਤੋਂ ਵਧੇਰੇ ਲੋਕ ਗ਼ਰਮਖ਼ਿਆਲੀ ਵਿਚਾਰਧਾਰਾ ਰੱਖਣ ਦੇ ਸ਼ੱਕ ਕਾਰਨ ਨਿਗਰਾਨੀ ਹੇਠ ਹਨ। ਮੈਨਚੈਸਟਰ ਹਮਲੇ ਦੇ ਮਾਮਲੇ ਵਿੱਚ ਮਨੁੱਖੀ ਬੰਬ ਦੇ ਇੱਕ ਅਤਿਵਾਦੀ ਸੰਗਠਨ ਨਾਲ ਸਿੱਧੇ ਸਬੰਧਾਂ ਦੇ ਸਬੂਤ ਹਨ।**



ਜੇਹਲਮ ਸ਼ਹਿਰ ਦੇ ਰਹਿਣ ਵਾਲੇ ਮਾਪਿਆਂ ਦੇ ਪੁੱਤਰ ਬੱਟ ਦਾ ਜਨਮ ਪਾਕਿਸਤਾਨ ਵਿੱਚ ਹੋਇਆ, ਪਰ ਉਸ ਦਾ ਪਾਲਣ ਪੋਸ਼ਣ ਬ੍ਰਿਟੇਨ ਵਿੱਚ ਹੋਇਆ। ਉਸ ਦੇ ਗੁਆਂਢੀਆਂ ਨੇ ਉਸ ਦਾ ਆਰਸੇਨਲ ਫੁੱਟਬਾਲ ਕਲੱਬ ਦੇ ਇੱਕ ਸਮਰੱਥਕ ਦੇ ਰੂਪ ਵਿੱਚ ਵਰਣਨ ਕੀਤਾ ਸੀ ਜਿਸਦੀ ਕਮੀਜ਼ ਉਸ ਨੇ ਹਮਲੇ ਦੌਰਾਨ ਪਹਿਨੀ ਹੋਈ ਸੀ। ਪਿਛਲੇ ਮਹੀਨੇ ਉਸ ਨੂੰ ਲੋਕਾਂ ਨੂੰ ਆਮ ਚੋਣਾਂ ਵਿੱਚ ਹਿੱਸਾ ਨਾ ਲੈਣ ਦੀ ਬੇਨਤੀ ਕਰਦੇ ਹੋਏ ਦੇਖਿਆ ਗਿਆ ਸੀ। ਪਰ ਕਿਸੇ ਨੂੰ ਵੀ ਉਸ 'ਤੇ ਸ਼ੱਕ ਨਹੀਂ ਹੋਇਆ ਕਿ ਉਸ ਨੇ ਸਮੂਹਿਕ ਹੱਤਿਆਵਾਂ ਕਰਨ ਦੀ ਯੋਜਨਾ ਬਣਾਈ ਹੋਈ ਹੈ। ਮੋਰਾਕੋ ਨਾਲ ਸਬੰਧਿਤ ਦੂਜੇ ਹਮਲਾਵਰ ਦਾ ਇੰਤਹਾਪਸੰਦਾਂ ਨਾਲ ਸਬੰਧਾਂ ਦਾ ਕੋਈ ਇਤਿਹਾਸ ਨਹੀਂ ਹੈ। ਇਹ ਸ਼ੱਕ ਕੀਤਾ ਜਾ ਰਿਹਾ ਹੈ ਕਿ ਉਹ ਇੰਟਰਨੈੱਟ ਰਾਹੀਂ ਆਈਐੱਸ ਦੇ ਪ੍ਰਭਾਵ ਵਿੱਚ ਆਇਆ। ਦਰਅਸਲ, ਇੰਟਰਨੈੱਟ ਵਿਸ਼ਵ ਦੇ ਜਹਾਦੀ ਗਰੁੱਪਾਂ ਵਿੱਚ ਨਵੀਂ ਭਰਤੀ ਦਾ ਸਭ ਤੋਂ ਸ਼ਕਤੀਸ਼ਾਲੀ ਸਾਧਨ ਬਣ ਗਿਆ ਹੈ। ਆਈਐੱਸ ਵੈੱਬਸਾਈਟ 'ਤੇ ਪੋਸਟਰ ਵੀ ਅਜਿਹਾ ਹੈ ਜੋ ਇੰਤਹਾਪਸੰਦਾਂ ਦੇ ਮਨਾਂ ਨੂੰ ਦਹਿਸ਼ਤੀ ਗਤੀਵਿਧੀਆਂ ਕਰਨ ਲਈ ਪ੍ਰੇਰਦਾ ਹੈ।

ਪਰ ਇਹ ਤੱਤ ਇੰਟਰਨੈੱਟ ਪ੍ਰਾਪੇਗੰਡਾ ਤੋਂ ਕਿਤੇ ਵੱਧ ਸ਼ਕਤੀਸ਼ਾਲੀ ਹੈ ਜੋ ਬ੍ਰਿਟੇਨ ਅਤੇ ਹੋਰ ਯੂਰੋਪੀਅਨ ਦੇਸ਼ਾਂ ਦੇ ਮੁਸਲਿਮ ਨੌਜਵਾਨਾਂ ਦੀ ਇੰਤਹਾਪਸੰਦੀ ਦੀ ਦਿਸ਼ਾ ਨੂੰ ਸਪੱਸ਼ਟ ਕਰਦਾ ਹੈ। ਉਹ ਆਈਐੱਸ ਦਹਿਸ਼ਤ ਦੀ ਨਵੀਂ ਲਹਿਰ ਤੋਂ ਪ੍ਰਭਾਵਿਤ ਹੋਏ ਹਨ। ਅਸਲ ਵਿੱਚ ਇੰਟਰਨੈੱਟ ਆਈਐੱਸ ਵਰਗੇ ਬਰਾਂਡ ਦੀ ਜਾਣਕਾਰੀ ਅਤੇ ਨਿਰਮਾਣ ਸੰਗਠਨ ਨੂੰ ਪ੍ਰਸਾਰਿਤ ਕਰਨ ਦੇ ਮਾਮਲੇ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਪਰ ਕੁਝ ਮਾਮਲਿਆਂ ਵਿੱਚ ਨੌਜਵਾਨ ਮੁਸਲਮਾਨਾਂ ਨੂੰ ਜਹਾਦੀ ਗਤੀਵਿਧੀਆਂ ਕਰਨ ਲਈ ਦੁਨੀਆਂ ਵਿੱਚ ਵਿਚਰਦੇ ਸੰਗਠਨਾਂ ਵੱਲੋਂ ਲੁਭਾਇਆ ਜਾਂਦਾ ਹੈ। ਸ਼ਾਇਦ ਸਭ ਤੋਂ ਗੰਭੀਰ ਖ਼ਤਰਾ ਸੀਰੀਆ ਦੇ ਜੰਗੀ ਅਖਾੜੇ ਤੋਂ ਯੂਰੋਪ ਵਾਪਸ ਆਉਣ ਵਾਲੇ ਜਹਾਦੀਆਂ ਤੋਂ ਪੈਦਾ ਹੁੰਦਾ ਹੈ। ਪਿਛਲੇ ਪੰਜ ਸਾਲਾਂ ਦੌਰਾਨ 3,000 ਨੌਜਵਾਨ ਮੁਸਲਮਾਨ ਰੰਗਰੂਟ, ਇਸਲਾਮਿਕ ਸਟੇਟ ਲਈ ਲੜਾਈ ਖਾਤਿਰ ਇਰਾਕ ਅਤੇ ਸੀਰੀਆ ਗਏ ਸਨ। ਇਨ੍ਹਾਂ ਵਿੱਚੋਂ ਬਹੁਤੇ ਹੁਣ ਘਰ ਵਾਪਸ ਆ ਰਹੇ ਹਨ ਕਿਉਂਕਿ ਜਿਹੜੇ ਖੇਤਰਾਂ 'ਤੇ ਉਨ੍ਹਾਂ ਦਾ ਕਬਜ਼ਾ ਸੀ, ਉਨ੍ਹਾਂ ਤੋਂ ਉਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ। ਇਹ ਤੱਥ ਬ੍ਰਿਟੇਨ ਸਮੇਤ ਯੂਰੋਪੀਅਨ ਦੇਸ਼ਾਂ ਲਈ ਗੰਭੀਰ ਖ਼ਤਰਾ ਪੈਦਾ ਕਰਦਾ ਹੈ। ਮਜ਼ਬੂਤ ਖ਼ੁਫ਼ੀਆ ਤੰਤਰ ਦੇ ਬਾਵਜੂਦ ਜਹਾਦੀ ਸਰਗਰਮੀਆਂ ਨੂੰ ਠੱਲ੍ਹ ਪਾਉਣ ਲਈ ਇਨ੍ਹਾਂ ਦੇਸ਼ਾਂ ਲਈ ਹਰ ਵਾਪਸ ਆਉਣ ਵਾਲੇ ਵਿਅਕਤੀ ਅਤੇ ਸ਼ੱਕੀ ਇੰਤਹਾਪਸੰਦ ਮੁਸਲਮਾਨਾਂ 'ਤੇ ਨਜ਼ਰ ਰੱਖਣੀ ਮੁਸ਼ਕਿਲ ਹੈ।

ਸਾਬਕਾ ਐੱਫਬੀਆਈ ਏਜੰਟ ਅਲੀ ਸੂਫਨ ਦੇ ਸ਼ਬਦਾਂ ਵਿੱਚ "ਆਈਐੱਸ ਦੇ ਦਹਿਸ਼ਤ ਦਾ ਕੈਂਸਰ ਰੋਗ ਮੱਧ ਪੂਰਬ ਤੇ ਉੱਤਰੀ ਅਫ਼ਰੀਕਾ ਅਤੇ ਉਨ੍ਹਾਂ ਤੋਂ ਵੀ ਅੱਗੇ ਹੋਰ ਥਾਈਂ ਫੈਲ ਗਿਆ ਹੈ। ਜਿੱਥੇ ਜਿੱਥੇ ਇਹ ਫੈਲ ਰਿਹਾ ਹੈ, ਉੱਥੇ ਉੱਥੇ ਇਸ ਦੇ ਜੀਵਾਣੂੰ ਵੱਧ ਜ਼ਹਿਰੀਲੇ, ਵੱਧ ਵਿਨਾਸ਼ਕ ਹੁੰਦੇ ਜਾ ਰਹੇ ਹਨ।" ਆਪਣੀ ਹਾਲੀਆ ਆਈ ਕਿਤਾਬ 'ਅਨਾਟਮੀ ਆਫ ਟੈਰਰ' ਵਿੱਚ ਐੱਫਬੀਆਈ ਦੇ ਇਸ ਸਾਬਕਾ ਵਿਸ਼ੇਸ਼ ਏਜੰਟ ਨੇ ਆਈਐੱਸ ਦੀ ਤੁਲਨਾ ਯੂਨਾਨੀ ਪੌਰਾਣਿਕ ਕਥਾਵਾਂ ਨਾਲ ਕੀਤੀ ਹੈ: ਇੱਕ ਸਿਰ ਕੱਟੋ ਅਤੇ ਦੋ ਹੋਰ ਜਲਦੀ ਹੀ ਪੈਦਾ ਹੋ ਜਾਂਦੇ ਹਨ।

ਇਹ ਸਪੱਸ਼ਟ ਹੈ ਕਿ ਇਰਾਕ ਅਤੇ ਸੀਰੀਆ ਵਿੱਚ ਇਸਲਾਮਿਕ ਸਟੇਟ ਦੀ ਹਾਰ ਨਾਲ ਆਲਮੀ ਦਹਿਸ਼ਤਗਰਦੀ ਦਾ ਅੰਤ ਨਹੀਂ ਹੋਵੇਗਾ। ਅਸਲ ਵਿੱਚ ਦੁਨੀਆਂ ਦੇ ਵਿਭਿੰਨ ਹਿੱਸਿਆਂ ਵਿੱਚ ਤੀਬਰ ਜਹਾਦੀ-ਪ੍ਰੇਰਿਤ ਹਮਲਿਆਂ ਦਾ ਖ਼ਤਰਾ ਹੈ ਕਿਉਂਕਿ ਮੱਧ ਪੂਰਬ ਵਿੱਚ ਲਗਾਤਾਰ ਖ਼ਾਨਾਜੰਗੀ ਕਾਰਨ ਵੱਡੀ ਸੰਖਿਆ ਵਿੱਚ ਇਨਸਾਨਾਂ ਦੀਆਂ ਜਾਨਾਂ ਜਾ ਰਹੀਆਂ ਹਨ ਜੋ ਬਦਲੇ ਦੀ ਭਾਵਨਾ ਪ੍ਰਬਲ ਕਰ ਰਹੀਆਂ ਹਨ। ਪੱਛਮੀ ਦੇਸ਼ਾਂ ਵੱਲੋਂ ਇਸਲਾਮ ਪ੍ਰਤੀ ਡਰ ਨੂੰ ਪ੍ਰੋਤਸਾਹਨ ਦੇਣ ਵਾਲੀਆਂ ਛੋਟੀਆਂ ਛੋਟੀਆਂ ਨੀਤੀਆਂ ਨਾਲ ਦਹਿਸ਼ਤਗਰਦੀ ਦੇ ਖ਼ਤਰੇ ਨੂੰ ਰੋਕਣ ਵਿੱਚ ਮਦਦ ਮਿਲਣ ਦੀ ਸੰਭਾਵਨਾ ਨਹੀਂ ਹੈ।

# ਸ਼ੰਘਾਈ ਸਹਿਯੋਗ ਸੰਗਠਨ ਦੀ ਮੈਂਬਰੀ ਕਿੰਨੀ ਕੁ ਮਹੱਤਵਪੂਰਨ?

ਜੀ.ਐੱਸ. ਗੁਰਦਿੱਤ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 8 ਅਤੇ 9 ਜੂਨ ਦੀ ਕਜ਼ਾਖ਼ਸਤਾਨ ਯਾਤਰਾ ਨੂੰ ਭਾਵੇਂ ਪੰਜਾਬੀ ਮੀਡੀਆ ਵਿੱਚ ਬਹੁਤਾ ਮਹੱਤਵ ਨਹੀਂ ਦਿੱਤਾ ਗਿਆ, ਪਰ ਦੇਸ਼ ਦੇ ਆਰਥਿਕ ਅਤੇ ਰਣਨੀਤਕ ਪੱਖ ਤੋਂ ਇਹ ਯਾਤਰਾ ਬਹੁਤ ਮਹੱਤਵਪੂਰਨ ਸੀ। ਅੱਜ ਦੇ ਊਰਜਾ-ਕੇਂਦਰਿਤ ਅਰਥਚਾਰੇ ਵਿੱਚ ਯੂਰੇਨੀਅਮ, ਤੇਲ ਅਤੇ ਗੈਸ ਭੰਡਾਰਾਂ ਨਾਲ ਭਰਪੂਰ ਦੇਸ਼ ਨਾਲ ਵਪਾਰਕ ਸਬੰਧ ਕਾਇਮ ਕਰਕੇ ਰੱਖਣੇ ਬਹੁਤ ਜ਼ਰੂਰੀ ਹੋ ਗਏ ਹਨ। ਰਣਨੀਤਕ ਤੇ ਕੂਟਨੀਤਕ ਪੱਖੋਂ ਵੀ ਭਾਰਤ ਨੂੰ ਕਜ਼ਾਖ਼ਸਤਾਨ ਦੀ ਬਹੁਤ ਲੋੜ ਹੈ। ਜੇਕਰ ਭਾਰਤ ਕੇਂਦਰੀ ਏਸ਼ੀਆ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨੀ ਚਾਹੁੰਦਾ ਹੈ ਤਾਂ ਕਜ਼ਾਖ਼ਸਤਾਨ ਇੱਕ ਕੁਦਰਤੀ ਸਾਥੀ ਹੈ। ਉਂਜ ਵੀ, ਕਜ਼ਾਖ਼ਸਤਾਨ ਦੀ ਰਾਜਧਾਨੀ ਅਸਤਾਨਾ ਵਿੱਚ ਹੋਇਆ ਸ਼ੰਘਾਈ ਸਹਿਯੋਗ ਸੰਗਠਨ (ਐੱਸਸੀਓ) ਦਾ 17ਵਾਂ ਸਿਖਰ ਸੰਮੇਲਨ ਵੀ ਬਹੁਤ ਸਾਰੇ ਪੱਖਾਂ ਤੋਂ ਮਹੱਤਵਪੂਰਨ ਸੀ। ਇਸ ਸੰਗਠਨ ਵਿੱਚ ਹੁਣ ਭਾਰਤ ਅਤੇ ਪਾਕਿਸਤਾਨ ਦੋਹਾਂ ਦਾ ਹੀ ਪੱਕਾ ਦਾਖ਼ਲਾ ਹੋ ਗਿਆ ਹੈ। ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨਾਲ ਇੱਕ ਰਸਮੀ ਜਿਹੀ ਮੁਲਾਕਾਤ ਵੀ ਹੋਈ ਜੋ ਬਹੁਤ ਲੰਬੇ ਸਮੇਂ ਬਾਅਦ ਸੰਭਵ ਹੋ ਸਕੀ। ਦੋਹਾਂ ਵਿੱਚ ਇਸ ਤੋਂ ਪਹਿਲੀ ਮੁਲਾਕਾਤ ਡੇਢ ਸਾਲ ਪਹਿਲਾਂ ਦਸੰਬਰ 2015 ਵਿੱਚ ਹੋਈ ਸੀ ਜਦੋਂ ਨਰਿੰਦਰ ਮੋਦੀ ਬਿਨਾਂ ਦੱਸੇ ਹੀ ਨਵਾਜ਼ ਸ਼ਰੀਫ਼ ਦੇ ਪਰਿਵਾਰ ਦੇ ਇੱਕ ਵਿਆਹ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਅਚਨਚੇਤੀ ਲਾਹੌਰ ਪਹੁੰਚ ਗਏ ਸਨ। ਉਦੋਂ ਤੋਂ ਲੈ ਕੇ ਹੁਣ ਤਕ ਭਾਰਤ-ਪਾਕਿ ਰਿਸ਼ਤਿਆਂ ਵਿੱਚ ਵਿਗਾੜ ਹੀ ਪੈਂਦਾ ਰਿਹਾ ਹੈ। ਭਾਵੇਂ ਇਸ ਦਾ ਕਾਰਨ ਪਠਾਨਕੋਟ ਹਮਲਾ ਹੋਵੇ ਜਾਂ ਕਸ਼ਮੀਰ ਵਿੱਚ ਪਾਕਿਸਤਾਨੀ ਦਖ਼ਲ ਹੋਵੇ। ਦੋਹਾਂ ਦੇਸ਼ਾਂ ਦੇ ਸਬੰਧ ਕਈ ਵਾਰ ਜੰਗ ਦੇ ਨੇੜੇ-ਤੇੜੇ ਪੁੱਜਦੇ ਵੀ ਦਿਖਾਈ ਦੇਣ ਲੱਗ ਪੈਂਦੇ ਹਨ।

1990ਵਿਆਂ ਦੌਰਾਨ ਜਦੋਂ ਸੋਵੀਅਤ ਯੂਨੀਅਨ 15 ਹਿੱਸਿਆਂ ਵਿੱਚ ਟੁੱਟ ਗਿਆ ਸੀ ਤਾਂ ਉਨ੍ਹਾਂ 15 ਹਿੱਸਿਆਂ ਵਿੱਚੋਂ ਸਭ ਤੋਂ ਵੱਡਾ ਹਿੱਸਾ ਰੂਸ ਅਤੇ ਦੂਜਾ ਕਜ਼ਾਖ਼ਸਤਾਨ ਸਨ। ਭਾਵੇਂ ਕਿ ਕਮਿਊਨਿਸਟ ਧਾਰਾ ਤੋਂ ਅਲੱਗ ਹੋਏ ਇਹ ਦੇਸ਼ ਆਲਮੀ ਮੰਚ ਉੱਤੇ ਬਹੁਤਾ ਪ੍ਰਭਾਵ ਨਹੀਂ ਪਾ ਸਕੇ, ਫਿਰ ਵੀ ਕੁਦਰਤੀ ਖਣਿਜਾਂ ਤੇ ਤੇਲ ਦੇ ਆਪਣੇ ਵਿਸ਼ਾਲ ਭੰਡਾਰਾਂ ਦੀ ਬਦੌਲਤ, ਕਜ਼ਾਖ਼ਸਤਾਨ ਵਰਗੇ ਦੇਸ਼ ਪੂਰੀ ਦੁਨੀਆਂ ਦੀਆਂ ਵੱਡੀਆਂ ਤਾਕਤਾਂ ਦੀ ਨਜ਼ਰ ਵਿੱਚ ਖ਼ਾਸ ਮਹੱਤਵ ਰੱਖਦੇ ਹਨ। ਜੇਕਰ ਭਾਰਤ ਦੁਨੀਆਂ ਦਾ ਸੱਤਵਾਂ ਵੱਡਾ ਮੁਲਕ ਹੈ ਤਾਂ ਕਜ਼ਾਖ਼ਸਤਾਨ ਦਾ ਇਸ ਮਾਮਲੇ ਵਿੱਚ ਨੌਂਵਾਂ ਸਥਾਨ ਹੈ। ਦੁਨੀਆਂ ਦਾ ਸਭ ਤੋਂ ਵੱਡਾ ਲੈਂਡ-ਲਾਕਡ (ਸਮੁੰਦਰ-ਰਹਿਤ) ਦੇਸ਼ ਵੀ ਉਹੀ ਹੈ। ਸਮੁੰਦਰ ਦੇ ਨਾਂ ਉੱਤੇ ਉਸ ਕੋਲ ਕੈਸਪੀਅਨ ਸਾਗਰ ਵਰਗੀ ਸਮੁੰਦਰਨੁਮਾ ਝੀਲ ਹੀ ਹੈ ਜਿਹੜੀ ਉਸਦੀ ਹੱਦ ਨਾਲ ਲੱਗਦੀ ਹੈ। ਇਹ ਝੀਲ ਵੀ ਹੁਣ ਆਲਮੀ ਤਪਸ਼ ਤੇ ਪ੍ਰਦੂਸ਼ਣ ਕਾਰਨ ਸੁੰਗੜਦੀ ਜਾ ਰਹੀ ਹੈ। ਮੁਸਲਿਮ ਬਹੁਗਿਣਤੀ ਦੇਸ਼ ਹੋਣ ਦੇ ਬਾਵਜੂਦ ਕਜ਼ਾਖ਼ਸਤਾਨ ਖੁੱਲ੍ਹ-ਦਿਲੇ ਸੱਭਿਆਚਾਰ ਵਾਲਾ ਮੁਲਕ ਹੈ। ਉੱਥੋਂ ਦੇ ਵਿਦਿਆਰਥੀ ਭਾਰਤ ਆ ਕੇ ਪੜ੍ਹਨਾ ਚਾਹੁੰਦੇ ਹਨ ਅਤੇ ਭਾਰਤੀ ਫ਼ਿਲਮਾਂ ਵੀ ਉਸ ਦੇਸ਼ ਵਿੱਚ ਬਹੁਤ ਸ਼ੌਕ ਨਾਲ ਵੇਖੀਆਂ ਜਾਂਦੀਆਂ ਹਨ। 26 ਜਨਵਰੀ 2009 ਨੂੰ ਭਾਰਤ ਦੇ ਗਣਤੰਤਰ ਦਿਵਸ ਸਮਾਗਮਾਂ ਵਿੱਚ ਕਜ਼ਾਖ਼ ਰਾਸ਼ਟਰਪਤੀ ਨੂਰ ਸੁਲਤਾਨ ਨਜ਼ਰਬਾਇਯੇਵ ਹਿੱਸਾ ਲੈ ਚੁੱਕੇ ਹਨ। ਮੱਧ ਏਸ਼ੀਆ ਵਿੱਚ ਕਜ਼ਾਖ਼ਸਤਾਨ, ਭਾਰਤ ਦਾ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਹੈ। ਕੈਸਪੀਅਨ ਸਾਗਰ ਵਿੱਚ ਭਾਰਤ ਦੀ ਸਰਕਾਰੀ ਖੇਤਰ ਦੀ ਤੇਲ ਕੰਪਨੀ ਓਐੱਨਜੀਸੀ ਅਤੇ ਕਜ਼ਾਖ਼ਸਤਾਨ ਦੀ ਰਾਸ਼ਟਰੀ ਤੇਲ ਕੰਪਨੀ ਕਾਜ਼ਮੁਨਾਈ ਗੈਸ ਇਕੱਠੀਆਂ ਕੰਮ ਕਰ ਰਹੀਆਂ ਹਨ। ਪਰਮਾਣੂ ਸਪਲਾਈਕਰਤਾ ਸਮੂਹ (ਐੱਨਐੱਸਜੀ) ਦਾ ਵੀ ਉਹ ਇੱਕ ਮਹੱਤਵਪੂਰਨ ਮੈਂਬਰ ਹੈ ਅਤੇ ਉਸ ਸਮੂਹ ਵਿੱਚ ਭਾਰਤ ਦੇ ਦਾਖਲੇ ਦਾ ਹਮਾਇਤੀ ਵੀ ਬਣ ਸਕਦਾ ਹੈ। ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਵਿੱਚ ਭਾਰਤ ਦੀ ਮੈਂਬਰੀ ਦਾ ਵੀ ਉਹ ਪੱਕਾ ਸਮਰਥਕ ਹੈ। ਕਸ਼ਮੀਰ ਮੁੱਦੇ ਉੱਤੇ ਵੀ ਭਾਰਤ ਨੂੰ ਉਸ ਦਾ ਸਮਰਥਨ ਮਿਲ ਸਕਦਾ ਹੈ। ਭਾਰਤ ਨਾਲ ਰਿਸ਼ਤੇ ਮਜ਼ਬੂਤ ਕਰਕੇ ਉਹ ਰੂਸ ਅਤੇ ਚੀਨ ਉੱਤੇ ਆਪਣੀ ਨਿਰਭਰਤਾ ਵੀ ਘਟਾਉਣੀ ਚਾਹੁੰਦਾ ਹੈ।



ਸ਼ੰਘਾਈ ਸਹਿਯੋਗ ਸੰਗਠਨ (ਐੱਸਸੀਓ) ਵਿੱਚ ਭਾਰਤ ਦੀ ਮੈਂਬਰੀ ਵੀ ਆਪਣੇ ਆਪ ਵਿੱਚ ਇੱਕ ਵੱਡੀ ਖ਼ਬਰ ਹੈ। ਇਹ ਛੇ ਦੇਸ਼ਾਂ (ਰੂਸ, ਚੀਨ, ਕਜ਼ਾਖ਼ਸਤਾਨ, ਉਜ਼ਬੇਕਿਸਤਾਨ, ਕਿਰਗਿਸਤਾਨ, ਤਾਜਿਕਸਤਾਨ) ਦਾ ਇੱਕ ਰਾਜਨੀਤਕ, ਆਰਥਿਕ, ਰਣਨੀਤਕ ਅਤੇ ਫ਼ੌਜੀ ਸੰਗਠਨ ਹੈ ਜਿਸ ਵਿੱਚ ਭਾਰਤ ਅਤੇ ਪਾਕਿਸਤਾਨ ਦੋਹਾਂ ਨੂੰ ਹੀ ਹੁਣ ਤਕ ਦਰਸ਼ਕ (ਆਬਜ਼ਰਵਰ) ਦਾ ਦਰਜਾ ਹਾਸਲ ਸੀ। ਪਰ ਹੁਣ ਦੋਵੇਂ ਹੀ ਇਸਦੇ ਪੱਕੇ ਮੈਂਬਰ ਬਣ ਗਏ ਹਨ। ਛੇ ਸਾਲ ਪਹਿਲਾਂ 2011 ਵਿੱਚ ਇਸਦੇ 11ਵੇਂ ਸਿਖਰ ਸੰਮੇਲਨ ਵਿੱਚ ਇਹ ਮੈਂਬਰਸ਼ਿਪ ਮਿਲਦੀ-ਮਿਲਦੀ ਰਹਿ ਗਈ ਸੀ। ਪਰ ਉਦੋਂ ਅਤੇ ਅੱਜ ਵਾਲੇ ਹਾਲਾਤ ਵਿੱਚ ਕੋਈ ਬਹੁਤਾ ਅੰਤਰ ਨਹੀਂ ਹੈ। ਉਦੋਂ ਵੀ ਚੀਨ ਦਾ ਤਰਕ ਇਹੀ ਸੀ ਕਿ ਦੋ ਗੁਆਂਢੀ ਪਰਮਾਣੂ ਤਾਕਤਾਂ ਨੂੰ ਜਾਂ ਤਾਂ ਇਕੱਠਿਆਂ ਹੀ ਸੰਗਠਨ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਜਾਂ ਕਿਸੇ ਨੂੰ ਵੀ ਨਾ ਕੀਤਾ ਜਾਵੇ। ਚੀਨ ਦਾ ਕਹਿਣਾ ਸੀ ਕਿ ਦੋਹਾਂ ਨੂੰ ਹੀ ਸੰਗਠਨ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਆਪਣੇ ਖੇਤਰੀ ਝਗੜੇ ਸੁਲਝਾ ਲੈਣੇ ਚਾਹੀਦੇ ਹਨ। ਅੱਜ ਵੀ ਭਾਰਤ ਅਤੇ ਪਾਕਿਸਤਾਨ ਦੇ ਖੇਤਰੀ ਝਗੜੇ ਪਹਿਲਾਂ ਵਾਂਗ ਹੀ ਕਾਇਮ ਹਨ। ਇਸ ਲਈ ਜੇਕਰ ਵੇਖਿਆ ਜਾਵੇ ਤਾਂ ਇਸ ਮਾਮਲੇ ਵਿੱਚ ਚੀਨ ਨੇ ਹੀ ਆਪਣੀ ਜ਼ਿਦ ਪੁਗਾਈ ਹੈ ਅਤੇ ਭਾਰਤ ਅਤੇ ਪਾਕਿਸਤਾਨ ਦੋਹਾਂ ਨੂੰ ਬਰਾਬਰ ਦੀ ਮਾਨਤਾ ਦਿਵਾ ਦਿੱਤੀ ਹੈ।

ਕੁਝ ਆਲੋਚਕਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਇਸ ਸੰਗਠਨ ਤੋਂ ਕੁਝ ਖ਼ਾਸ ਨਹੀਂ ਪ੍ਰਾਪਤ ਹੋਣ ਵਾਲਾ। ਉਨ੍ਹਾਂ ਦਾ ਤਰਕ ਹੈ ਕਿ ਆਖ਼ਿਰ ਨੂੰ ਤਾਂ ਇਹ ਸੰਗਠਨ ਚੀਨ ਦੇ ਪ੍ਰਭਾਵ ਹੇਠ ਹੀ ਰਹੇਗਾ। ਚੀਨ ਨੂੰ ਉਲੰਘ ਕੇ ਕਿਸੇ ਵੀ ਤਰ੍ਹਾਂ ਦਾ ਕੋਈ ਫ਼ੈਸਲਾ ਨਹੀਂ ਹੋ ਸਕੇਗਾ। ਜੇਕਰ ਇਸ ਸੰਗਠਨ ਵਿੱਚ ਭਾਰਤ ਨੂੰ ਮੈਂਬਰੀ ਇੰਨੀ ਦੇਰ ਨਾਲ ਮਿਲੀ ਹੈ ਤਾਂ ਇਸ ਦਾ ਸਿੱਧਾ ਜ਼ਿੰਮੇਵਾਰ ਵੀ ਚੀਨ ਹੀ ਹੈ। ਉਸਦੀ ਇੱਕੋ ਹੀ ਜ਼ਿੱਦ ਸੀ ਕਿ ਜੇਕਰ ਭਾਰਤ ਨੂੰ ਇਸ ਵਿੱਚ ਸ਼ਾਮਿਲ ਕਰਨਾ ਹੈ ਤਾਂ ਪਾਕਿਸਤਾਨ ਨੂੰ ਵੀ ਬਰਾਬਰ ਹੀ ਸ਼ਾਮਿਲ ਕੀਤਾ ਜਾਵੇ। ਚੀਨ ਅਤੇ ਪਾਕਿਸਤਾਨ ਦੇ ਆਰਥਿਕ ਅਤੇ ਰਣਨੀਤਕ ਰਿਸ਼ਤੇ ਦਿਨੋ-ਦਿਨ ਗੂੜ੍ਹੇ ਹੁੰਦੇ ਜਾ ਰਹੇ ਹਨ। ਇਸ ਲਈ, ਭਾਰਤ ਚਾਹੇ ਜਿੰਨਾ ਮਰਜ਼ੀ ਪਾਕਿਸਤਾਨ ਨੂੰ ਅਤਿਵਾਦੀ ਦੇਸ਼ ਕਹੀ ਜਾਵੇ, ਚੀਨ ਇਸ ਨੂੰ ਕਦੇ ਵੀ ਰਸਮੀ ਤੌਰ 'ਤੇ ਤਸਲੀਮ ਨਹੀਂ ਕਰੇਗਾ। ਇਹ ਵੱਖਰੀ ਗੱਲ ਹੈ ਕਿ ਚੀਨੀ ਨਾਗਰਿਕਾਂ ਦੀਆਂ ਪਾਕਿਸਤਾਨ ਵਿੱਚ ਹੱਤਿਆਵਾਂ ਤੇ ਪੱਛਮੀ ਚੀਨ ਨੇ ਉਈਗਰ ਖ਼ਿੱਤੇ ਵਿੱਚ ਇਸਲਾਮੀ ਦਹਿਸ਼ਤਵਾਦ ਦੀਆਂ ਘਟਨਾਵਾਂ ਵਿੱਚ ਵਾਧੇ ਕਾਰਨ ਹੁਣ ਅਚਨਚੇਤ ਚੀਨ ਨੇ ਪਾਕਿਸਤਾਨ ਨਾਲ ਨਾਖ਼ੁਸ਼ੀ ਜ਼ਾਹਿਰ ਕਰਨੀ ਸ਼ੁਰੂ ਕਰ ਦਿੱਤੀ ਹੈ। 9 ਜੂਨ ਵਾਲੀ ਮੀਟਿੰਗ ਵਿੱਚ ਵੀ ਭਾਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਤਿਵਾਦ ਨੂੰ

**(ਬਾਕੀ ਸਫਾ 22 'ਤੇ)**

# ਅਕਾਲੀ ਦਲ ਵੱਲੋਂ ਵੀ ਬੀਤੇ 10 ਸਾਲ ਦੀ ਕਾਰਗੁਜ਼ਾਰੀ 'ਤੇ ਆਪਣਾ ਵਾਈਟ ਪੇਪਰ ਜਾਰੀ

ਚੰਡੀਗੜ੍ਹ-- ਸਾਬਕਾ ਵਿੱਤ ਮੰਤਰੀ ਸ. ਪਰਮਿੰਦਰ ਸਿੰਘ ਢੀਂਡਸਾ ਨੇ ਵੀ ਸਦਨ ਵਿਚ ਵੱਖਰੇ ਤੌਰ 'ਤੇ ਅਕਾਲੀ ਦਲ ਵੱਲੋਂ ਰਾਜ ਦੀ ਵਿੱਤੀ ਸਥਿਤੀ ਸਬੰਧੀ ਆਪਣਾ ਵਾਈਟ ਪੇਪਰ ਜਾਰੀ ਕੀਤਾ ਗਿਆ, ਜਿਸ ਨੂੰ ਅਸਲ ਵਾਈਟ ਪੇਪਰ ਦਾ ਨਾਮ ਦਿੱਤਾ ਗਿਆ। ਲੇਕਿਨ ਦਿਲਚਸਪ ਗੱਲ ਇਹ ਹੈ ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਵਾਈਟ ਪੇਪਰ ਜਿਸ ਵਿਚ ਮੁੱਖ ਤੌਰ 'ਤੇ ਅੰਕੜੇ ਹੀ ਪੇਸ਼ ਕੀਤੇ ਗਏ ਅਤੇ ਇਨ੍ਹਾਂ ਅੰਕੜਿਆਂ ਲਈ ਅਧਾਰ ਵੀ ਭਾਰਤ ਸਰਕਾਰ, ਰਿਜ਼ਰਵ ਬੈਂਕ ਅਤੇ ਰਾਜ ਸਰਕਾਰ ਆਦਿ ਦੇ ਦਸਤਾਵੇਜ਼ਾਂ ਨੂੰ ਬਣਾਇਆ ਗਿਆ। ਇਸ ਵਾਈਟ ਪੇਪਰ ਸਬੰਧੀ ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਵੱਲ ਮਗਰਲੇ ਸਮੇਂ ਦੌਰਾਨ ਵਧੇ ਕਰਜ਼ਿਆਂ ਦੀ ਦਰ 'ਚ ਪੰਜਾਬ 13ਵੇਂ ਸਥਾਨ 'ਤੇ ਹੈ, ਜਦੋਂਕਿ ਗੁਆਂਢੀ ਰਾਜ ਹਰਿਆਣਾ ਜਿੱਥੇ 4434 ਪ੍ਰਤੀਸ਼ਤ ਦਾ ਵਾਧਾ ਹੋਇਆ ਪਹਿਲੇ ਸਥਾਨ 'ਤੇ ਹੈ। ਪੰਜਾਬ ਵਿਚ ਇਸ ਸਮੇਂ ਦੌਰਾਨ ਕਰਜ਼ੇ ਦੀ ਵਾਧਾ ਦਰ 189.9 ਪ੍ਰਤੀਸ਼ਤ ਰਹੀ। ਇਸੇ ਤਰ੍ਹਾਂ ਰਾਜ ਦੇ ਕੁੱਲ ਉਤਪਾਦ ਵਿਰੁੱਧ ਪੰਜਾਬ ਦੇ ਕਰਜ਼ੇ ਦੀ ਦਰ ਜੋ 2006-2007 ਦੌਰਾਨ 40.1 ਪ੍ਰਤੀਸ਼ਤ ਸੀ ਉਹ 2016-17 ਦੌਰਾਨ ਘੱਟ ਕੇ 28.9 ਪ੍ਰਤੀਸ਼ਤ 'ਤੇ ਆ ਗਈ।

ਉਨ੍ਹਾਂ ਕਿਹਾ ਕਿ ਇਸ ਤੋਂ ਸਪੱਸ਼ਟ ਹੈ ਕਿ ਰਾਜ ਦੀ ਕੁੱਲ ਆਮਦਨ ਦੇ ਮੁਕਾਬਲੇ ਕਰਜ਼ੇ ਵਿਚ ਕਮੀ ਆਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਮੌਜੂਦਾ ਸਰਕਾਰ ਵੱਲੋਂ ਰਾਜ ਦੇ ਕਰਜ਼ੇ ਵਿਚ ਬੋਰਡਾਂ ਕਾਰਪੋਰੇਸ਼ਨਾਂ, ਬਿਜਲੀ ਬੋਰਡ ਦੇ ਕਰਜ਼ਿਆਂ ਅਤੇ ਫਸਲਾਂ ਦੀ ਖ਼ਰੀਦ ਲਈ ਕੇਂਦਰ ਨਾਲ ਵਿਵਾਦਿਤ 31000 ਕਰੋੜ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ ਜੋ ਕਿ ਗ਼ਲਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਘਰੇਲੂ ਉਤਪਾਦ ਜੋ 2006-07 ਦੌਰਾਨ 1,27,125 ਕਰੋੜ ਸੀ ਮਗਰਲੇ 10 ਸਾਲਾਂ ਦੌਰਾਨ ਵੱਧ ਕੇ 4,54,398 ਕਰੋੜ ਹੋ ਗਿਆ।

ਸ. ਬਾਦਲ ਨੇ ਇਹ ਵੀ ਦੱਸਿਆ ਕਿ ਰਾਜ ਦੀ ਆਬਕਾਰੀ ਆਮਦਨ ਜੋ 2006-07 ਦੌਰਾਨ 1368 ਕਰੋੜ ਰੁਪਏ ਸੀ 2016-17 ਦੌਰਾਨ 5610 ਕਰੋੜ ਰੁਪਏ ਹੋ ਗਈ, ਲੇਕਿਨ ਕਾਂਗਰਸ ਸਰਕਾਰ ਦੇ ਆਉਣ ਤੋਂ ਬਾਅਦ ਪਹਿਲੇ ਸਾਲ ਵਿਚ ਹੀ ਆਬਕਾਰੀ ਦੀ ਆਮਦਨ ਵਿਚ 400 ਕਰੋੜ ਦੀ ਕਮੀ ਆ ਗਈ, ਜਦੋਂਕਿ ਸ਼ਰਾਬ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਵੈਟ ਤੋਂ ਰਾਜ ਨੂੰ ਮਿਲਣ ਵਾਲੀ ਆਮਦਨ ਜੋ 2006-07 ਦੌਰਾਨ 5136 ਰੁਪਏ ਸੀ ਉਹ 2016-17 ਦੌਰਾਨ 18150 ਕਰੋੜ ਰੁਪਏ ਹੋ ਗਈ। ਇਸੇ ਤਰ੍ਹਾਂ ਰਾਜ ਦਾ ਆਪਣਾ ਮਾਲੀਆ ਜੋ 2006-07 ਦੌਰਾਨ 9017 ਕਰੋੜ ਰੁਪਏ ਸੀ ਉਹ 2016-17 ਦੌਰਾਨ ਵੱਧ ਕੇ 30547 ਕਰੋੜ ਰੁਪਏ ਹੋ ਗਿਆ। ਉਨ੍ਹਾਂ ਕਿਹਾ ਕਿ ਰਾਜ ਦੇ ਮੁਲਾਜ਼ਮਾਂ ਨੂੰ ਵੀ ਸਾਲ 2006-07 ਦੌਰਾਨ ਜਿੱਥੇ 7688 ਕਰੋੜ ਰੁਪਏ ਮਿਲ ਰਹੇ ਸਨ ਉਹ 2016-17 ਦੌਰਾਨ 27322 ਕਰੋੜ 'ਤੇ ਪੁੱਜ ਗਏ।

ਉਨ੍ਹਾਂ ਕਿਹਾ ਕਿ ਸਮਾਜਿਕ ਸੁਰੱਖਿਆ ਦੀਆਂ ਸਕੀਮਾਂ ਜਿਨ੍ਹਾਂ 'ਤੇ ਮਗਰਲੀ ਕਾਂਗਰਸ ਸਰਕਾਰ ਵੱਲੋਂ 2006-07 ਦੌਰਾਨ ਚੋਣਾਂ ਮੌਕੇ ਖਰਚਾ ਵਧਾ ਕੇ ਦੁੱਗਣਾ ਕਰਦਿਆਂ 509 ਕਰੋੜ ਰੁਪਏ ਕੀਤਾ ਗਿਆ ਉਹ 2015-16 ਦੌਰਾਨ 2711 ਕਰੋੜ 'ਤੇ ਪੁੱਜ ਗਿਆ ਹੈ। ਸ. ਬਾਦਲ ਨੇ ਕਿਹਾ ਕਿ ਮਗਰਲੀ ਕਾਂਗਰਸ ਸਰਕਾਰ ਵੱਲੋਂ ਸੜਕਾਂ 'ਤੇ 5 ਸਾਲਾਂ ਦੌਰਾਨ 3277 ਕਰੋੜ ਰੁਪਏ ਖਰਚੇ ਗਏ ਜਦੋਂਕਿ ਸਾਡੀ ਸਰਕਾਰ ਨੇ 10 ਸਾਲਾਂ ਵਿਚ 37623 ਕਰੋੜ ਰੁਪਏ ਖਰਚੇ।

ਇਸੇ ਤਰ੍ਹਾਂ ਖੇਡਾਂ 'ਤੇ ਕਾਂਗਰਸ ਨੇ 5 ਸਾਲ ਵਿਚ 10 ਕਰੋੜ ਅਤੇ ਸਾਡੀ ਸਰਕਾਰ ਨੇ 10 ਸਾਲਾਂ ਵਿਚ 510 ਕਰੋੜ ਰੁਪਏ ਖਰਚੇ। ਸਿੱਖਿਆ 'ਤੇ ਵੀ ਕਾਂਗਰਸ ਵੱਲੋਂ 5 ਸਾਲਾਂ ਵਿਚ ਖਰਚੇ 9936 ਕਰੋੜ ਮੁਕਾਬਲੇ ਅਸੀਂ 55,672 ਕਰੋੜ ਰੁਪਏ ਖਰਚੇ। ਉਨ੍ਹਾਂ ਕਿਹਾ ਕਿ ਦਿਹਾਤੀ ਵਿਕਾਸ 'ਤੇ ਵੀ ਕਾਂਗਰਸ ਨੇ 5 ਸਾਲਾਂ ਵਿਚ 674 ਅਤੇ ਅਸੀਂ 10 ਸਾਲਾਂ ਵਿਚ 6314 ਕਰੋੜ ਰੁਪਏ ਖਰਚੇ। ਇਸੇ ਤਰ੍ਹਾਂ ਸ਼ਹਿਰੀ ਵਿਕਾਸ 'ਤੇ ਕਾਂਗਰਸ ਨੇ 5 ਸਾਲਾਂ ਵਿਚ 2574 ਕਰੋੜ ਅਤੇ ਅਕਾਲੀ-ਭਾਜਪਾ ਸਰਕਾਰ ਨੇ 10 ਸਾਲਾਂ ਵਿਚ 26098 ਕਰੋੜ ਰੁਪਏ ਖਰਚੇ।

# ਕੈਪਟਨ ਨੇ 5 ਏਕੜ ਤੱਕ ਵਾਲੇ ਕਿਸਾਨਾਂ ਦੇ ਕਰਜ਼ੇ ਕੀਤੇ ਮੁਆਫ

(ਸਫਾ 1 ਦੀ ਬਾਕੀ)

ਖੰਡਨ ਕੀਤਾ ਕਿ ਪੁਲਿਸ ਮੁਲਾਜ਼ਮਾਂ ਨੂੰ ਮਿਲਣ ਵਾਲੀ 13ਵੇਂ ਮਹੀਨੇ ਦੀ ਤਨਖਾਹ ਬੰਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਤਨਖਾਹ ਪਹਿਲਾਂ ਵਾਂਗ ਹੀ ਮਿਲਦੀ ਰਹੇਗੀ। ਮੁੱਖ ਮੰਤਰੀ ਨੇ ਸਦਨ ਵਿਚ ਐਲਾਨ ਕੀਤਾ ਕਿ ਨਵੀਂ ਸਨਅਤੀ ਪਾਲਸੀ ਜੁਲਾਈ ਦੇ ਅਖੀਰ ਤੱਕ ਰਾਜ ਸਰਕਾਰ ਵੱਲੋਂ ਜਾਰੀ ਕਰ ਦਿੱਤੀ ਜਾਵੇਗੀ। ਉਨ੍ਹਾਂ ਰਾਜ 'ਚ ਟਰੱਕ ਯੂਨੀਅਨਾਂ ਨੂੰ ਭੰਗ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਸਬੰਧੀ ਵੀ ਨੋਟੀਫਿਕੇਸ਼ਨ ਛੇਤੀ ਜਾਰੀ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਲੁਧਿਆਣਾ ਵਿਖੇ ਇੱਕ ਸਨਅਤੀ ਕਨਵੈਨਸ਼ਨ ਕੇਂਦਰ ਸਥਾਪਤ ਕਰਨ ਦਾ ਵੀ ਐਲਾਨ ਕੀਤਾ ਅਤੇ ਕਿਹਾ ਕਿ ਸਨਅਤਾਂ ਲਈ ਸੀ.ਐਲ.ਯੂ. ਦੀ ਸ਼ਰਤ ਹੁਣ ਖ਼ਤਮ ਕੀਤੀ ਜਾਵੇਗੀ।

ਆਪਣੇ ਭਾਸ਼ਣ ਦੌਰਾਨ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਮੇਰੀ ਸਰਕਾਰ ਬਿਜਲੀ ਦੇ ਸਾਰੇ ਖਪਤਕਾਰਾਂ ਲਈ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦਾ ਭਾੜਾ ਨਿਸਚਿਤ ਕਰੇਗੀ ਜਿਸ ਨਾਲ ਸਨਅਤਾਂ ਅਤੇ ਵਪਾਰਕ ਖੇਤਰ ਨੂੰ ਵੱਡਾ ਫਾਇਦਾ ਮਿਲੇਗਾ। ਉਨ੍ਹਾਂ ਮੁਹਾਲੀ ਵਿਖੇ ਇਕ ਨਵਾਂ ਮੈਡੀਕਲ ਕਾਲਜ ਸਥਾਪਤ ਕਰਨ, ਸੂਬੇ ਵਿਚ 5 ਨਵੇਂ ਕਾਲਜ ਖੋਲ੍ਹਣ ਅਤੇ ਤਲਵੰਡੀ ਸਾਬੋ ਵਿਖੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੇਂਦਰੀ ਇੰਸਟੀਚਿਊਟ ਸਥਾਪਤ ਕਰਨ ਦਾ ਵੀ ਐਲਾਨ ਕੀਤਾ। ਇਸ ਮੌਕੇ ਡਾ. ਐਮ.ਐਸ. ਰੰਧਾਵਾ ਦੇ ਨਾਂਅ 'ਤੇ ਬਾਗਬਾਨੀ ਖੋਜ ਯੂਨੀਵਰਸਿਟੀ ਸਥਾਪਤ ਕਰਨ ਦਾ ਐਲਾਨ ਕੀਤਾ ਗਿਆ।

ਮੁੱਖ ਮੰਤਰੀ ਨੇ ਇਸ ਮੌਕੇ ਇਹ ਵੀ ਐਲਾਨ ਕੀਤਾ ਕਿ ਲੜਕੀਆਂ ਨੂੰ ਨਰਸਰੀ ਤੋਂ ਲੈ ਕੇ ਪੀ.ਐਚ.ਡੀ. ਤੱਕ ਉਨ੍ਹਾਂ ਦੀ ਸਰਕਾਰ ਮੁਫ਼ਤ ਸਿੱਖਿਆ ਦੇਣ ਦਾ ਪ੍ਰਬੰਧ ਕਰੇਗੀ। ਉਨ੍ਹਾਂ ਕਿਹਾ ਕਿ ਹੁਣ ਆਟਾ ਦਾਲ ਦੇ ਨਾਲ ਗਰੀਬਾਂ ਨੂੰ ਮੁਫ਼ਤ ਚੀਨੀ ਤੇ ਚਾਹ ਵੀ ਮਿਲੇਗੀ। ਉਨ੍ਹਾਂ ਬੁਢਾਪਾ ਪੈਨਸ਼ਨ ਨੂੰ 250 ਰੁਪਏ ਤੋਂ ਵਧਾ ਕੇ 500 ਰੁਪਏ ਕਰਨ ਦਾ ਵੀ ਐਲਾਨ ਕੀਤਾ ਤੇ ਕਿਹਾ ਕਿ ਸ਼ਗਨ ਸਕੀਮ ਸਮੇਤ ਦੂਜੀਆਂ ਸਮਾਜਿਕ ਸੁਰੱਖਿਆ ਦੀਆਂ ਸਕੀਮਾਂ ਦਾ ਲਾਭ ਹੁਣ ਮੁਸਲਮਾਨਾਂ ਤੇ ਈਸਾਈਆਂ ਨੂੰ ਵੀ ਮਿਲ ਸਕੇਗਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਅਨੁਸੂਚਿਤ ਜਾਤਾਂ ਲਈ 50 ਹਜ਼ਾਰ ਰੁਪਏ ਤੱਕ ਦੇ ਕਰਜ਼ੇ ਮੁਆਫ਼ ਕਰਨ ਦਾ ਵੀ ਕਦਮ ਚੁੱਕ ਰਹੀ ਹੈ। ਉਨ੍ਹਾਂ ਸਦਨ ਵਿਚ ਇਹ ਵੀ ਦੱਸਿਆ ਕਿ ਰਾਜ ਵਿਚ ਕੋਈ 27 ਪ੍ਰਤੀਸ਼ਤ ਬੱਸਾਂ ਬਿਨਾਂ ਪਰਮਿਟ ਚੱਲ ਰਹੀਆਂ ਸਨ ਪਰ ਹੁਣ ਉਨ੍ਹਾਂ ਦੀ ਸਰਕਾਰ ਵੱਲੋਂ ਪਾਰਦਰਸ਼ੀ ਢੰਗ ਨਾਲ ਬੱਸਾਂ ਦੇ ਪਰਮਿਟ ਦੇ ਕੇ ਨਾਜਾਇਜ਼ ਬੱਸਾਂ ਦਾ ਚੱਲਣਾ ਬੰਦ ਕਰਵਾਇਆ ਗਿਆ ਹੈ।

# ਪੰਜਾਬ ਸਰਕਾਰ ਵੱਲੋਂ ਕੋਈ ਨਵਾਂ ਟੈਕਸ ਨਹੀਂ- ਰਿਆਇਤਾਂ ਵਾਲਾ ਬਜਟ ਪੇਸ਼

(ਸਫਾ 1 ਦੀ ਬਾਕੀ)

ਕਰੋੜ ਦੇ ਮਾਲੀ ਘਾਟੇ ਨੂੰ ਪੂਰਾ ਕਰਨ ਲਈ ਉਨ੍ਹਾਂ ਵੱਲੋਂ ਨਾ ਤਾਂ ਕੋਈ ਨਵਾਂ ਟੈਕਸ ਲਗਾਏ ਜਾਣ ਦਾ ਐਲਾਨ ਕੀਤਾ ਅਤੇ ਇੰਨਾ ਹੀ ਕਿਹਾ ਕਿ ਰਾਜ ਸਰਕਾਰ ਨੂੰ ਜੀ.ਐਸ.ਟੀ. ਦੇ ਲਾਗੂ ਹੋਣ ਨਾਲ ਵਾਧੂ ਮਾਲੀਆ ਆਉਣ ਦੀ ਸੰਭਾਵਨਾ ਹੈ। ਉਨ੍ਹਾਂ ਬਜਟ ਵਿਚਲਾ ਵਿੱਤੀ ਘਾਟਾ ਜੀ. ਐਸ. ਡੀ. ਪੀ. ਦਾ 4.96 ਪ੍ਰਤੀਸ਼ਤ ਦੱਸਿਆ, ਜੋ ਕਿ ਭਾਰਤ ਸਰਕਾਰ ਵੱਲੋਂ ਮਿੱਥੀ 3 ਪ੍ਰਤੀਸ਼ਤ ਦੀ ਸੀਮਾ ਨਾਲੋਂ ਵਧੇਰੇ ਹੈ। ਉਨ੍ਹਾਂ ਸਦਨ 'ਚ ਅਸ਼ਟਾਮ ਡਿਊਟੀ 3 ਪ੍ਰਤੀਸ਼ਤ ਘਟਾਉਣ ਦਾ ਵੀ ਐਲਾਨ ਕੀਤਾ ਤਾਂ ਜੋ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਨੂੰ ਉਤਸ਼ਾਹ ਮਿਲ ਸਕੇ। ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਵਿਰਸੇ 'ਚ ਜੋ ਵਿੱਤੀ ਸਥਿਤੀ ਮਿਲੀ ਹੈ ਉਸ ਨੂੰ ਸੁਧਾਰਨ 'ਚ ਸਾਡੀ ਸਰਕਾਰ ਨੂੰ ਕੋਈ 3 ਸਾਲ ਦਾ ਸਮਾਂ ਲੱਗ ਸਕਦਾ ਹੈ। ਉਨ੍ਹਾਂ ਕਿਸਾਨੀ ਕਰਜ਼ੇ ਮੁਆਫ਼ ਕਰਨ ਸਬੰਧੀ ਮੁੱਖ ਮੰਤਰੀ ਵੱਲੋਂ ਕੀਤੇ ਗਏ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਬਜਟ 'ਚ 1500 ਕਰੋੜ ਰੁਪਏ ਦਾ ਉਪਬੰਦ ਕਰਨ ਦਾ ਵੀ ਐਲਾਨ ਕੀਤਾ। ਪਰ ਕਿਹਾ ਕਿ ਉਹ ਅਜੇ ਇਹ ਦੱਸਣ ਦੀ ਸਥਿਤੀ 'ਚ ਨਹੀਂ ਹਨ ਕਿ ਕਿਸਾਨਾਂ ਦਾ ਕਿੰਨਾ ਕਰਜ਼ਾ ਮੁਆਫ਼ ਕੀਤਾ ਜਾਣਾ ਹੈ, ਕਿਉਂਕਿ ਇਸ ਲਈ ਸਰਕਾਰ ਵੱਲੋਂ ਮਾਹਿਰਾਂ ਦੀ ਕਮੇਟੀ ਦੀ ਰਿਪੋਰਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 10,20,000 ਦੇ ਕਰੀਬ ਕਿਸਾਨਾਂ ਨੂੰ ਸਾਡੀ ਸਰਕਾਰ ਵੱਲੋਂ ਐਲਾਨੀ ਗਈ ਕਰਜ਼ਾ ਮੁਆਫ਼ੀ ਦਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਛੋਟੇ ਤੇ ਦਰਮਿਆਨੇ ਕਿਸਾਨਾਂ ਦੇ ਕਰਜ਼ੇ ਆਪਣੇ ਸਿਰ ਲਵੇਗੀ ਅਤੇ ਇਸ ਲਈ ਸਰਕਾਰ ਨੂੰ ਭਾਵੇਂ ਬੈਂਕਾਂ ਨੂੰ ਗਾਰੰਟੀਆਂ ਵੀ ਕਿਉਂ ਨਾ ਦੇਣੀਆਂ ਪੈਣ। ਉਨ੍ਹਾਂ ਕਿਹਾ ਕਿ ਹੁਣ ਰਾਜ ਸਰਕਾਰ ਇਨਾਂ ਕਰਜ਼ਿਆਂ ਸਬੰਧੀ ਬੈਂਕਾਂ ਨਾਲ ਸਿੱਧੀ ਗੱਲਬਾਤ ਕਰੇਗੀ। ਪਰ ਸਦਨ 'ਚ ਪੇਸ਼ ਕੀਤੇ ਭਾਸ਼ਣ 'ਚ ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸਾਨੀ ਕਰਜ਼ਿਆਂ ਸਬੰਧੀ ਅਜੇ ਸਕੀਮ ਦੀ ਰੂਪ ਰੇਖਾ ਨੂੰ ਮਾਹਿਰਾਂ ਦੀ ਕਮੇਟੀ ਵੱਲੋਂ ਅੰਤਿਮ ਰੂਪ ਦਿੱਤਾ ਜਾਣਾ ਹੈ ਅਤੇ ਰਾਜਸਰਕਾਰ ਨੇ ਬਜਟ 'ਚ ਉਕਤ ਸਕੀਮ ਲਈ ਅਜੇ ਕੇਵਲ 1500 ਕਰੋੜ ਦਾ ਉਪਬੰਦ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਸਿਰ ਦੁਬਾਰਾ ਕਰਜ਼ਾ ਨਾ ਚੜੇ ਅਤੇ ਕਿਸਾਨਾਂ ਦੀ ਵਿੱਤੀ ਹਾਲਤ ਨੂੰ ਸੁਧਾਰਨ ਲਈ ਅਸੀਂ ਉਨ੍ਹਾਂ ਦੇ ਬੱਚਿਆਂ ਨੂੰ ਪੇਸ਼ਾਵਰਾਨਾ ਸਿੱਖਿਆ ਤੇ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਵੀ ਵਿਆਪਕ ਯੋਜਨਾ ਬਣਾਈ ਹੈ। ਸ. ਮਨਪ੍ਰੀਤ ਸਿੰਘ ਬਾਦਲ ਨੇ ਸਦਨ ਨੂੰ ਦੱਸਿਆ ਕਿ ਬਜਟ ਵਿਚਲਾ 14,785 ਕਰੋੜ ਰੁਪਏ ਦਾ ਮਾਲੀ ਘਾਟਾ ਹੋਰ ਉਪਬੰਦਾਂ ਰਾਹੀਂ ਪੂਰਾ ਕਰਨ ਦੇ ਯਤਨ ਕੀਤੇ ਜਾਣਗੇ ਅਤੇ ਕੋਈ ਨਵਾਂ ਟੈਕਸ ਲਾਉਣ ਦੀ ਤਜਵੀਜ਼ ਨਹੀਂ। ਉਨ੍ਹਾਂ ਕਿਹਾ ਕਿ ਪਹਿਲੇ 3 ਮਹੀਨਿਆਂ ਦੌਰਾਨ ਰਾਜ ਦੀ ਵੈਟ ਦੀ ਆਮਦਨ 'ਚ 30 ਪ੍ਰਤੀਸ਼ਤ ਦਾ ਵਾਧਾ ਰਿਕਾਰਡ ਕੀਤਾ ਗਿਆ ਹੈ ਅਤੇ ਜੀ.ਐਸ.ਟੀ. ਦੇ ਲਾਗੂ ਹੋਣ ਨਾਲ ਇਸ ਆਮਦਨ 'ਚ ਹੋਰ ਵੀ ਚੋਖਾ ਵਾਧਾ ਹੋਣ ਦੀ ਸੰਭਾਵਨਾ ਹੈ। ਵਿੱਤ ਮੰਤਰੀ ਨੇ ਸਪੱਸ਼ਟ ਕੀਤਾ ਕਿ ਰਾਜ ਦੇ ਵਿੱਤੀ ਹਾਲਾਤ ਸਬੰਧੀ ਉਨ੍ਹਾਂ ਵੱਲੋਂ ਆਪਣੇ ਬਜਟ ਭਾਸ਼ਣ ਦੌਰਾਨ ਅਸਲ ਤਸਵੀਰ ਸਾਹਮਣੇ ਰੱਖਣ ਦੀ ਕੋਸ਼ਿਸ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਦਿੱਤੇ ਜਾਣ ਵਾਲੇ ਸਮਾਰਟ ਫੋਨ ਸਬੰਧੀ ਬਜਟ 'ਚ 5 ਕਰੋੜ ਦਾ ਉਪਬੰਦ ਕੀਤਾ ਗਿਆ ਹੈ ਅਤੇ ਇਹ ਟੈਲੀਫੋਨ ਪ੍ਰਾਪਤ ਕਰਨ ਲਈ ਛੇਤੀ ਗਲੋਬਲ ਟੈਂਡਰ ਜਾਰੀ ਕੀਤੇ ਜਾਣਗੇ। ਲੇਕਿਨ ਉਹ ਇਸ ਸਬੰਧੀ ਸਪੱਸ਼ਟ ਨਹੀਂ ਕਰ ਸਕੇ ਕਿ ਮੁਫ਼ਤ ਸਮਾਰਟ ਫੋਨ ਦੇਣ ਲਈ ਲੋੜੀਂਦੀ ਰਾਸ਼ੀ ਰਾਜ ਸਰਕਾਰ ਵੱਲੋਂ ਕਿੱਥੋਂ ਜੁਟਾਈ ਜਾਵੇਗੀ। ਬਿਜਲੀ 'ਤੇ ਦਿੱਤੀ ਜਾਂਦੀ ਸਬਸਿਡੀ ਦਾ ਬਿੱਲ ਚਾਲੂ ਸਾਲ ਦੌਰਾਨ 10 ਹਜ਼ਾਰ ਕਰੋੜ ਤੱਕ ਪੁੱਜ ਜਾਣ ਸਬੰਧੀ ਪੁੱਛੇ ਜਾਣ 'ਤੇ ਵਿੱਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਸਾਨਾਂ ਨੂੰ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਦੇਣ ਲਈ ਵਚਨਬੱਧ ਹੈ। ਹਾਲਾਂਕਿ ਬਿਜਲੀ ਸਬਸਿਡੀ ਦਾ ਬੋਝ ਰਾਜ ਸਰਕਾਰ 'ਤੇ ਕਾਫ਼ੀ ਵੱਡਾ ਹੈ। ਉਨ੍ਹਾਂ ਕਿਹਾ ਕਿ ਚਾਲੂ ਮਾਲੀ ਸਾਲ ਦੌਰਾਨ ਟਿਊਬਵੈਲਾਂ ਨੂੰ ਸੋਲਰ ਬਿਜਲੀ ਦੇਣ ਲਈ 100 ਕਰੋੜ ਰੁਪਏ ਰੱਖੇ ਗਏ ਹਨ ਅਤੇ ਅਜਿਹੇ ਪੰਪ ਲਾਉਣ ਵਾਲੇ ਕਿਸਾਨਾਂ ਨੂੰ 80 ਪ੍ਰਤੀਸ਼ਤ ਸਬਸਿਡੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਆਸ਼ੀਰਵਾਦ ਸਕੀਮ ਅਧੀਨ ਸ਼ਗਨ 15000 ਤੋਂ ਵਧਾ ਕੇ 21000 ਰੁਪਏ ਕੀਤਾ ਗਿਆ ਹੈ ਅਤੇ ਇਸ ਮੰਤਵ ਲਈ ਬਜਟ 'ਚ 200 ਕਰੋੜ ਰੁਪਏ ਰੱਖੇ ਗਏ ਹਨ। ਇਸੇ ਤਰ੍ਹਾਂ ਪੇਂਡੂ ਖੇਤਰ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ 1500 ਕਰੋੜ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ 2000 ਘਰ ਬਣਾਉਣ ਲਈ 70 ਕਰੋੜ ਰੁਪਏ ਦਾ ਉਪਬੰਦ ਕੀਤਾ ਗਿਆ ਹੈ, ਜਦੋਂਕਿ ਮੌਜੂਦਾ ਮੈਡੀਕਲ ਕਾਲਜਾਂ ਨੂੰ ਅੱਪਗ੍ਰੇਡ ਕਰਨ ਲਈ 101 ਕਰੋੜ ਰੁਪਏ, ਸੜਕਾਂ ਦੇ ਮਜ਼ਬੂਤੀਕਰਨ ਪ੍ਰੋਜੈਕਟ ਲਈ 320 ਕਰੋੜ, ਕਿਲ੍ਹਾ ਮੁਬਾਰਕ ਪਟਿਆਲਾ ਤੇ ਬਠਿੰਡੇ ਦੀਆਂ ਸਮਾਰਕਾਂ ਦੇ ਪੁਨਰ ਨਿਰਮਾਣ ਲਈ 26 ਕਰੋੜ, ਇਤਿਹਾਸਕ ਸਮਾਰਕਾਂ ਦੇ ਬਚਾਅ ਤੇ ਪੁਨਰ ਨਿਰਮਾਣ ਲਈ 5 ਕਰੋੜ, ਲੁਧਿਆਣਾ 'ਚ ਕਨਵੈਨਸ਼ਨ ਸੈਂਟਰ ਲਈ 1 ਕਰੋੜ ਅਤੇ ਮੁਹਾਲੀ ਵਿਖੇ ਨਵੇਂ ਮੈਡੀਕਲ ਕਾਲਜ ਲਈ 10 ਕਰੋੜ ਦੀ ਰਾਸ਼ੀ ਰੱਖੀ ਗਈ ਹੈ, ਇਸੇ ਤਰ੍ਹਾਂ ਸੋਧੀ ਆਟਾ ਦਾਲ ਸਕੀਮ ਲਈ 500 ਕਰੋੜ, ਸਵੱਛ ਪੰਜਾਬ ਤੇ ਸੋਹਣਾ ਪੰਜਾਬ ਸਕੀਮ ਲਈ 517 ਕਰੋੜ, ਸਮਾਜਿਕ ਸੁਰੱਖਿਆ ਪੈਨਸ਼ਨਾਂ ਨੂੰ 500 ਤੋਂ ਵਧਾ ਕੇ 750 ਰੁਪਏ ਕਰਨ ਤੋਂ ਬਾਅਦ 1314 ਕਰੋੜ ਰੁਪਏ ਦਾ ਬਜਟ 'ਚ ਉਪਬੰਦ ਕੀਤਾ ਗਿਆ ਹੈ। ਬਠਿੰਡਾ ਵਿਖੇ ਰੇਲ ਅੰਡਰ ਬ੍ਰਿਜ ਨਿਰਮਾਣ ਕਰਨ ਲਈ 26 ਕਰੋੜ ਰੁਪਏ ਤੇ ਵੇਈਂ ਨਦੀ ਦੇ ਵਿਕਾਸ ਪ੍ਰੋਜੈਕਟਾਂ ਲਈ 3 ਕਰੋੜ ਰੁਪਏ ਰੱਖੇ ਗਏ ਹਨ।

ਉਨ੍ਹਾਂ ਸਦਨ 'ਚ ਐਲਾਨ ਕੀਤਾ ਕਿ ਚਾਲੂ ਸਾਲ ਦੌਰਾਨ 70 ਨਵੇਂ ਪੁਲਿਸ ਥਾਣਿਆਂ ਦੀਆਂ ਇਮਾਰਤਾਂ ਉਸਾਰੀਆਂ ਜਾਣਗੀਆਂ ਤੇ 23 ਅਧੂਰੀਆਂ ਇਮਾਰਤਾਂ ਨੂੰ ਪੂਰਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅਨੁਸੂਚਿਤ ਜਾਤੀਆਂ ਵੱਲੋਂ ਅਨੁਸੂਚਿਤ ਜਾਤੀ ਭੌਂ ਅਤੇ ਵਿੱਤ ਕਾਰਪੋਰੇਸ਼ਨ ਤੋਂ ਪ੍ਰਾਪਤ ਕਰਜ਼ਿਆਂ 'ਤੇ 50 ਹਜ਼ਾਰ ਤੱਕ ਦੀ ਮੁਆਫ਼ੀ ਦੇਣ ਲਈ ਬਜਟ ਵਿਚ 17.66 ਕਰੋੜ ਰੁਪਏ ਰੱਖੇ ਗਏ ਹਨ। ਸ. ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਪਹਿਲੀ ਵਾਰ ਖੇਤੀ ਤੇ ਸਹਾਇਕ ਕਿੱਤੀਆਂ ਲਈ ਬਜਟ ਦਾ 15.12 ਪ੍ਰਤੀਸ਼ਤ ਹਿੱਸਾ ਰੱਖਿਆ ਗਿਆ ਹੈ, ਜਦੋਂਕਿ ਮਗਰਲੇ ਸਾਲ ਇਹ 4.45 ਪ੍ਰਤੀਸ਼ਤ ਸੀ।

ਇਸੇ ਤਰ੍ਹਾਂ ਊਰਜਾ ਖੇਤਰ ਲਈ ਮਗਰਲੀ ਸਰਕਾਰ ਵੱਲੋਂ 10040 ਕਰੋੜ ਜੋ ਮਗਰਲੇ ਸਾਲ ਦੇ ਬਜਟ 'ਚ ਰੱਖੇ ਗਏ ਸਨ ਜੋ ਕਿ ਕੁੱਲ ਬਜਟ ਦਾ 44.29 ਪ੍ਰਤੀਸ਼ਤ ਸੀ ਨੂੰ ਨਵੀਂ ਸਰਕਾਰ ਵੱਲੋਂ ਘਟਾ ਕੇ ਕੇਵਲ 51.70 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ ਕੁੱਲ ਬਜਟ ਦਾ 0.31 ਪ੍ਰਤੀਸ਼ਤ ਹੈ। ਸਮਾਜਿਕ ਸੇਵਾਵਾਂ 'ਤੇ ਬਜਟ ਵਿਚ ਰਾਸ਼ੀ ਕਾਫ਼ੀ ਵਧਾਈ ਗਈ ਹੈ ਅਤੇ ਇਹ 10316 ਕਰੋੜ ਰੁਪਏ ਹੈ ਜੋ ਕਿ ਕੁੱਲ ਬਜਟ ਦਾ 61.24 ਪ੍ਰਤੀਸ਼ਤ ਹੈ। ਮਗਰਲੇ ਸਾਲਾਨਾ ਬਜਟ ਦੌਰਾਨ ਇਹ ਰਾਸ਼ੀ ਕੁੱਲ ਬਜਟ ਦਾ 32.12 ਪ੍ਰਤੀਸ਼ਤ ਸੀ।

ਇਸੇ ਤਰ੍ਹਾਂ ਸਿੰਜਾਈ ਤੇ ਹੜਾਂ ਲਈ ਵੀ ਚਾਲੂ ਬਜਟ 'ਚ ਰਾਸ਼ੀ ਮਗਰਲੇ ਸਾਲ ਮੁਕਾਬਲੇ 6.13 ਪ੍ਰਤੀਸ਼ਤ ਤੋਂ ਘਟਾ ਕੇ 4.61 ਪ੍ਰਤੀਸ਼ਤ ਕਰ ਦਿੱਤੀ ਗਈ ਹੈ। ਵਿੱਤ ਮੰਤਰੀ ਨੇ ਸਦਨ ਨੂੰ ਦੱਸਿਆ ਕਿ ਚਾਲੂ ਸਾਲ ਦੌਰਾਨ ਵਿਆਜ ਦੀਆਂ ਅਦਾਇਗੀਆਂ 'ਤੇ ਰਾਜ ਸਰਕਾਰ ਨੂੰ 14910.49 ਕਰੋੜ ਰੁਪਏ ਦੇਣੇ ਪੈਣਗੇ ਅਤੇ ਰਾਜ ਸਿਰ ਕੁੱਲ ਕਰਜ਼ਾ ਚਾਲੂ ਸਾਲ ਦੌਰਾਨ 1,95,002.05 ਕਰੋੜ 'ਤੇ ਪੁੱਜ ਜਾਵੇਗਾ ਜੋ ਮਗਰਲੇ ਸਾਲ 1,82,183.01 ਕਰੋੜ ਸੀ। ਇਸੇ ਤਰ੍ਹਾਂ ਚਾਲੂ ਸਾਲ ਦੌਰਾਨ ਬਿਜਲੀ ਸਬਸਿਡੀ 'ਤੇ ਰਾਜ ਸਰਕਾਰ ਨੂੰ 10,225 ਕਰੋੜ ਰੁਪਏ ਬਿਜਲੀ ਨਿਗਮ ਨੂੰ ਦੇਣੇ ਪੈਣਗੇ, ਜਦੋਂਕਿ ਪੈਨਸ਼ਨਾਂ ਅਤੇ ਸੇਵਾ ਨਵਿਰਤੀ ਲਾਭਾਂ 'ਤੇ ਰਾਜ ਸਰਕਾਰ ਨੂੰ 10,147.23 ਕਰੋੜ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਉਜਰਤਾਂ 'ਤੇ ਚਾਲੂ ਸਾਲ ਦੌਰਾਨ 20,872.30 ਕਰੋੜ ਰੁਪਏ ਦੇਣੇ ਪੈਣਗੇ।



Sex Problem
ਮਰਦਾਨਾ ਕਮਜ਼ੋਰੀ
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ
E-mail:- shweat077@yahoo.com
www.surajvanshipharmacy.com
ਅਸਰ 3 ਦਿਨਾਂ ਤੋਂ ਸ਼ੁਰੂ
ਬੁਢਾਪੇ 'ਚ ਜਵਾਨੀ ਮਾਣੋ
ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ: 59/AY/PB.
ਸੈਕਸ ਵਿਚ ਭਰਪੂਰ ਜੋਸ਼ ਅਤੇ ਮਨਚਾਹਾ ਟਾਈਮ
ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਹਰ ਉਮਰ 'ਚ ਹਾਸਲ ਕਰੋ
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ, ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਸਿਹਤ ਬਣਾਓ
ਵਾਲ ਝੜਨਾ ਜਾਂ ਸਫੈਦ ਹੋਣਾ
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi +91-98155-33933

# ਸੰਪਾਦਕੀ

## ਕਿਸਾਨਾਂ ਦਾ ਸੰਕਟ ਕਿਉਂ?

ਭਾਰਤ ਦੇ ਕਈ ਸੂਬਿਆਂ ਵਿਚ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ। ਇਸ ਕਾਰਨ ਕੇਂਦਰ ਸਰਕਾਰ ਦਾ ਚਿੰਤਤ ਹੋਣਾ ਸੁਭਾਵਿਕ ਹੈ। ਜਦੋਂ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਕਿਸਾਨ ਬੇਚੈਨ ਨਜ਼ਰ ਆ ਰਹੇ ਹਨ ਤਾਂ ਅਜਿਹੇ ਬਿਆਨ ਕਿ ਮੋਦੀ ਸਰਕਾਰ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਵਚਨਬੱਧ ਹੈ। ਕੇਂਦਰੀ ਸਰਕਾਰ ਦੇ ਨੀਤੀ ਨਿਰਮਾਤਾਵਾਂ ਨੂੰ ਇਹ ਸਮਝਣਾ ਹੋਵੇਗਾ ਕਿ ਇਸ ਵਚਨਬੱਧਤਾ ਉਤੇ ਕਿਸਾਨ ਇਸ ਕਰਕੇ ਭਰੋਸਾ ਨਹੀਂ ਕਰ ਰਹੇ ਕਿਉਂਕਿ ਉਹਨਾਂ ਨੂੰ ਆਪਣੀ ਉਪਜ ਦਾ ਸਹੀ ਮੁੱਲ ਨਹੀਂ ਮਿਲ ਰਿਹਾ ਹੈ। ਸੱਚ ਤਾਂ ਇਹ ਹੈ ਕਿ ਕਿਸਾਨ ਇਸ ਕਰਕੇ ਅੰਦੋਲਨ ਕਰ ਰਹੇ ਹਨ ਕਿਉਂਕਿ ਉਹਨਾਂ ਦੀ ਚੰਗੀ ਫਸਲ ਹੀ ਉਹਨਾਂ ਲਈ ਮੁਸੀਬਤ ਬਣ ਗਈ ਹੈ। ਉਹ ਆਪਣੀ ਫਸਲ ਬਹੁਤ ਘੱਟ ਕੀਮਤ ਤੇ ਵੇਚਣ ਲਈ ਮਜਬੂਰ ਹਨ। ਜਦੋਂ ਕਿਸਾਨਾਂ ਨੂੰ ਆਪਣੀ ਉਪਜ ਦਾ ਲਾਗਤ ਮੁੱਲ ਮਿਲਣਾ ਔਖਾ ਹੋ ਰਿਹਾ ਹੈ ਤਾਂ ਕਰਜੇ ਤੇ ਸਬਸਿਡੀ ਜਾਰੀ ਰੱਖਣ ਜਾਂ ਬੀਜ ਅਤੇ ਕੀਟਨਾਸ਼ਕਾਂ ਵਿਚ ਰਿਆਇਤਾਂ ਦੇਣਾ ਜ਼ਿਆਦਾ ਅਹਿਮੀਅਤ ਨਹੀਂ ਰੱਖਦਾ। ਇਸੇ ਤਰ੍ਹਾਂ ਵਿੱਤ ਮੰਤਰੀ ਦੇ ਇਸ ਸਪਸ਼ਟੀਕਰਨ ਦਾ ਵੀ ਆਰਥਿਕ ਮਹੱਤਵ ਹੀ ਜ਼ਿਆਦਾ ਹੈ ਕਿ ਸੂਬਾ ਸਰਕਾਰ ਨੂੰ ਕਰਜਾ ਮੁਆਫੀ ਆਪਣੇ ਸਿਰ ਤੇ ਕਰਨੀ ਚਾਹੀਦੀ ਹੈ। ਇਹ ਸਹੀ ਹੈ ਕਿ ਕਰਜਾ ਮੁਆਫੀ ਕੋਈ ਸਥਾਈ ਹੱਲ ਨਹੀਂ ਹੈ, ਇਸ ਨਾਲ ਅੱਨਿਆ ਖੜ੍ਹਾ ਹੁੰਦਾ ਹੈ। ਜਿਹੜੇ ਕਿਸਾਨ ਆਪਣਾ ਕਰਜਾ ਉਤਾਰ ਰਹੇ ਹਨ ਅਤੇ ਬੈਂਕਾਂ ਨਾਲ ਉਹਨਾਂ ਦਾ ਲੈਣ-ਦੇਣ ਸਹੀ ਹੈ, ਉਹ ਨਿਰਉਤਸ਼ਾਹਿਤ ਹੁੰਦੇ ਹਨ। ਹਾਲਾਂਕਿ ਇਹ ਸਹੀ ਹੈ ਕਿ ਬੈਂਕਾਂ ਦਾ ਅਰਬਾਂ ਦਾ ਕਰਜਾ ਉਦਯੋਗਪਤੀ ਖਾ ਕੇ ਡਕਾਰ ਮਾਰ ਗਏ ਹਨ, ਜਿਹਨਾਂ ਦਾ ਬੈਂਕ ਕੁਝ ਨਹੀਂ ਵਿਗਾੜ ਸਕੇ। ਨਕਲੀ ਕੰਪਨੀਆਂ ਬਣਾ ਕੇ ਕਰਜੇ ਲਏ ਜਾਂਦੇ ਹਨ ਅਤੇ ਫਿਰ ਦੀਵਾਲੀਆ ਐਲਾਨ ਕਰਵਾ ਕੇ ਕਰਜ ਦਾ ਪੈਸਾ ਹੜੱਪ ਲਿਆ ਜਾਂਦਾ ਹੈ। ਪਰ ਕਿਸਾਨ ਦੀ ਮਜਬੂਰੀ ਇਹ ਹੈ ਕਿ ਉਹ ਕੋਲ ਜੋ ਜ਼ਮੀਨ ਹੈ, ਉਹ ਬੈਂਕ ਕੋਲ ਗਿਰਵੀ ਪਈ ਹੈ, ਜਿਸ ਨੂੰ ਵੇਚ ਕੇ ਬੈਂਕ ਆਪਣੇ ਕਰਜੇ ਦੀ ਉਗਰਾਹੀ ਕਰਵਾ ਲੈਂਦੇ ਹਨ। ਕਿਸਾਨ ਨੂੰ ਦੀਵਾਲੀਆਪਣ ਵਰਗੀ ਸਹੂਲਤ ਨਹੀਂ ਮਿਲਦੀ ਹੈ।

ਬੇਸ਼ੱਕ ਸਿਆਸਤ ਪੱਖੋਂ ਇਸ ਨੂੰ ਕਾਂਗਰਸ ਦੀ ਚਾਲ ਕਿਹਾ ਜਾ ਰਿਹਾ ਹੈ। ਸਿਆਸਤ ਵਿਚ ਅਜਿਹਾ ਹੁੰਦਾ ਹੀ ਹੈ ਕਿ ਸੱਤਾ ਹਾਸਲ ਕਰਨ ਲਈ ਮੌਜੂਦਾ ਸੱਤਾਧਾਰੀ ਸਰਕਾਰ ਦੇ ਖਿਲਾਫ ਕਿਹੜਾ ਮੁੱਦਾ ਲੱਭਿਆ ਜਾਵੇ। ਪਰ ਸਵਾਲ ਤਾਂ ਜ਼ਮੀਨੀ ਅਸਲੀਅਤ ਨੂੰ ਸਮਝਣ ਦਾ ਹੈ। ਭਾਰਤ ਵਿਚ ਸਬਜ਼ੀ ਪੈਦਾ ਕਰਨ ਵਾਲੇ ਕਿਸਾਨਾਂ ਦੀ ਹਾਲਤ ਮਾੜੀ ਹੋ ਗਈ ਹੈ। ਫਲ, ਦਾਲਾਂ, ਤੇਲ ਬੀਜ ਆਦਿ ਫਸਲਾਂ ਦੇ ਭਾਅ ਸੀਜਨ ਵਿਚ ਬਾਜ਼ਾਰ ਦੇ ਰਹਿਮੋ-ਕਰਮ ਤੇ ਆ ਜਾਂਦੇ ਹਨ ਅਤੇ ਵਪਾਰੀ ਬਹੁਤ ਸਸਤੀਆਂ ਫਸਲਾਂ ਖਰੀਦ ਕੇ ਬਾਅਦ ਵਿਚ ਮਹਿੰਗੇ ਭਾਅ ਤੇ ਵੇਚਦੇ ਹਨ। ਇਸ ਕਰਕੇ ਕਿਸਾਨ ਦੀ ਸਸਤੀ ਫਸਲ ਦਾ ਫਾਇਦਾ ਉਪਭੋਗਤਾ ਨੂੰ ਵੀ ਨਹੀਂ ਮਿਲਦਾ, ਬਲਕਿ ਵਪਾਰੀ ਵਰਗ ਲੈ ਜਾਂਦਾ ਹੈ। ਇਹ ਵਪਾਰੀ ਵਰਗ ਕਰੋੜਾਂ ਰੁਪਏ ਦੀਆਂ ਬੈਂਕ ਲਿਮਟਾਂ ਦੇ ਸਿਰ ਤੇ ਅਜਿਹਾ ਕਰਦਾ ਹੈ। ਕਿਸਾਨ ਦੀ ਜੇਕਰ ਲਿਮਟ ਟੁੱਟ ਗਈ ਤਾਂ ਕੁਰਕੀ ਆ ਜਾਂਦੀ ਹੈ। ਭਾਰਤ ਵਿਚ ਬਾਜ਼ਾਰ ਸਰਕਾਰ ਦੇ ਕੰਟਰੋਲ ਤੋਂ ਬਾਹਰ ਹੈ, ਜਿਸ ਕਾਰਨ ਵਾਰ-ਵਾਰ ਕਿਸਾਨਾਂ ਦੀਆਂ ਮੁਸ਼ਕਿਲਾਂ ਖੜ੍ਹੀਆਂ ਹੁੰਦੀਆਂ ਹਨ। ਜੇਕਰ ਕਿਸੇ ਵਸਤੂ ਦੀ ਕਮੀ ਨਜ਼ਰ ਆਉਂਦੀ ਹੈ ਤਾਂ ਸਰਕਾਰ ਵਿਦੇਸ਼ ਤੋਂ ਮੰਗਵਾ ਲੈਂਦੀ ਹੈ ਪਰ ਉਹੀ ਫਸਲ ਜਦੋਂ ਭਾਰਤ ਵਿਚ ਪੈਦਾ ਹੁੰਦੀ ਹੈ ਤਾਂ ਉਹ ਬਹੁਤ ਸਸਤੀ ਕੀਮਤ ਤੇ ਖਰੀਦੀ ਜਾਂਦੀ ਹੈ। ਇਸ ਕਰਕੇ ਇਕ ਅਜਿਹੀ ਨੀਤੀ ਬਣਾਉਣ ਦੀ ਲੋੜ ਹੈ, ਜਿਸ ਨਾਲ ਕਿਸਾਨ ਨੂੰ ਉਸ ਦੀ ਫਸਲ ਦਾ ਵਾਜਬ ਭਾਅ ਮਿਲੇ। ਜੇਕਰ ਅਜਿਹਾ ਹੁੰਦਾ ਹੈ ਤਾਂ ਕਿਸਾਨ ਆਪਣਾ ਕਰਜਾ ਆਸਾਨੀ ਨਾਲ ਉਤਾਰ ਸਕੇਗਾ ਅਤੇ ਖੁਦਕੁਸ਼ੀਆਂ ਦੀ ਦਿੱਕਤ ਨਹੀਂ ਆਵੇਗੀ।

ਇਸ ਦੇ ਨਾਲ ਹੀ ਸਮਾਜਿਕ ਬੁਰਾਈਆਂ ਵੀ ਕਿਸਾਨਾਂ ਨੂੰ ਬਹੁਤ ਪ੍ਰੇਸ਼ਾਨ ਕਰ ਰਹੀਆਂ ਹਨ। ਵਿਆਹਾਂ ਆਦਿ ਤੇ ਜ਼ਿਆਦਾ ਖਰਚ ਕਰਨ ਕਿਸਾਨ ਕਰਜੇ ਵਿਚ ਫਸ ਰਹੇ ਹਨ। ਇਹ ਨਵੀਂ ਕੁਰੀਤੀ ਨੂੰ ਵੀ ਠੱਲ੍ਹ ਪਾਉਣ ਦੀ ਲੋੜ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536
36415 RUSCHIN DR. NEWARK, CA 94560
Pardes Times (2nd office)
Ranjit Kandola ,Managing Editor
530-315-1020, email-Kandola@macloans.net
Buta Ram joshi Staff Reporter, Fresno 559-803-0055
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਵੱਡੀਆਂ ਮੱਛੀਆਂ ਤੇ ਆਮਦਨ ਕਰ ਵਿਭਾਗ ਦਾ ਸ਼ਿਕੰਜਾ



Sinder Singh Pasiana
(Advocate)
Email -
sindersingh2009@gmail.com
(91-86991-19745 M)

ਭਾਰਤ ਨੂੰ ਆਜ਼ਾਦ ਹੋਇਆਂ 70 ਸਾਲ ਤੋਂ ਜ਼ਿਆਦਾ ਹੋ ਗਏ ਹਨ ਪਰ ਹੁਣ ਤੱਕ ਪੂਰਨ ਪੱਛਮੀ ਮਾਡਲ ਅਤੇ ਲੋਕਰਾਜ ਅਪਣਾਉਣ ਦੇ ਬਾਵਜੂਦ ਭਾਰਤ ਦਾ ਪ੍ਰਸ਼ਾਸਨਿਕ ਸਿਸਟਮ ਲੁੰਜ-ਪੁੰਜ ਅਤੇ ਨਕਾਰਾ ਹੋ ਕੇ ਕੰਮ ਕਰ ਰਿਹਾ ਹੈ। ਹਰ ਵਿਅਕਤੀ ਨੂੰ ਇਕ ਅਜਿਹੀ ਦੌੜ ਲੱਗੀ ਹੋਈ ਹੈ, ਜਿਸ ਤਰ੍ਹਾਂ ਨਾਦਰ ਸ਼ਾਹ ਅਤੇ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਵੇਲੇ ਲੋਕੀ ਆਪਣਾ ਮਾਲ ਸਾਂਭ ਕੇ ਫਰਾਰ ਹੋ ਜਾਂਦਾ ਸਨ, ਜਾਂ ਫਿਰ ਵੰਡ ਦਿੰਦੇ ਸਨ ਤਾਂ ਜੋ ਨਾਦਰਸ਼ਾਹ ਦੇ ਹੱਥ ਨਾ ਲੱਗ ਸਕੇ। ਪਰ ਹੁਣ ਹਾਲਾਤ ਇਸ ਤੋਂ ਵੀ ਮਾੜੇ ਹੋ ਗਏ ਹਨ। ਹੁਣ ਡਕੈਤ ਬਾਹਰੋਂ ਨਹੀਂ, ਅੰਦਰੋਂ ਪੈਦਾ ਹੋ ਰਹੇ ਹਨ। ਕੋਈ ਵੀ ਦਫਤਰ ਵਿਚ ਬਿਨਾਂ ਰਿਸ਼ਵਤ ਦੇ ਕੰਮ ਨਹੀਂ ਹੁੰਦਾ। ਕੋਈ ਵੀ ਅਫਸਰ ਆਪਣੇ ਅਹੁਦੇ ਨਾਲ ਇਨਸਾਫ ਨਹੀਂ ਕਰਦਾ। ਕੋਈ ਵੀ ਲੀਡਰ ਦੇਸ਼ ਹਿੱਤ ਵਿਚ ਸੋਚਣ ਦੀ ਬਜਾਏ ਸਿਰਫ ਆਪਣੇ ਹਿੱਤ ਬਾਰੇ ਸੋਚਦਾ ਹੈ। ਮੋਦੀ ਸਰਕਾਰ ਦੁਆਰਾ ਕਰੰਸੀ ਨੂੰ ਤਬਦੀਲ ਕਰਨ ਦੀ ਮੁਹਿੰਮ ਨੂੰ ਹਾਲਾਂਕਿ ਜ਼ਿਆਦਾ ਹੁੰਗਾਰਾ ਨਹੀਂ ਮਿਲਿਆ ਪਰ ਆਮਦਨ ਟੈਕਸ ਵਿਭਾਗ ਦੀ ਕਾਰਗੁਜ਼ਾਰੀ ਹਾਲ ਦੇ ਸਮੇਂ ਵਿਚ ਸ਼ਲਾਘਾਯੋਗ ਰਹੀ ਹੈ। ਇਸ ਵਿਭਾਗ ਨੇ ਆਮ ਆਦਮੀ ਨੂੰ ਕੁਝ ਨਹੀਂ ਕਿਹਾ, ਸਿਰਫ ਮੋਟੀਆਂ ਮੱਛੀਆਂ ਨੂੰ ਹੀ ਪਕੜਿਆ ਹੈ।



ਹਾਲ ਹੀ ਵਿਚ ਲਾਲੂ ਪ੍ਰਸਾਦ ਯਾਦਵ ਅਤੇ ਉਹਨਾਂ ਦੇ ਪਰਿਵਾਰ ਤੇ ਸ਼ਿਕੰਜਾ ਕਸਿਆ ਗਿਆ ਹੈ। ਉਹਨਾਂ ਦੇ ਲੜਕੇ-ਲੜਕੀ ਸਮੇਤ ਕਈ ਰਿਸ਼ਤੇਦਾਰਾਂ ਦੀਆਂ ਬੇਨਾਮੀ ਸੰਪਤੀਆਂ ਨੂੰ ਜਬਤ ਕਰ ਲਿਆ ਿਆ ਹੈ। ਲਾਲੂ ਦੀ ਲੜਕੀ ਮੀਸਾ ਭਾਰਤੀ, ਉਸਦੇ ਪਤੀ ਸ਼ੈਲੈਸ਼ ਕੁਮਾਰ, ਡਿਪਟੀ ਚੀਫ ਮਨਿਸਟਰ ਤੇਜਸਵੀ ਯਾਦਵ, ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਅਤੇ ਭੈਣਾਂ ਰਾਗਨੀ ਅਤੇ ਚੰਦਾ ਯਾਦਵ ਦੇ ਅਟੈਚ ਕੀਤੇ ਗਏ 12 ਪਲਾਟ ਦਾ ਵੇਰਵਾ ਪੇਸ਼ ਕੀਤਾ ਗਿਆ ਹੈ।ਜਬਤ ਕੀਤੀ ਗਈ ਸੰਪਤੀ ਦੀ ਕੀਮਤ 175 ਕਰੋੜ ਦੀ ਹੈ। ਹਾਲਾਂਕਿ ਇਸ ਬਾਰੇ ਇਹ ਕਿਹਾ ਜਾ ਰਿਹਾ ਹੈ ਕਿ ਇੰਨੀ ਜਾਇਦਾਦ ਤਾਂ ਅੱਜਕਲ੍ਹ ਆਮ ਬੰਦੇ ਕੋਲ ਵੀ ਹੁੰਦੀ ਹੈ ਅਤੇ ਇਹ ਬਦਲਾ ਲਊ ਕਾਰਵਾਈ ਕੀਤੀ ਜਾ ਰਹੀ ਹੈ, ਪਰ ਫਿਰ ਵੀ ਅਜਿਹੇ ਫੈਸਲਿਆਂ ਨਾਲ ਉਹਨਾਂ ਵੱਡੀਆਂ ਮੱਛੀਆਂ ਦੇ ਕੰਨ ਖੜ੍ਹੇ ਹੋ ਗਏ ਹਨ, ਜਿਹਨਾਂ ਨੇ ਮੁਲਕ ਦੇ ਸਿਸਟਮ ਨੂੰ ਕਬਾੜਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।

### ਹਾਰ ਤੋਂ ਬਾਅਦ ਅੱਗੇ ਦੀ ਸੋਚੋ

ਬੀਤਿਆ ਐਤਵਾਰ ਭਾਰਤੀ ਖੇਡਾਂ ਦੇ ਲਈ ਯਾਦਗਾਰ ਰਿਹਾ। ਬੈਡਮਿੰਟਨ ਦੇ ਉਭਰਦੇ ਸਟਾਰ ਕਿਦਾਂਬੀ ਸ਼੍ਰੀਕਾਂਤ ਨੇ ਇੰਡੋਨੇਸ਼ੀਆਈ ਓਪਨ ਜਿੱਤਿਆ ਅਤੇ ਭਾਰਤੀ ਹਾਕੀ ਟੀਮ ਨੇ ਵਰਲਡ ਲੀਗ ਦੇ ਸੈਮੀਫਾਈਨਲ ਵਿਚ ਪੁਰਾਣੇ ਵਿਰੋਧੀ ਪਾਕਿਸਤਾਨ ਨੂੰ 7-1 ਨਾਲ ਹਰਾ ਕੇ ਟੂਰਨਾਮੈਂਟ ਦੇ ਫਾਈਨਲ ਵਿਚ ਪ੍ਰਵੇਸ਼ ਕੀਤਾ। ਪਰ ਦੇਸ਼ ਦੇ ਜ਼ਿਆਦਾਤਰ ਲੋਕਾਂ ਦੇ ਲਈ ਖੇਡਾਂ ਦਾ ਮਤਲਬ ਸਿਰਫ ਕ੍ਰਿਕਟ ਹੈ ਅਤੇ ਚੈਂਪੀਅਨਸ ਟਰਾਫੀ ਦੇ ਫਾਈਨਲ ਵਿਚ ਪਾਕਿਸਤਾਨ ਨਾਲ ਮੁਕਾਬਲੇ ਨੂੰ ਯੁੱਧ ਵਰਗੀ ਸ਼ਕਲ ਦੇ ਦਿੱਤੀ ਗਈ। ਇਸ ਕਰਕੇ ਇਸ ਹਾਰ ਨੇ ਭਾਰਤ ਵਿਚ ਗਰਮੀ ਦਾ ਮਾਹੌਲ ਬਣਾ ਦਿੱਤਾ। ਚੰਗੀ ਗੱਲ ਇਹ ਹੈ ਕਿ ਦੋਵੇਂ ਕਪਤਾਨਾਂ ਵਿਰਾਟ ਕੋਹਲੀ ਅਤੇ ਸਰਫਰਾਜ ਅਹਿਮਦ ਨੇ ਮੈਚ ਤੋਂ ਬਾਅਦ ਸਾਂਝੇ ਬਿਆਨ ਦਿੱਤੇ ਅਤੇ ਖੇਡ ਨੂੰ ਖੇਡਾਂ ਵਾਂਗ ਹੀ ਲੈਣ ਦੀ ਬੇਨਤੀ ਕੀਤੀ। ਪਿਛਲੇ ਕੁਝ ਸਾਲਾਂ ਤੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਬਹੁਤ ਗਰਮੀ ਦੇਖੀ ਜਾ ਰਹੀ ਹੈ। ਦੋਵੇਂ ਪਾਸਿਉਂ ਇਕ-ਦੂਜੇ ਨੂੰ ਲੈ ਕੇ ਬਹੁਤ ਨਕਾਰਾਤਮਕ ਗੱਲਾਂ ਕਹੀਆਂ ਜਾਂਦੀਆਂ ਹਨ ਪਰ ਖੇਡਾਂ ਤਾਂ ਦੇਸ਼ ਵਿਚਕਾਰ ਨਹੀਂ, ਖਿਡਾਰੀਆਂ ਵਿਚਕਾਰ ਹੁੰਦੀਆਂ ਹਨ। ਪਾਕਿਸਤਾਨੀ ਟੀਮ ਦੇ ਬਾਰੇ ਅਸੀਂ ਜਾਣਦੇ ਹਾਂ ਕਿ ਉਹ ਬਿਲਕੁਲ ਨਵੀਂ ਹੈ। ਇਕ ਖਿਡਾਰੀ ਵੀ ਉਸਦਾ ਅਜਿਹਾ ਨਹੀਂ, ਜਿਸਦੀ ਦੁਨੀਆਂ ਵਿਚ ਵਿਰਾਟ ਕੋਹਲੀ, ਮਹਿੰਦਰ ਸਿੰਘ ਧੋਨੀ, ਯੁਵਰਾਜ ਸਿੰਘ ਜਾਂ ਆਰ. ਅਸ਼ਵਿਨ ਵਰਗੀ ਧਾਕ ਹੋਵੇ। ਦੂਜੇ ਪਾਸੇ ਭਾਰਤੀ ਟੀਮ ਵੀ ਇਕ ਵੱਡੀ ਦਿੱਕਤ ਵਿਚੋਂ ਲੰਘ ਰਹੀ ਹੈ। ਇਸਦੇ ਖਿਡਾਰੀਆਂ ਦਾ ਦਿਮਾਗੀ ਢਾਂਚਾ ਟੀ 20 ਮੈਚਾਂ ਵਾਲਾ ਹੋ ਗਿਆ ਹੈ। ਮੈਦਾਨ ਵਿਚ ਸੱਤ ਘੰਟੇ ਪੂਰਨ ਇਕਾਗਰਤਾ ਨਾਲ ਬੱਲੇਬਾਜ਼ੀ, ਗੇਂਦਬਾਜ਼ੀ ਜਾਂ ਫੀਲਡਿੰਗ ਕਰਨ ਵਿਚ ਦਿੱਕਤ ਆ ਰਹੀ ਹੈ। ਕਪਤਾਨ ਅਤੇ ਕੋਚ ਦਾ ਟਕਰਾਅ ਲਗਾਤਾਰ ਚਰਚਾ ਵਿਚ ਹੈ। ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਕ੍ਰਿਕਟ ਸੰਸਥਾ ਬੀ. ਸੀ. ਸੀ. ਆਈ. ਭ੍ਰਿਸ਼ਟਾਚਾਰ ਅਤੇ ਬਦਇੰਤਜ਼ਾਮੀ ਦੇ ਦੋਸ਼ਾਂ ਨਾਲ ਘਿਰੀ ਹੋਈ ਹੈ। ਪ੍ਰਸਪਰ ਵਿਰੋਧੀ ਹਿੱਤ ਆਪਸ ਵਿਚ ਟਕਰਾਅ ਰਹੇ ਹਨ, ਉਪਰ ਤੋਂ ਉਹਨਾਂ ਨੂੰ ਸੁਪਰੀਮ ਕੋਰਟ ਦੁਆਰਾ ਨਿਯੁਕਤ ਨਿਗਰਾਨ ਕਮੇਟੀ ਦੇ ਨਾਲ ਤਾਲਮੇਲ ਵੀ ਬਣਾਉਣਾ ਪੈਂਦਾ ਹੈ। ਚੈਂਪੀਅਨਸ ਟਰਾਫੀ ਦੋ ਵਿਸ਼ਵ ਕੱਪ ਟੂਰਨਾਮੈਂਟਾਂ ਵਿਚਕਾਰ ਆਯੋਜਿਤ ਕੀਤੀ ਜਾਂਦੀ ਹੈ, ਜਿੱਥੇ ਟੀਮਾਂ ਅਗਲੇ ਵਿਸ਼ਵ ਕੱਪ ਦੇ ਲਈ ਆਪਣੇ ਕਮਜ਼ੋਰ ਅਤੇ ਤਾਕਤਵਰ ਪਹਿਲੂਆਂ ਦੀ ਪੜਤਾਲ ਵੀ ਕਰਦੀਆਂ ਹਨ। ਇਸ ਕਰਕੇ ਹੁਣ ਪੜਤਾਲ ਕਰਨ ਦਾ ਸਮਾਂ ਹੈ। ਇਹ ਤਿਆਰ ਜਿੰਨੀ ਜਲਦੀ ਕਰ ਲਈ ਜਾਵੇ, 2019 ਦੇ ਵਰਲਡ ਕੱਪ ਵਿਚ ਉਨਾ ਹੀ ਚੰਗਾ ਰਹੇਗਾ।

### ਅੱਤਵਾਦ ਦੀ ਲਪੇਟ ਵਿਚ ਬ੍ਰਿਟੇਨ

ਬ੍ਰਿਟੇਨ ਮੁਸ਼ਕਿਲ ਆਰਥਿਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਆਰਥਿਕ ਤੰਗੀਆਂ ਦਾ ਅਸਰ ਸਰਕਾਰੀ ਤੇ ਸਮਾਜਿਕ ਨੀਤੀਆਂ ਉੱਪਰ ਵੀ ਪੈਣਾ ਸ਼ੁਰੂ ਹੋ ਗਿਆ ਹੈ। ਪਿਛਲੇ ਸੱਤ ਦਹਾਕਿਆਂ ਤੋਂ ਬ੍ਰਿਟੇਨ ਵੱਖ ਵੱਖ ਧਰਮਾਂ, ਸਿਆਸੀ ਵਿਚਾਰਧਾਰਾਵਾਂ ਤੇ ਨਸਲਾਂ ਦੇ ਆਵਾਸੀਆਂ ਪ੍ਰਤੀ ਉਦਾਰਤਾ ਤੇ ਸੱਜਣਤਾ ਦਾ ਮੁਜ਼ਾਹਰਾ ਕਰਦਾ ਆ ਰਿਹਾ ਸੀ। ਜਿਵੇਂ ਕਿ ਹਰ ਸਮਾਜ ਵਿੱਚ ਹੁੰਦਾ ਹੀ ਹੈ, ਇਸ ਮੁਲਕ ਵਿੱਚ ਵੀ ਨਸਲੀ ਇੰਤਹਾਪਸੰਦ ਮੌਜੂਦ ਸਨ, ਪਰ ਉਨ੍ਹਾਂ ਨੂੰ ਸਿਆਸੀ-ਸਮਾਜਿਕ ਜੀਵਨ ਵਿੱਚ ਕਦੇ ਵੀ ਅਸਾਵਾਂ ਮਹੱਤਵ ਨਹੀਂ ਸੀ ਮਿਲਿਆ। ਹੁਣ ਸਭ ਕੁਝ ਬਦਲਦਾ ਜਾ ਰਿਹਾ ਹੈ। ਹਿੰਸਾ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਨਮਾਜ਼ੀਆਂ ਉੱਪਰ ਵੈਨ ਹਮਲਾ ਚਾਰ ਮਹੀਨਿਆਂ ਦੌਰਾਨ ਹੋਇਆ ਚੌਥਾ ਵੱਡਾ ਇੰਤਹਾਪਸੰਦਾਨਾ ਕਾਰਾ ਹੈ। ਉਂਜ, ਇਹ ਪਹਿਲਾ ਅਜਿਹਾ ਕਾਰਾ ਹੈ ਜਿਸ ਵਿੱਚ ਮੁਸਲਿਮ ਭਾਈਚਾਰੇ ਨੂੰ ਜਵਾਬੀ ਨਿਸ਼ਾਨਾ ਬਣਾਇਆ ਗਿਆ। ਲੰਡਨ ਦੇ ਮੇਅਰ ਸਾਦਿਕ ਖ਼ਾਨ ਨੇ ਮੁਸਲਮਾਨਾਂ ਤੇ ਹੋਰ ਫ਼ਿਰਕਿਆਂ ਦੀ ਸੁਰੱਖਿਆ ਲਈ ਕੁਝ ਅਹਿਮ ਕਦਮ ਚੁੱਕੇ ਹਨ। ਸਾਰੀਆਂ ਧਿਰਾਂ ਦੇ ਸਿਆਸੀ ਨੇਤਾਵਾਂ ਨੇ ਵੀ ਸੰਵੇਦਨਸ਼ੀਲਤਾ ਦਾ ਮੁਜ਼ਾਹਰਾ ਕਰਦਿਆਂ ਸਹਿਣਸ਼ੀਲਤਾ, ਮਜ਼ਹਬੀ ਆਜ਼ਾਦੀ ਤੇ ਸਭਨਾਂ ਦੇ ਸਤਿਕਾਰ ਦੀਆਂ ਬਰਤਾਨਵੀ ਪਰੰਪਰਾਵਾਂ ਨੂੰ ਬੁਲੰਦ ਰੱਖਣ ਦਾ ਵਾਅਦਾ ਕੀਤਾ ਹੈ। ਫਿਰ ਵੀ, ਹਿੰਸਾ ਦਾ ਖ਼ਤਰਾ ਲਗਾਤਾਰ ਬਰਕਰਾਰ ਰਹਿਣਾ ਫ਼ਿਕਰ ਵਾਲਾ ਰੁਝਾਨ ਹੈ।

# ਕਿਸਾਨੀ ’ਚ ਵਧ ਰਹੀ ਬੇਚੈਨੀ ਮੋਦੀ ਲਈ ਬਣੀ ਸਿਰਦਰਦੀ

ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਰਾਜਾਂ ਦੀਆਂ ਸਰਕਾਰਾਂ ਲਈ ਅਚਨਚੇਤੀ ਨਵੀਂ ਸਿਰਦਰਦੀ ਪੈਦਾ ਹੋ ਗਈ ਹੈ। ਮਹਾਰਾਸ਼ਟਰ, ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਵਿੱਚ ਕਿਸਾਨ ਅੰਦੋਲਨ ਗੰਭੀਰ ਲਹਿਰਾਂ ਦਾ ਰੂਪ ਧਾਰ ਗਏ ਹਨ। ਮੱਧ ਪ੍ਰਦੇਸ਼ ਦੇ ਮੰਦਸੌਰ ਜ਼ਿਲ੍ਹੇ ਵਿੱਚ ਇੱਕ ਥਾਣੇ ਦੀ ਸਾੜ-ਫੂਕ ਕਰਨ ਵਾਲੇ ਕਿਸਾਨਾਂ ਉੱਤੇ ਕਾਬੂ ਪਾਉਣ ਲਈ ਪੁਲੀਸ ਵੱਲੋਂ ਕੀਤੀ ਗਈ ਫਾਇਰਿੰਗ ਵਿੱਚ ਛੇ ਜਾਨਾਂ ਜਾਣ ਦੀ ਖ਼ਬਰ ਹੈ। ਰਾਜ ਸਰਕਾਰ ਨੇ ਪਹਿਲਾਂ ਪੁਲੀਸ ਫਾਇਰਿੰਗ ਦੀਆਂ ਖ਼ਬਰਾਂ ਰੱਦ ਕੀਤੀਆਂ ਸਨ, ਪਰ ਬਾਅਦ ਵਿੱਚ ਘਟਨਾ ਦੀ ਅਦਾਲਤੀ ਜਾਂਚ ਦੇ ਹੁਕਮ ਦੇਣ ਤੋਂ ਇਲਾਵਾ ਮ੍ਰਿਤਕਾਂ ਦੇ ਵਾਰਸਾਂ ਨੂੰ ਦਸ-ਦਸ ਲੱਖ ਰੁਪਏ ਤੇ ਸਰਕਾਰੀ ਨੌਕਰੀ ਅਤੇ ਜ਼ਖ਼ਮੀਆਂ ਨੂੰ ਪੰਜ-ਪੰਜ ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ। ਮੰਦਸੌਰ ਤੇ ਗੁਆਂਢੀ ਜ਼ਿਲ੍ਹੇ ਨੀਮਚ ਵਿੱਚ ਹਿੰਸਾ ਤੇ ਸਾੜ-ਫੂਕ ਦੀਆਂ ਦਰਜਨਾਂ ਘਟਨਾਵਾਂ ਵਾਪਰਨ ਦੀ ਖ਼ਬਰ ਹੈ। ਅਜਿਹੇ ਅੰਦੋਲਨ ਇਸ ਕਰਕੇ ਹੋ ਰਹੇ ਹਨ ਕਿਉਂਕਿ ਇਸ ਵਾਰ ਤਿੰਨ ਰਾਜਾਂ ਵਿੱਚ ਬੰਪਰ ਫ਼ਸਲਾਂ ਹੋਈਆਂ ਹਨ, ਪਰ ਇਨ੍ਹਾਂ ਦੀ ਖ਼ਰੀਦ ਦੇ ਸੁਚੱਜੇ ਪ੍ਰਬੰਧ ਨਾ ਹੋਣ ਅਤੇ ਘੱਟੋਘੱਟ ਸਮਰਥਨ ਮੁੱਲ (ਐਮਐਸਪੀ) ਨਾ ਮਿਲਣ ਕਾਰਨ ਕਿਸਾਨਾਂ ਵਿੱਚ ਭਾਰੀ ਬੇਚੈਨੀ ਹੈ।



ਨਰਿੰਦਰ ਮੋਦੀ ਨੇ ਪਹਿਲਾਂ 2014 ਵਿੱਚ ਲੋਕ ਸਭਾ ਚੋਣਾਂ ਸਮੇਂ ਅਤੇ ਫਿਰ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਹ ਵਾਅਦਾ ਕੀਤਾ ਸੀ ਕਿ ਸਾਲ 2022 ਤਕ ਕਿਸਾਨੀ ਦੀ ਆਮਦਨ ਦੁੱਗਣੀ ਕਰ ਦਿੱਤੀ ਜਾਵੇਗੀ। ਦੂਜੇ ਪਾਸੇ ਜੋ ਮਾਹੌਲ ਚੱਲ ਰਿਹਾ ਹੈ, ਉਸ ਵਿੱਚ ਆਮਦਨ ਦੁੱਗਣੀ ਤਾਂ ਕੀ ਹੋਣੀ, ਵਧਣ ਦੀਆਂ ਸੰਭਾਵਨਾਵਾਂ ਵੀ ਬਹੁਤੀਆਂ ਦਮਦਾਰ ਨਹੀਂ ਜਾਪਦੀਆਂ। ਅਜਿਹੀ ਸੂਰਤੇਹਾਲ ਵਿੱਚ ਕਿਸਾਨਾਂ ਅੰਦਰ ਰੋਹ ਉਪਜਣਾ ਸੁਭਾਵਿਕ ਹੀ ਹੈ। ਮੱਧ ਪ੍ਰਦੇਸ਼ ਵਿੱਚ ਸਬਜ਼ੀਆਂ ਦੇ ਉਤਪਾਦਕਾਂ ਨੇ ਆਪਣੇ ਰੋਹ ਦੇ ਪ੍ਰਗਟਾਵੇ ਲਈ ਸਬਜ਼ੀਆਂ ਸ਼ਹਿਰਾਂ ਵਿੱਚ ਭੇਜਣ ਦੀ ਥਾਂ ਸੜਕਾਂ ਤੇ ਸ਼ਾਹਰਾਹਾਂ ਉੱਤੇ ਖਿੰਡਾ ਦਿੱਤੀਆਂ। ਇਹੀ ਕੁਝ ਦੁੱਧ ਦੇ ਮਾਮਲੇ ਵਿੱਚ ਕੀਤਾ ਗਿਆ। ਮਹਾਰਾਸ਼ਟਰ ਵਿੱਚ ਟਮਾਟਰਾਂ, ਪਿਆਜ਼ਾਂ, ਮਿਰਚਾਂ ਤੇ ਹੋਰ ਸਬਜ਼ੀਆਂ ਦੇ ਕਾਸ਼ਤਕਾਰ, ਸਰਕਾਰੀ ਪ੍ਰਬੰਧਾਂ ਤੋਂ ਬਹੁਤ ਔਖੇ ਹਨ। ਉਨ੍ਹਾਂ ਨੂੰ ਇੱਕ ਪਾਸੇ ਆਪਣੀਆਂ ਜਿਣਸਾਂ ਦੇ ਭਾਅ ਨਹੀਂ ਮਿਲ ਰਹੇ, ਦੂਜੇ ਪਾਸੇ ਖੇਤੀ ਕਰਜ਼ਿਆਂ ਦੇ ਸਬੰਧ ਵਿੱਚ ਸਰਕਾਰ ਤੋਂ ਕੋਈ ਰਾਹਤ ਨਹੀਂ ਮਿਲੀ। ਅੰਦੋਲਨ ਦੇ ਮੱਦੇਨਜ਼ਰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਸਾਨਾਂ ਦਾ ਕੁਝ ਕਰਜ਼ਾ ਮੁਆਫ਼ ਕਰਨ ਅਤੇ ਬਾਕੀ ਬਾਰੇ ਗੱਲਬਾਤ ਰਾਹੀਂ ਕੋਈ ਹੱਲ ਲੱਭਣ ਦਾ ਵਾਅਦਾ ਕੀਤਾ ਹੈ। ਅਜਿਹਾ ਕਰਕੇ ਉਨ੍ਹਾਂ ਨੇ ਅੰਦਲੋਨਕਾਰੀਆਂ ਵਿੱਚ ਇੱਕ ਵਾਰ ਦੁਫੇੜ ਤਾਂ ਪਾ ਦਿੱਤੀ ਹੈ, ਪਰ ਅਜਿਹੀ ਦੁਫੇੜ ਕਿਸਾਨੀ ਦੀ ਹੋਣੀ ਨੂੰ ਬਦਲਣ ਦੀ ਦਿਸ਼ਾ ਵੱਲ ਕੋਈ ਸਾਰਥਿਕ ਕਦਮ ਨਹੀਂ ਮੰਨੀ ਜਾ ਸਕਦੀ। ਪੰਜਾਬ ਵਿੱਚ ਕਾਂਗਰਸ ਨੇ ਵੀ ਸੱਤਾਸ਼ੀਲ ਹੋਣ ’ਤੇ ਕਿਸਾਨੀ ਕਰਜ਼ੇ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ। ਹੁਣ ਉਸ ਵਾਸਤੇ ਇਹ ਵਾਅਦਾ-ਪੂਰਤੀ ਵੱਡੀ ਸਿਰਦਰਦੀ ਬਣੀ ਹੋਈ ਹੈ। ਰਾਜ ਦਾ ਖ਼ਜ਼ਾਨਾ ਖਾਲੀ ਹੈ ਅਤੇ ਇਸ ਪੱਖੋਂ ਕੇਂਦਰ ਤੋਂ ਸਹਾਇਤਾ ਮਿਲਣ ਦੀ ਕੋਈ ਉਮੀਦ ਨਹੀਂ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਤਾਂ ਮਾਰਚ ਵਿੱਚ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਖੇਤੀ ਕਰਜ਼ਿਆਂ ਦੀ ਮੁਆਫ਼ੀ ਲਈ ਕਿਸੇ ਵੀ ਰਾਜ ਸਰਕਾਰ ਨੂੰ ਕੇਂਦਰੀ ਸਹਾਇਤਾ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨੇ ਇਹ ਐਲਾਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੱਲੋਂ ਇੱਕ ਲੱਖ ਰੁਪਏ ਤਕ ਦੇ ਖੇਤੀ ਕਰਜ਼ੇ ਮੁਆਫ਼ ਕੀਤੇ ਜਾਣ ਦੇ ਫ਼ੈਸਲੇ ਨਾਲ ਜੁੜੇ ਵਿਵਾਦ ਸਮੇਂ ਕੀਤਾ ਸੀ। ਉਨ੍ਹਾਂ ਨੇ ਸਾਫ਼ ਤੌਰ ’ਤੇ ਕਿਹਾ ਸੀ ਕਿ ਜੇਕਰ ਕੋਈ ਰਾਜ ਖੇਤੀ ਕਰਜ਼ੇ ਮੁਆਫ਼ ਕਰਦਾ ਹੈ ਤਾਂ ਇਸ ਕੰਮ ਲਈ ਕੇਂਦਰ ਸਰਕਾਰ ਫੰਡ ਨਹੀਂ ਦੇਵੇਗੀ। ਦਰਅਸਲ, ਕਰਜ਼ਾ ਮੁਆਫ਼ੀ ਵੀ ਭਾਰਤੀ ਕਿਸਾਨੀ ਨੂੰ ਦਰਪੇਸ਼ ਸੰਕਟ ਦਾ ਸਥਾਈ ਹੱਲ ਨਹੀਂ। ਕਰਜ਼ਾ ਮੁਆਫ਼ ਕਰਕੇ ਕਿਸਾਨਾਂ ਨੂੰ ਆਰਜ਼ੀ ਰਾਹਤ ਤਾਂ ਦਿੱਤੀ ਜਾ ਸਕਦੀ ਹੈ, ਖੇਤੀ ਨੂੰ ਲਾਹੇਵੰਦਾ ਧੰਦਾ ਨਹੀਂ ਬਣਾਇਆ ਜਾ ਸਕਦਾ। ਅਜਿਹੇ ਆਲਮ ਵਿੱਚ ਡਾ. ਸਵਾਮੀਨਾਥਨ ਕਮਿਸ਼ਨ ਦੇ ’ਫ਼ਸਲੀ ਲਾਗਤ+50 ਫ਼ੀਸਦੀ ਮੁਨਾਫ਼ਾ=ਐਮਐਸਪੀ’ ਵਾਲੇ ਫਾਰਮੂਲੇ ਨੂੰ ਅਜ਼ਮਾਉਣ ਵਿੱਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਇਹ ਵੱਖਰੀ ਗੱਲ ਹੈ ਕਿ ਅਜਿਹੀ ਅਜ਼ਮਾਇਸ਼ ਵੀ ਕੇਂਦਰ ਸਰਕਾਰ ਦੀ ਸਰਗਰਮ ਭਾਈਵਾਲੀ ਬਿਨਾਂ ਸੰਭਵ ਨਹੀਂ ਹੋ ਸਕੇਗੀ।

# ਪੰਜਾਬ ਦਾ ਕਪਤਾਨ ਤੇ ਬਿਆਨਬਾਜ਼ੀਆਂ ਦੀ ਸਿਆਸਤ

**ਬਲਕਾਰ ਸਿੰਘ (ਪ੍ਰੋ.)**

> **ਇਹ ਠੀਕ ਹੈ ਕਿ ਚੋਣ ਵਾਅਦੇ ਜੇਤੂ ਧਿਰ ਦੇ ਹੀ ਪਰਖੇ ਜਾਂਦੇ ਹਨ। ਪਰ ਪਰਖਣ ਵਾਲਿਆਂ ਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਚੋਣ ਵਾਅਦੇ ਸਿਆਸੀ ਨੈਤਿਕਤਾ ਦਾ ਹਿੱਸਾ ਹੋਣ ਦੀ ਥਾਂ ਸਿਆਸੀ ਦੰਗਲ ਦੇ ਪੈਂਤੜੇ ਹੋ ਗਏ ਹਨ। ਵੋਟ ਬਟੋਰਨ ਦੇ ਮੁਕਾਬਲੇ ਵਾਲੀ ਸਿਆਸਤ ਵਿਚ ਵੋਟਰ ਨੂੰ ਜਾਗ੍ਰਿਤ ਕਰਨ ਦੀ ਥਾਂ, ਵੋਟਰ ਨੂੰ ਭਰਮਾਉਣ ਦੀ ਕਲਾ ਮੁੱਖ ਰਹਿੰਦੀ ਹੈ। ਇਸ ਦੇ ਪ੍ਰਭਾਵ ਤੋਂ ਚੋਣ ਮੈਨੀਫੈਸਟੋ ਵੀ ਨਹੀਂ ਬਚਦੇ।**



ਇਹ ਗੱਲ ਨਿਰਾਸ਼ ਕਰਨ ਵਾਲੀ ਹੈ ਕਿ ਅਕਾਦਮਿਕਤਾ ਵੀ ਸਿਆਸਤ ਦਾ ਸ਼ਿਕਾਰ ਹੋਣ ਵਾਲੇ ਰਾਹ ਪੈ ਚੁੱਕੀ ਹੈ ਅਤੇ ਵਿਦਿਅਕ ਅਦਾਰਿਆਂ ਨੂੰ ਫੈਕਟਰੀਆਂ ਵਾਂਗ ਲਿਆ ਜਾਣ ਲੱਗ ਪਿਆ ਹੈ। ਪਤਾ ਨਹੀਂ ਕਿਹੜੇ ਵੇਲੇ ਕੋਈ ਵਿਦਿਆਰਥੀ ਜਾਂ ਸੰਸਥਾ ਸੇਵਾਦਾਰ, ਸੰਸਥਾ ਮੁਖੀ ਨੂੰ ਦਫਤਰ ਵਿਚ ਨਾ ਜਾਣ ਦੇਵੇ ਜਾਂ ਦਫਤਰ ਵਿਚੋਂ ਨਾ ਨਿਕਲਣ ਦੇਵੇ। ਇਸ ਸਿਆਸੀ ਤਪਸ਼ ਵਾਲੇ ਮਾਹੌਲ ਵਿਚ ਵੀ ਅਕਾਦਮੀਸ਼ਨਾਂ ਨੇ ਸਿਆਸਤਦਾਨਾਂ ਤੋਂ ਉਹੋ ਜਿਹੀ ਕੀਮਤ ਕਦੇ ਵੀ ਨਹੀਂ ਮੰਗੀ, ਜਿਸ ਤਰ੍ਹਾਂ ਦੀ ਕੀਮਤ ਕਾਰਖਾਨੇਦਾਰ ਜਾਂ ਸਰਮਾਏਦਾਰ, ਸਿਆਸਤਦਾਨਾਂ ਤੋਂ ਲਗਾਤਾਰ ਵਸੂਲ ਕਰਦੇ ਆ ਰਹੇ ਹਨ। ਇਸ ਦੇ ਬਾਵਜੂਦ ਸਿਆਸਤਦਾਨਾਂ ਦੀ ਨਜ਼ਰ ਵਿਚ ਅਕਾਦਮੀਸ਼ਨਾਂ ਦਾ ਉਹੋ ਜਿਹਾ ਸਤਿਕਾਰ ਨਹੀਂ, ਜਿਹੋ ਜਿਹਾ ਸਰਮਾਏਦਾਰਾਂ ਦਾ ਹੈ। ਇਸੇ ਕਰਕੇ ਸਿਆਸਤਦਾਨ, ਸਰਮਾਏਦਾਰ ਬਣਨ ਵਾਲੇ ਰਾਹ ਤਾਂ ਪੈਂਦਾ ਹੈ, ਪਰ ਅਕਾਦਮੀਸ਼ਨ ਬਣਨ ਵਾਲੇ ਰਾਹ ਕਦੇ ਨਹੀਂ ਪੈਂਦਾ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਵਿਦਵਾਨ ਚੁੱਪ ਨਹੀਂ ਕਰਦਾ ਅਤੇ ਸਰਮਾਏਦਾਰ ਬੋਲਦਾ ਨਹੀਂ। ਸਿਆਸਤਦਾਨ ਨੂੰ ਚੁੱਪ ਠੀਕ ਬੈਠਦੀ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਵਿਦਵਾਨ ਵੀ ਚੁੱਪ ਨਾ ਰਹਿਣ ਦੀ ਕਮਜ਼ੋਰੀ ਕਰਕੇ ਸਿਆਸਤਦਾਨਾਂ ਵਾਂਗ ਬਿਆਨਬਾਜ਼ੀ ਕਰਨ ਲੱਗ ਪੈਣਗੇ ਤਾਂ ਮੁੱਦਿਆਂ ਦੀ ਨਿਸ਼ਾਨਦੇਹੀ ਕਰਕੇ ਮੁੱਦਿਆਂ ਬਾਰੇ ਸੰਵਾਦ ਰਚਾਉਣ ਦੀ ਜ਼ੁੰਮੇਵਾਰੀ ਕੌਣ ਨਿਭਾਏਗਾ? ਸਿਆਸਤ, ਕਲਯੁਗ ਦਾ ਧਰਮ ਹੁੰਦੀ ਜਾ ਰਹੀ ਹੈ ਕਿਉਂਕਿ ਕਲਯੁਗ ਕਿਸੇ ਨੂੰ ਵੀ ਬਚਕੇ ਨਿਕਲਣ ਦਾ ਮੌਕਾ ਨਹੀਂ ਦਿੰਦਾ। ਫਿਰ ਵੀ ਇਹ ਤਾਂ ਸਿਆਣਿਆਂ ਨੂੰ ਹੀ ਸੋਚਣਾ ਪਵੇਗਾ ਕਿ ਜੇ ਸਿਆਸਤ ਦਾ 'ਬੈਂਗਣੀ ਰੰਗ' ਇਉਂ ਹੀ ਉਘੜਦਾ ਗਿਆ ਤਾਂ ਬੱਚੇਖਾਣੀ-ਸਿਆਸਤ ਦੇ ਨਤੀਜਿਆਂ ਦੀ ਕੀਮਤ ਹਰ ਕਿਸੇ ਨੂੰ ਕਿਸੇ ਨਾ ਕਿਸੇ ਰੂਪ ਵਿਚ ਤਾਰਨੀ ਹੀ ਪਵੇਗੀ।

ਜੋ ਕੁਝ ਅਖਬਾਰਾਂ ਵਿਚ ਵਿਦਵਾਨਾਂ ਵੱਲੋਂ ਸਿਆਸਤ ਬਾਰੇ ਛਪ ਰਿਹਾ ਹੈ, ਉਸ ਤੋਂ ਤਾਂ ਇਹੀ ਪ੍ਰਭਾਵ ਲਿਆ ਜਾ ਸਕਦਾ ਹੈ ਕਿ ਕੈਪਟਨ ਸਰਕਾਰ ਤੁਰਨ ਤੋਂ ਪਹਿਲਾਂ ਹੀ ਫੇਲ੍ਹ ਹੋ ਚੁੱਕੀ ਹੈ। ਤੁਰਨ ਤੋਂ ਪਹਿਲਾਂ ਡਿੱਗ ਪੈਣ ਦੀ ਸਿਆਸਤ ਦਾ ਆਧਾਰ ਉਹੀ ਹੈ, ਜੋ ਸਿਆਸਤਦਾਨ ਇਕ ਦੂਜੇ ਨੂੰ ਮਿਹਣਿਆਂ ਵਾਂਗ ਵਰਤਾ ਰਹੇ ਹਨ। ਜਦੋਂ ਇਹੋ ਜਿਹਾ ਬਿਆਨ ਕਿਸੇ ਸਿਆਸਤਦਾਨ ਦਾ ਹੁੰਦਾ ਹੈ ਤਾਂ ਸਮਝ ਆ ਜਾਂਦਾ ਹੈ ਕਿ ਸਰਕਾਰ ਨੂੰ ਫੇਲ੍ਹ ਕਰਨਾ ਹੈ ਅਤੇ ਇਸ ਵਾਸਤੇ ਪਹਿਲਾ ਕਦਮ ਇਹ ਹੈ ਕਿ ਸਰਕਾਰ ਦੇ ਫੇਲ੍ਹ ਹੋ ਜਾਣ ਦਾ ਪ੍ਰਭਾਵ ਆਮ ਲੋਕਾਂ ਤੱਕ ਸ਼ੋਰੀਲੇ ਅਤੇ ਸਿਆਸਤੀ ਢੰਗ ਨਾਲ ਪਹੁੰਚਾਇਆ ਜਾਵੇ। ਧਾਰਨਾ ਅਤੇ ਅਸਲ ਦੀ ਲੜਾਈ ਕਿਸੇ ਵੀ ਕਿਸਮ ਦੇ ਸਿਆਸੀ ਦੰਗਲ ਦੀ ਚੂਲ ਹੁੰਦੀ ਜਾ ਹੈ। ਧਾਰਨਾ, ਇੱਛਤ ਨਤੀਜਿਆਂ ਵੱਲ ਸੇਧਿਤ ਰਹਿੰਦੀ ਹੈ ਅਤੇ ਅਸਲੀਅਤ, ਸੋਚਕੇ ਬੋਲਣ ਵੱਲ ਸੇਧਿਤ ਰਹਿੰਦੀ ਹੈ। ਇਹ ਗੱਲ ਵੱਖਰੀ ਹੈ ਕਿ ਸਿਆਸਤ ਨੇ ਇਨ੍ਹਾਂ ਦੋਹਾਂ ਪਰਤਾਂ ਨੂੰ ਰਲ-ਗੱਡ ਕਰਕੇ ਸਿਆਸੀ ਸੁਆਰਥ ਦਾ ਹਥਿਆਰ ਬਣਾ ਦਿੱਤਾ ਹੈ। ਇਸ ਨਾਲ ਹਰ ਕੋਈ ਸਿਆਸੀ ਰੰਗ ਵਿਚ ਰੰਗਿਆ ਨਜ਼ਰ ਆਉਣ ਲੱਗ ਪਿਆ ਹੈ। ਕਿਸੇ ਵੀ ਵਰਗ ਨੂੰ ਇਕ ਹੱਦ ਤੱਕ ਮਰਜ਼ੀ ਨਾਲ ਵਿਚਰਨ ਦਾ ਅਧਿਕਾਰ ਭਾਰਤੀ ਵਿਧਾਨ ਨੇ ਦਿੱਤਾ ਹੋਇਆ ਹੈ। ਅਧਿਕਾਰਾਂ ਦੀ ਵਿਧਾਨਕ ਵਰਤੋਂ ਵੀ ਇਸ ਲਈ ਮਸਲਾ ਬਣਦੀ ਜਾ ਰਹੀ ਹੈ ਕਿਉਂਕਿ ਜੋ ਅਧਿਕਾਰਾਂ ਦੀ ਵਰਤੋਂ ਸਿਆਸੀ ਸ਼ੈਲੀ ਵਿਚ ਨਹੀਂ ਕਰ ਸਕਦਾ, ਉਸ ਨੂੰ ਅਧਿਕਾਰਾਂ ਤੋਂ ਮਹਿਰੂਮ ਹੋਣ ਵਾਲੇ ਰਾਹੇ ਪਾ ਦਿੱਤਾ ਜਾਂਦਾ ਹੈ। ਇਸ ਨਾਲ ਦੂਜਿਆਂ ਦੀਆਂ ਕਮਜ਼ੋਰੀਆਂ ਦੇ ਸ਼ਿਕਾਰੀਆਂ ਅਤੇ ਵਪਾਰੀਆਂ ਨੂੰ ਸਿਆਸਤਦਾਨ ਕਿਹਾ ਜਾਣ ਲੱਗ ਪਿਆ ਹੈ। ਇਹ ਵਿਧੀ, ਸਿਆਸਤਦਾਨ ਇਕ ਦੂਜੇ ਦੇ ਵਿਰੁਧ ਵੀ ਵਰਤੀ ਜਾ ਰਹੇ ਹਨ ਅਤੇ ਇਸ ਨਾਲ ਬੋਲਣ ਵਾਸਤੇ ਬੋਲਣ ਦੀ ਸਿਆਸਤ ਭਾਰੂ ਹੁੰਦੀ ਜਾ ਰਹੀ ਹੈ। ਅਕਾਦਮੀਸ਼ਨਾਂ ਨੂੰ ਇਸ ਤੋਂ ਬਚਣਾ ਚਾਹੀਦਾ ਹੈ।

ਪੰਜਾਬ ਵਿਚ ਦਸ ਸਾਲ ਬਾਅਦ ਬਾਦਲ ਸਰਕਾਰ ਦਾ ਬਦਲ ਕੈਪਟਨ ਸਰਕਾਰ ਵਜੋਂ ਸਾਹਮਣੇ ਆਇਆ ਹੈ। ਜਿੰਨੇ ਕੁ ਬਾਦਲ ਸਾਹਿਬ ਅਕਾਲੀ ਸਨ, ਉਨੇ ਕੁ ਹੀ ਕੈਪਟਨ ਸਾਹਿਬ ਕਾਂਗਰਸੀ ਹਨ। ਇਸ ਕਰਕੇ ਪੰਜਾਬ ਸਰਕਾਰ ਨੂੰ ਅਕਾਲੀਆਂ ਜਾਂ ਕਾਂਗਰਸੀਆਂ ਦੀ ਸਰਕਾਰ ਵਜੋਂ ਵੇਖੇ ਜਾਣ ਦੀ ਥਾਂ, ਦੋ ਪੰਜਾਬੀ ਸ਼ੈਲੀਆਂ ਦੀਆਂ ਸਰਕਾਰਾਂ ਵਜੋਂ ਵੇਖੇ ਜਾਣ ਦੀ ਲੋੜ ਹੈ। ਬਾਦਲ ਅਤੇ ਕੈਪਟਨ ਦੋਵੇਂ ਇਕੱਠੇ ਵੀ ਸਨ ਅਤੇ ਇਕੱਠੇ ਨਹੀਂ ਵੀ ਸਨ। ਪੰਜਾਬ ਦੀਆਂ ਹੋਰ ਸਾਰੀਆਂ ਸਕਰਮਕ ਤੇ ਆਕਰਮਕ ਸਿਆਸੀ ਧਿਰਾਂ, ਇਨ੍ਹਾਂ ਦੋਹਾਂ ਦੇ ਭੇੜ ਵਿਚ ਇਹ ਸੋਚਕੇ ਵਿਚਰਦੀਆਂ ਰਹੀਆਂ ਹਨ ਕਿ "ਹੋਵੇਗਾ ਅਸ਼ਮੇਧ ਜੱਗ, ਰੱਜ ਖਾਣ ਸਵਾਲੀ"। ਇਸ ਨੂੰ ਸਿਆਸੀ ਸੁਰ ਵਿਚ ਬਾਦਲ ਸ਼ੈਲੀ ਅਤੇ ਕੈਪਟਨ ਸ਼ੈਲੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਦੋਹਾਂ ਸ਼ੈਲੀਆਂ ਨੂੰ ਓਨਾ ਬਾਹਰੋਂ ਖਤਰਾ ਨਹੀਂ ਹੈ, ਜਿੰਨਾ ਅੰਦਰੋਂ ਖਤਰਾ ਹੈ। ਬਾਦਲ ਸ਼ੈਲੀ ਵਿਚ ਵਿਰੋਧੀ ਦੇ ਅੰਦਰਲੇ ਖਤਰਿਆਂ ਦੀ ਸਿਆਸਤ ਨੂੰ ਪਹਿਲ ਪ੍ਰਾਪਤ ਰਹੀ ਹੈ, ਪਰ ਕੈਪਟਨ ਸ਼ੈਲੀ ਸਿਆਸਤ ਦਾ ਕੂਟਨੀਤਕ ਉਸਾਰ ਸਾਹਮਣੇ ਲਿਆਉਣ ਵੱਲ ਸੇਧਿਤ ਹੈ। ਇਸ ਨਾਲ ਕੈਪਟਨ ਸਿਆਸੀ ਫੱਟਿਆਂ ਵਾਲੀ ਰਵਾਇਤੀ ਸਿਆਸਤ ਤੋਂ ਅੱਗੇ ਲੰਘਣਾ ਚਾਹੁੰਦੇ ਹਨ। ਇਸੇ ਕਰਕੇ ਉਹ ਖਾੜਕੂ ਸਿਆਸਤ ਨਾਲ ਜੂਝਦੇ ਹੋਏ ਵੀ, ਖਾੜਕੂ ਸਿਆਸਤ ਦੀ ਵਾਪਸੀ ਦੇ ਤੁਰਤ ਸਰੋਕਾਰਾਂ ਵਿਚ ਐਸਵਾਈਐਲ ਦੇ ਮੁੱਦੇ ਨੂੰ ਸ਼ਾਮਲ ਕਰ ਰਹੇ ਹਨ। ਇਸੇ ਵਿਚ ਹੀ ਉਨ੍ਹਾਂ ਦਾ ਸ੍ਰੀ ਬਾਦਲ ਵਾਂਗ ਸਵੇਰ ਤੋਂ ਸ਼ਾਮ ਤੱਕ ਲੋਕਾਂ ਨੂੰ ਮਿਲਣਾ ਸ਼ਾਮਲ ਨਹੀਂ ਹੈ। ਬਾਦਲ ਆਪਣੀ ਸਿਆਸੀ ਪਾਰੀ, ਸੱਤਾ ਵਿਚ ਰਹਿਣ ਲਈ ਕੁਝ ਵੀ ਕੀਤਾ ਜਾ ਸਕਦਾ ਹੈ, ਨਾਲ ਖਤਮ ਕਰ ਚੁੱਕੇ ਹਨ। ਦੂਜੇ ਪਾਸੇ ਕੈਪਟਨ ਨੂੰ ਸਿਆਸੀ ਪਾਰੀ ਨਾਲ ਨਿਭਣ ਦੇਣ ਦੀ ਥਾਂ, ਨਿਭਣ ਦਾ ਮੌਕਾ ਖੋਹਣ ਦੀ ਸਿਆਸਤ ਭਾਰੂ ਹੁੰਦੀ ਜਾ ਰਹੀ ਹੈ। ਸਾਰੇ ਸਿਆਸਤਦਾਨਾਂ ਨੂੰ ਪਤਾ ਹੈ ਕਿ ਕੈਪਟਨ ਸਰਕਾਰ ਵੱਲੋਂ ਲਏ ਹੋਏ ਨੀਤੀ ਫੈਸਲਿਆਂ ਨੂੰ ਲਾਗੂ ਤਾਂ ਪ੍ਰਬੰਧਕੀ ਅਮਲੇ ਨੇ ਕਰਨਾ ਹੈ। ਇਸੇ ਨੂੰ ਜੇ ਸਰਕਾਰੀ ਕਰਿੰਦਿਆਂ ਦੀ ਕਾਰਗੁਜ਼ਾਰੀ ਵਾਂਗ ਵੇਖਾਂਗੇ ਤਾਂ ਨਤੀਜੇ ਨਿੰਦਕੀ ਸਿਆਸਤ ਵਰਗੇ ਨਿਕਲ ਆਉਣਗੇ। ਅੱਜਕਲ੍ਹ ਮੀਡੀਆ ਵਿਚ ਇਹੀ ਹੋ ਰਿਹਾ ਹੈ। ਇਹ ਠੀਕ ਹੈ ਕਿ ਚੋਣ ਵਾਅਦੇ ਜੇਤੂ ਧਿਰ ਦੇ ਹੀ ਪਰਖੇ ਜਾਂਦੇ ਹਨ। ਪਰ ਪਰਖਣ ਵਾਲਿਆਂ ਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਚੋਣ ਵਾਅਦੇ ਸਿਆਸੀ ਨੈਤਿਕਤਾ ਦਾ ਹਿੱਸਾ ਹੋਣ ਦੀ ਥਾਂ ਸਿਆਸੀ ਦੰਗਲ ਦੇ ਪੈਂਤੜੇ ਹੋ ਗਏ ਹਨ। ਵੋਟ ਬਟੋਰਨ ਦੇ ਮੁਕਾਬਲੇ ਵਾਲੀ ਸਿਆਸਤ ਵਿਚ ਵੋਟਰ ਨੂੰ ਜਾਗ੍ਰਿਤ ਕਰਨ ਦੀ ਥਾਂ, ਵੋਟਰ ਨੂੰ ਭਰਮਾਉਣ ਦੀ ਕਲਾ ਮੁੱਖ ਰਹਿੰਦੀ ਹੈ। ਇਸ ਦੇ ਪ੍ਰਭਾਵ ਤੋਂ ਚੋਣ ਮੈਨੀਫੈਸਟੋ ਵੀ ਨਹੀਂ ਬਚਦੇ। ਇਸ ਵਿਚ ਵਾਧਾ ਇਹ ਹੋ ਜਾਂਦਾ ਰਿਹਾ ਹੈ ਕਿ ਲੋਕਤੰਤਰ ਦੇ ਵਿਧਾਨਕੀ ਪ੍ਰਸੰਗ ਵਿਚ ਸਮਾਂ ਸੀਮਾ ਜਿਸ ਤਰ੍ਹਾਂ ਚੋਣ ਤਪਸ਼ ਵਿਚ ਕਹੀ ਜਾਂਦੀ ਹੈ, ਉਸ ਤਰ੍ਹਾਂ ਲਾਗੂ ਨਹੀਂ ਕੀਤੀ ਜਾ ਸਕਦੀ। ਇਸ ਨੂੰ ਵੀ ਕੈਪਟਨ ਸਰਕਾਰ ਵਿਰੁਧ ਵਰਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਿਸਾਲ ਦੇ ਤੌਰ ਤੇ ਕਿਸਾਨੀ ਦੇ ਮਸਲੇ ਸੁਲਝਾਉਣ ਲਈ ਲੋਕਾਂ ਨੇ ਕੈਪਟਨ 'ਤੇ ਇਤਬਾਰ ਕੀਤਾ ਸੀ ਅਤੇ ਉਸ ਇਤਬਾਰ ਨੂੰ ਤੋੜਨ ਵਾਲਾ ਅਜੇ ਤੱਕ ਕੋਈ ਵੀ ਕਦਮ ਕੈਪਟਨ ਸਰਕਾਰ ਨੇ ਨਹੀਂ ਚੁੱਕਿਆ? ਫਿਰ ਵਿਰੋਧ ਕਾਹਦਾ ਹੋ ਰਿਹਾ ਹੈ? ਕਿਸਾਨੀ ਸੰਕਟ ਸਾਰਿਆਂ ਦਾ ਮਸਲਾ ਹੈ ਅਤੇ ਇਸ ਬਾਰੇ ਸਿਰ ਜੋੜਕੇ ਸੋਚਣਾ ਚਾਹੀਦਾ ਹੈ। ਜੇ ਕਿਸੇ ਕੋਲ ਕੋਈ ਅਜਿਹੀ ਵਿਧੀ ਹੈ, ਜਿਸ ਨਾਲ ਕਿਸਾਨੀ ਦੇ ਕਰਜ਼ੇ ਦੇ ਮਸਲੇ ਨੂੰ ਤੁਰਤ ਸੁਲਝਾਇਆ ਜਾ ਸਕਦਾ ਹੈ, ਤਾਂ ਉਹ ਲੈ ਕੇ ਸਾਹਮਣੇ ਆਵੇ। ਨਸ਼ਾ ਮਾਫੀਆ ਦਾ ਵੀ ਇਹੀ ਹਾਲ ਹੈ। ਚੋਣ ਵਾਅਦਿਆਂ ਦੇ ਪ੍ਰਸੰਗ ਵਿਚ ਕੈਪਟਨ ਦੀ ਨੀਤ ਅਤੇ ਨੀਤੀ ਦੇ ਰਾਹ ਵਿਚ ਬਹੁਤ ਸਾਰੀਆਂ ਰੁਕਾਵਟਾਂ ਪਹਿਲਾਂ ਹੀ ਹਨ। ਇਨ੍ਹਾਂ ਵਿਚ ਬੇਲੋੜਾ ਵਾਧਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਨਾਲ ਜੂਝਣ ਦੀ ਕੋਸ਼ਿਸ਼ ਹੋ ਰਹੀ ਹੈ ਜਾਂ ਨਹੀਂ ਹੋ ਰਹੀ, ਇਸ ਬਾਰੇ ਫੈਸਲਾ ਸਮੇਂ ਨੇ ਕਰਨਾ ਹੈ।

ਮੈਨੂੰ ਕੈਪਟਨ ਅਮਰਿੰਦਰ ਸਿੰਘ ਦੀ ਇਹ ਗੱਲ ਚੰਗੀ ਲੱਗਦੀ ਹੈ ਕਿ ਉਹ ਪੱਕੇ ਤਾਂ ਹਨ, ਪਰ ਕੱਟੜ ਨਹੀਂ ਹਨ। ਪੁਸਤਕ ਸਭਿਆਚਾਰ ਨਾਲ ਜੁੜੇ ਹੋਏ ਉਹ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਹਨ। ਇਸ ਨਾਲ ਉਹ ਪ੍ਰਚੰਡਿਤ ਜਾਗ੍ਰਿਤੀ ਦੇ ਬਿੰਬ ਵੀ ਹੋ ਗਏ ਹਨ ਅਤੇ ਮੁਦਈ ਵੀ। ਉਹ ਪੰਜਾਬ ਨੂੰ ਉਲਾਰ ਸਿਆਸਤ ਤੋਂ ਬਚਾਉਣਾ ਚਾਹੁੰਦੇ ਹਨ ਅਤੇ ਇਸ ਵਾਸਤੇ ਲੋੜੀਂਦੀ ਸਿਆਸੀ ਵਚਨਬੱਧਤਾ ਦੇ ਉਹ ਮਾਲਕ ਨਜ਼ਰ ਆਉਣ ਲੱਗ ਪਏ ਹਨ। ਉਲਾਰ ਸਿਆਸਤ ਵੱਲੋਂ ਹੇ ਮੁਰਦਿਆਂ ਨੂੰ ਕਬਰਾਂ ਵਿਚੋਂ ਕੱਢਕੇ ਕਟਹਿਰੇ ਵਿਚ ਖੜਾ ਕਰਨ ਦੀ ਸਿਆਸਤ ਹੋਣ ਲੱਗ ਪਈ ਹੈ। ਜੇ ਇਹ ਭਗਵੇਂ ਰੰਗ ਵਿਚ ਹੋ ਸਕਦੀ ਹੈ ਤਾਂ ਨੀਲੇ ਰੰਗ ਵਿਚ ਕਿਉਂ ਨਹੀਂ ਹੋ ਸਕਦੀ? ਕੈਪਟਨ ਅਜਿਹੀ ਦੋਹਰੀ ਲੜਾਈ ਲੜ ਰਹੇ ਹਨ, ਜਿਹੜੀ ਪਹਿਲਾਂ ਕਿਸੇ ਮੁੱਖ ਮੰਤਰੀ ਨੂੰ ਨਹੀਂ ਲੜਨੀ ਪਈ। ਉਹ ਇਹ ਲੜਾਈ ਹਾਰਨ ਜਾਂ ਜਿੱਤਣ, ਪਰ ਇਸ ਉਸਾਰੂ ਸਿਆਸਤ ਵਾਸਤੇ ਉਹ ਜਾਣੇ ਜਾਂਦੇ ਰਹਿਣਗੇ। ਇਹੀ ਰਾਹ ਹੈ, ਆਪਣੇ ਵਾਰਸਾਂ ਨੂੰ ਇਹ ਦੱਸਣ ਦਾ ਕਿ ਜਿਵੇਂ ਅਸੀਂ ਆਪਣੇ ਪੁਰਖਿਆਂ ਦੀਆਂ ਖੱਟੀਆਂ ਦਾ ਖੱਟਿਆ ਖਾ ਰਹੇ ਹਾਂ, ਉਵੇਂ ਹੀ ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਨਰੋਈਆਂ ਪੈੜਾਂ ਪਾਉਣੀਆਂ ਚਾਹੀਦੀਆਂ ਹਨ। ਇਹ ਲੜਾਈ ਬਹੁਤ ਔਖੀ ਹੈ ਕਿਉਂਕਿ ਭਗਵਾਕਰਨ ਦੀ ਸਿਆਸਤ ਪਹਿਲਾਂ ਹੀ ਜਿਵੇਂ ਜ਼ੋਰ ਸ਼ੋਰ ਨਾਲ ਚਲਾਈ ਜਾ ਰਹੀ ਹੈ, ਉਵੇਂ ਬਸਤੀਵਾਦੀ ਹਕੂਮਤ ਵੇਲੇ ਈਸਾਈਕਰਨ ਦੀ ਮੁਹਿੰਮ ਵੀ ਨਹੀਂ ਚਲਾਈ ਗਈ ਸੀ। ਇਹ ਰਾਹ ਭਾਰਤ ਨੂੰ ਪਾਕਿਸਤਾਨ ਦੀ ਤਰਜ਼ 'ਤੇ ਉਸਾਰੀ ਜਾਣ ਵਾਲੀ ਸਿਆਸਤ ਲੱਗਣ ਲੱਗ ਪਿਆ ਹੈ।

# ਰਾਸ਼ਟਰਪਤੀ ਦੀ ਚੋਣ ਲਈ ਮੈਦਾਨ ਭਖਿਆ

ਭਾਰਤ ਦਾ ਨਵਾਂ ਰਾਸ਼ਟਰਪਤੀ ਚੁਣਨ ਲਈ ਉਮੀਦਵਾਰ ਨਾਮਜ਼ਦ ਕਰਨ ਵਾਸਤੇ ਸਿਆਸੀ ਧਿਰਾਂ ਵੱਲੋਂ ਕਵਾਇਦ ਸ਼ੁਰੂ ਹੋ ਗਈ ਹੈ। ਕੇਂਦਰ ਵਿੱਚ ਹੁਕਮਰਾਨ ਐਨਡੀਏ ਵੱਲੋਂ ਇਹ ਸਪੱਸ਼ਟ ਸੰਕੇਤ ਦਿੱਤੇ ਜਾਣ ਕਿ ਮੌਜੂਦਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਨਵੇਂ ਕਾਰਜਕਾਲ ਲਈ ਨਹੀਂ ਵਿਚਾਰਿਆ ਜਾ ਰਿਹਾ, ਮਗਰੋਂ ਇੱਕ ਪਾਸੇ ਪ੍ਰਮੁੱਖ ਵਿਰੋਧੀ ਪਾਰਟੀਆਂ ਨੇ ਆਪਣੇ ਸਾਂਝੇ ਉਮੀਦਵਾਰ ਦੀ ਚੋਣ ਵਾਸਤੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ, ਅਤੇ ਦੂਜੇ ਪਾਸੇ ਹੁਕਮਰਾਨ ਧਿਰ ਨੇ ਵੀ ਨਵੇਂ ਰਾਸ਼ਟਰ ਪ੍ਰਮੁੱਖ ਬਾਰੇ ਸੋਚ-ਵਿਚਾਰ ਦਾ ਅਮਲ ਆਰੰਭ ਦਿੱਤਾ ਹੈ। ਦੇਸ਼ ਦੇ ਸਰਬਉੱਚ ਅਹੁਦੇ ਲਈ ਢੁਕਵੇਂ ਉਮੀਦਵਾਰ ਬਾਰੇ ਸਰਬ-ਸਹਿਮਤੀ ਸਿਰਜਣ ਦੇ ਉਦੇਸ਼ ਨਾਲ ਕੇਂਦਰੀ ਗ੍ਰਿਹ ਮੰਤਰੀ ਰਾਜਨਾਥ ਸਿੰਘ ਅਤੇ ਸੰਸਦੀ ਕਾਰਜ ਮੰਤਰੀ ਵੈਂਕਈਆ ਨਾਇਡੂ ਦੀ ਡਿਊਟੀ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਅਤੇ ਸੀਪੀਐਮ ਆਗੂ ਸੀਤਾ ਰਾਮ ਯੇਚੁਰੀ ਨੂੰ ਮਿਲਣ ਦੀ ਲਗਾਈ ਗਈ ਹੈ। ਇਹ ਮੀਟਿੰਗਾਂ ਅੱਜ ਹੋਣਗੀਆਂ। ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਇਨ੍ਹਾਂ ਦੋਵਾਂ ਮੰਤਰੀਆਂ ਤੇ ਕੇਂਦਰੀ ਖ਼ਜ਼ਾਨਾ ਮੰਤਰੀ ਅਰੁਣ ਜੇਤਲੀ ਉੱਤੇ ਆਧਾਰਿਤ ਕਮੇਟੀ ਬਣਾਈ ਹੈ ਜੋ ਸਰਬਸੰਮਤੀ ਦੇ ਯਤਨ ਕਰੇਗੀ। ਉਂਜ, ਦੇਸ਼ ਵਿੱਚ ਇਸ ਸਮੇਂ ਜਿਸ ਕਿਸਮ ਦੀ ਰਾਜਸੀ ਨਾਇਤਫ਼ਾਕੀ ਚੱਲ ਰਹੀ ਹੈ, ਉਸ ਦੇ ਮੱਦੇਨਜ਼ਰ ਕਿਸੇ ਇੱਕ ਨਾਮ ਉੱਤੇ ਇਤਫ਼ਾਕ-ਰਾਇ ਹੋਣੀ ਅਸੁਭਾਵਿਕ ਜਾਪਦੀ ਹੈ।

ਰਾਸ਼ਟਰਪਤੀ ਦੀ ਚੋਣ 17 ਜੁਲਾਈ ਨੂੰ ਹੋਣੀ ਹੈ। ਇਸ ਵਾਸਤੇ ਨਾਮਜ਼ਦਗੀਆਂ ਦਾਖ਼ਲ ਕਰਨ ਦੀ ਆਖ਼ਰੀ ਤਰੀਕ 28 ਜੂਨ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਦੇ ਅਹੁਦੇ ਦੀ ਮਿਆਦ 24 ਜੁਲਾਈ ਨੂੰ ਮੁੱਕ ਰਹੀ ਹੈ। ਐਨਡੀਏ ਨੇ ਆਪਣੇ ਉਮੀਦਵਾਰ ਬਾਰੇ ਫਿਲਹਾਲ ਖ਼ਾਮੋਸ਼ੀ ਧਾਰੀ ਹੋਈ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਉਮੀਦਵਾਰ ਦਾ ਅਸਲ ਫ਼ੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਕਰਨਗੇ। ਇਸ ਸਬੰਧ ਵਿੱਚ ਉੜੀਸਾ ਦੀ ਇੱਕ ਕਬਾਇਲੀ ਆਗੂ ਅਤੇ ਝਾਰਖੰਡ ਦੀ ਮੌਜੂਦਾ ਰਾਜਪਾਲ ਦ੍ਰੌਪਦੀ ਮੁਰਮੂ ਦਾ ਨਾਂ ਜ਼ਰੂਰ ਚਰਚਾ ਵਿੱਚ ਆ ਰਿਹਾ ਹੈ, ਪਰ ਜਦੋਂ ਤਕ ਮੋਦੀ ਕਿਸੇ ਨਾਮ ਉੱਤੇ ਹੱਥ ਨਹੀਂ ਧਰਦੇ, ਉਦੋਂ ਤਕ 'ਕੌਣ ਹੋਵੇਗਾ ਰਾਸ਼ਟਰਪਤੀ' ਬਾਰੇ ਚਰਚਾ ਕਰਨੀ ਬੇਲੋੜੀ ਜਾਪਦੀ ਹੈ। ਵਿਰੋਧੀ ਧਿਰ ਵੱਲੋਂ ਪੱਛਮੀ ਬੰਗਾਲ ਦੇ ਸਾਬਕਾ ਰਾਜਪਾਲ ਤੇ ਉੱਘੇ ਵਿਦਵਾਨ ਗੋਪਾਲ ਕ੍ਰਿਸ਼ਨ ਗਾਂਧੀ, ਲੋਕ ਸਭਾ ਦੀ ਸਾਬਕਾ ਸਪੀਕਰ ਮੀਰਾ ਕੁਮਾਰ ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਨੇਤਾ ਸ਼ਰਦ ਪਵਾਰ ਦੇ ਨਾਵਾਂ ਦੀ ਗ਼ੈਰਰਸਮੀ ਚਰਚਾ ਕੀਤੀ ਜਾ ਰਹੀ ਹੈ। ਇਨ੍ਹਾਂ ਸਾਰੇ ਨਾਵਾਂ ਵਿੱਚੋਂ ਕਿਸੇ ਇੱਕ ਬਾਰੇ ਹਾਕਮ ਧਿਰ ਦਾ ਸਹਿਮਤ ਹੋਣਾ ਨਾਮੁਮਕਿਨ ਜਾਪਦਾ ਹੈ।

ਰਾਸ਼ਟਰਪਤੀ ਦੀ ਚੋਣ ਪਾਰਲੀਮੈਂਟ ਦੇ ਦੋਵਾਂ ਸਦਨਾਂ ਦੇ ਮੈਂਬਰਾਂ ਅਤੇ ਰਾਜਾਂ ਤੇ ਕੇਂਦਰੀ ਪ੍ਰਦੇਸ਼ਾਂ ਦੇ ਵਿਧਾਨ ਸਭਾ ਮੈਂਬਰਾਂ ਵੱਲੋਂ ਕੀਤੀ ਜਾਂਦੀ ਹੈ। ਇਸ ਸਮੁੱਚੇ ਚੋਣ ਮੰਡਲ ਦੀਆਂ ਵੋਟਾਂ ਦੀ ਕੁੱਲ ਗਿਣਤੀ 10.99 ਲੱਖ ਬਣਦੀ ਹੈ। ਇਨ੍ਹਾਂ ਵਿੱਚੋਂ ਅੱਧੀਆਂ ਵੋਟਾਂ 4120 ਵਿਧਾਇਕਾਂ ਦੀਆਂ ਹਨ ਅਤੇ ਬਾਕੀ ਦੋਵਾਂ ਸਦਨਾਂ ਦੇ 776 ਮੈਂਬਰਾਂ ਦੀਆਂ। 47.5 ਫ਼ੀਸਦ ਪੱਕੀਆਂ ਵੋਟਾਂ ਹੋਣ ਸਦਕਾ ਭਾਜਪਾ ਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਆਪਣਾ ਉਮੀਦਵਾਰ ਠੋਸਣ ਦੀ ਸਥਿਤੀ ਵਿੱਚ ਹਨ। ਇਸ ਦੇ ਬਾਵਜੂਦ ਜੇਕਰ ਸਾਰੀਆਂ ਰਾਜਸੀ ਧਿਰਾਂ ਵਡੱਪਣ ਤੇ ਸਿਆਸੀ ਸੂਝ-ਬੂਝ ਰਾਹੀਂ ਕਿਸੇ ਇੱਕ ਉਮੀਦਵਾਰ ਉੱਤੇ ਸਹਿਮਤੀ ਬਣਾ ਲੈਂਦੀਆਂ ਹਨ ਤਾਂ ਇਹ, ਸੱਚਮੁੱਚ, ਦੇਸ਼ ਦੀ ਖੁਸ਼ਕਿਸਮਤੀ ਵਾਲੀ ਗੱਲ ਹੋਵੇਗੀ। ਅਜਿਹੀ ਸਹਿਮਤੀ ਹੁਕਮਰਾਨ ਧਿਰ, ਖ਼ਾਸ ਕਰਕੇ ਪ੍ਰਧਾਨ ਮੰਤਰੀ ਦੇ ਰੁਖ਼ 'ਤੇ ਨਿਰਭਰ ਕਰਦੀ ਹੈ। ਕੀ ਉਹ ਵਾਜਪਾਈ ਦੀ ਐਨਡੀਏ ਵਰਗਾ ਰੁਖ਼ ਅਪਣਾ ਕੇ ਦੇਸ਼ ਨੂੰ ਏਪੀਜੇ ਅਬ-ਦੁੱਲ ਕਲਾਮ ਵਰਗਾ ਸਰਬ ਪ੍ਰਵਾਨਿਤ ਰਾਸ਼ਟਰਪਤੀ ਦੇਣ ਦੀ ਸੁਹਿਰਦਤਾ ਦਿਖਾਉਣਗੇ?

# ਅਸਹਿਣਸ਼ੀਲਤਾ ਅਤੇ ਸਹਿਣਸ਼ੀਲਤਾ

ਬਾੜਮੇਰ (ਰਾਜਸਥਾਨ) ਵਿੱਚ ਤਾਮਿਲ ਨਾਡੂ ਸਰਕਾਰ ਦੇ ਮੁਲਾਜ਼ਮਾਂ ਉੱਪਰ ਅਖੌਤੀ ਗਊ ਰੱਖਿਅਕਾਂ ਵੱਲੋਂ ਕੀਤਾ ਗਿਆ ਹਮਲਾ ਦਰਸਾਉਂਦਾ ਹੈ ਕਿ ਅਸਹਿਣਸ਼ੀਲ ਅਨਸਰ ਵਾਜਬੀਅਤਾ ਦੀ ਆਵਾਜ਼ ਸੁਣਨ ਲਈ ਵੀ ਤਿਆਰ ਨਹੀਂ। ਸੋਮਵਾਰ ਨੂੰ ਵਾਪਰੀ ਇਸ ਘਟਨਾ ਵਿੱਚ ਤਾਮਿਲ ਨਾਡੂ ਦੇ ਇੱਕ ਵੈਟਰਨਰੀ ਡਾਕਟਰ ਤੇ ਉਸ ਦੇ ਪੰਜ ਸਹਾਇਕਾਂ ਨੂੰ ਸੱਟਾਂ ਲੱਗੀਆਂ।

ਤਾਮਿਲ ਨਾਡੂ ਤੋਂ ਆਈ 10 ਮੈਂਬਰੀ ਟੀਮ ਨੂੰ ਪੁਲੀਸ ਨੇ ਬਹੁਤ ਮੁਸ਼ਕਿਲ ਨਾਲ ਬਚਾਇਆ। ਇਸ ਟੀਮ ਨੇ ਕੌਮੀ ਗਊ ਪ੍ਰਜਣਨ ਪ੍ਰੋਗਰਾਮ ਦੇ ਤਹਿਤ ਰਾਜਸਥਾਨ ਤੋਂ 50 ਗਊਆਂ ਤੇ 30 ਵੱਛੀਆਂ ਖ਼ਰੀਦੀਆਂ ਸਨ ਅਤੇ ਇਨ੍ਹਾਂ ਨੂੰ ਟਰੱਕਾਂ ਰਾਹੀਂ ਤਾਮਿਲ ਨਾਡੂ ਲਿਜਾਣ ਲਈ ਬਾੜਮੇਰ ਦੇ ਜ਼ਿਲ੍ਹਾ ਅਧਿਕਾਰੀਆਂ ਪਾਸੋਂ 'ਇਤਰਾਜ਼ਹੀਣਤਾ' ਪ੍ਰਮਾਣ ਪੱਤਰ (ਐਨਓਸੀ) ਵੀ ਹਾਸਲ ਕੀਤੇ ਹੋਏ ਸਨ। ਇਸ ਦੇ ਬਾਵਜੂਦ ਅਖੌਤੀ ਗਊ ਰੱਖਿਅਕਾਂ ਦੇ ਹਜੂਮ ਨੇ ਟਰੱਕ ਜਬਰੀ ਰੋਕ ਕੇ ਗਊਆਂ ਭਜਾ ਦਿੱਤੀਆਂ ਅਤੇ ਟਰੱਕਾਂ ਵਾਲਿਆਂ ਤੇ ਤਾਮਿਲ ਨਾਡੂ ਦੀ ਟੀਮ ਦੀ ਕੁੱਟਮਾਰ ਕੀਤੀ। ਇਹ ਘਟਨਾ ਉਦੋਂ ਵਾਪਰੀ ਜਦੋਂ ਕੇਂਦਰੀ ਮੰਤਰੀ ਵੈਂਕਈਆ ਨਾਇਡੂ ਵਾਰ ਵਾਰ ਇਹ ਬਿਆਨ ਦੇ ਰਹੇ ਹਨ ਕਿ ਗਊਆਂ ਤੇ ਹੋਰ ਪਸ਼ੂਆਂ ਨੂੰ ਕਾਨੂੰਨੀ ਢੰਗ ਨਾਲ ਇੱਕ ਰਾਜ ਤੋਂ ਦੂਜੇ ਰਾਜ 'ਚ ਲਿਜਾਣ ਉੱਤੇ ਕੋਈ ਪਾਬੰਦੀ ਨਹੀਂ। ਦਰਅਸਲ, ਸਰਕਾਰੀ ਪ੍ਰਵਾਨਗੀ ਵਾਲੀਆਂ ਕਾਰੋਬਾਰੀ ਸਰਗਰਮੀਆਂ ਜਾਂ ਸੈਮੀਨਾਰਾਂ ਜਾਂ ਜਨਤਕ ਮੀਟਿੰਗਾਂ ਨੂੰ ਗਊ ਰੱਖਿਆ ਜਾਂ ਹਿੰਦੂ ਰੱਖਿਆ ਦੇ ਨਾਂ ਉੱਤੇ ਨਾ ਹੋਣ ਦੇਣਾ ਅਤੇ ਇਨ੍ਹਾਂ ਵਿੱਚ ਵਿਘਨ ਪਾਉਣ ਲਈ ਹਿੰਸਾ ਤੇ ਹੁੱਲੜਬਾਜ਼ੀ ਦੀ ਖੁੱਲ੍ਹ ਕੇ ਵਰਤੋਂ ਕਰਨਾ ਉਸੇ ਭਗਵੀਂ ਅਸਹਿਣਸ਼ੀਲਤਾ ਦੀ ਨਿਸ਼ਾਨੀ ਹੈ ਜਿਸ ਨੇ ਦੇਸ਼ ਭਰ ਦੇ ਬੁੱਧੀਜੀਵੀਆਂ, ਵਿਦਵਾਨਾਂ ਤੇ ਧਰਮ ਨਿਰਪੇਖ ਲੋਕਾਂ ਨੂੰ ਚਿੰਤਾ ਵਿੱਚ ਪਾਇਆ ਹੋਇਆ ਹੈ। ਇਸੇ ਪ੍ਰਸੰਗ ਵਿੱਚ 65 ਸਾਬਕਾ ਉੱਚ ਸਰਕਾਰੀ ਅਫ਼ਸਰਾਂ ਤੇ ਅਕਾਦਮੀਸ਼ਨਾਂ ਨੇ ਜਨਤਕ ਅਥਾਰਿਟੀਆਂ ਅਤੇ ਹੋਰ ਸੰਵਿਧਾਨਕ ਸੰਸਕਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਧ ਰਹੀ ਤਾਨਾਸ਼ਾਹੀ, ਅਸਹਿਣਸ਼ੀਲਤਾ ਅਤੇ ਬਹੁਮਤਵਾਦ ਵਿਰੁੱਧ ਚੌਕਸ ਰਹਿਣ ਅਤੇ ਸੰਵਿਧਾਨ ਦੀ ਭਾਵਨਾ ਦੀ ਡਟ ਕੇ ਰਾਖੀ ਕਰਨ। ਪੱਤਰ ਵਿੱਚ ਮੁਸਲਮਾਨ ਭਾਈਚਾਰੇ ਉੱਤੇ ਵਧੀਕੀਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ। ਪੱਤਰ ਉੱਤੇ ਦਸਤਖ਼ਤ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਸਾਬਕਾ ਡੀਜੀਪੀ ਤੇ ਸੁਪਰ ਕੌਪ ਜੂਲੀਓ ਰਿਬੇਰੋ, ਪ੍ਰਸਾਰ ਭਾਰਤੀ ਦੇ ਸਾਬਕਾ ਸੀਈਓ ਜਵਾਹਰ ਸਰਕਾਰ, ਯੋਜਨਾ ਕਮਿਸ਼ਨ ਦੇ ਸਾਬਕਾ ਸਕੱਤਰ ਐਨ ਸੀ ਸਕਸੈਨਾ ਆਦਿ ਸ਼ਾਮਲ ਹਨ। ਪੱਤਰ ਵਿੱਚ ਸਰਕਾਰ ਉੱਤੇ ਦੋਸ਼ ਲਾਇਆ ਗਿਆ ਹੈ ਕਿ ਉਹ ਹੁੱਲੜਬਾਜ਼ਾਂ ਨੂੰ ਨਕੇਲ ਪਾਉਣ ਵਿੱਚ ਨਾਕਾਮ ਰਹੀ ਹੈ ਅਤੇ ਉਸ ਦੀ ਖ਼ਾਮੋਸ਼ੀ ਕਾਰਨ ਦੇਸ਼ ਵਿੱਚ ਅਜਿਹਾ ਮਾਹੌਲ ਬਣਦਾ ਜਾ ਰਿਹਾ ਹੈ ਜੋ ਕਿ ਘੱਟਗਿਣਤੀਆਂ ਅੰਦਰ ਸਹਿਮ ਪੈਦਾ ਕਰ ਰਿਹਾ ਹੈ। ਨਾਲ ਹੀ ਦੇਸ਼ ਵਾਸੀਆਂ ਨੂੰ ਅਜਿਹੀਆਂ ਫ਼ਿਰਕੂ ਵੰਡੀਆਂ ਖ਼ਿਲਾਫ਼ ਲਾਮਬੰਦ ਹੋਣ ਅਤੇ ਹੁੱਲੜਬਾਜ਼ੀ ਦਾ ਖੁੱਲ੍ਹ ਕੇ ਵਿਰੋਧ ਕਰਨ ਦਾ ਸੱਦਾ ਦਿੱਤਾ ਗਿਆ ਹੈ। ਇਸ ਸਮੇਂ ਜੋ ਮਾਹੌਲ ਬਣਿਆ ਹੋਇਆ ਹੈ, ਉਸ ਦੇ ਮੱਦੇਨਜ਼ਰ ਅਜਿਹੀਆਂ ਅਪੀਲਾਂ ਭਾਵੇਂ ਬਹੁਤੀਆਂ ਅਸਰਦਾਰ ਸਾਬਤ ਹੋਣ ਵਾਲੀਆਂ ਨਹੀਂ, ਫਿਰ ਵੀ ਇਹ ਇਸ ਗੱਲ ਦਾ ਸਬੂਤ ਹਨ ਕਿ ਸਾਡੇ ਸਮਾਜ ਦੇ ਸਰਗਰਮ ਤੇ ਸਿਰਕੱਢ ਮੈਂਬਰ ਭਾਰਤੀ ਸੰਵਿਧਾਨ ਤੇ ਭਾਰਤੀਅਤਾ ਦੇ ਸੰਕਲਪ ਦੇ ਹੱਕ ਵਿੱਚ ਡਟੇ ਰਹਿਣ ਦੇ ਰੌਅ ਵਿੱਚ ਹਨ। ਅਜਿਹੀ ਦ੍ਰਿੜ੍ਹਤਾ ਹੀ ਅੰਤ ਨਵੇਂ ਕਾਫ਼ਲੇ ਜੁਟਾਉਣ ਵਿੱਚ ਸਾਰਥਕ ਸਾਬਤ ਹੁੰਦੀ ਹੈ।

# ਪੰਜਾਬੀਆਂ ਦੀ ਪਹਿਲੀ ਪਸੰਦ ਕਿਉਂ ਬਣ ਰਹੀ ਹੈ ਅੰਗਰੇਜ਼ੀ

**ਜੋਗਾ ਸਿੰਘ (ਡਾ.)**

ਪੰਜਾਬ ਸਰਕਾਰ ਦੀ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਪਿਛਲੇ ਦਿਨੀਂ ਬਿਆਨ ਦਿੱਤਾ ਸੀ ਕਿ ਪੰਜਾਬ ਦੇ ਚਾਰ ਸੌ ਹੋਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਕੀਤਾ ਜਾਵੇਗਾ। ਇਸ ਤੋਂ ਕੁਝ ਦਿਨ ਬਾਅਦ ਹੀ ਭਾਰਤ ਸਰਕਾਰ ਦੇ ਸਿੱਖਿਆ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਪੰਜਾਬ ਦੀ ਹੀ ਰਾਜਧਾਨੀ ਚੰਡੀਗੜ੍ਹ ਵਿੱਚ ਬਿਆਨ ਦਿੱਤਾ ਸੀ ਕਿ ਅੰਗਰੇਜ਼ੀ ਕਿਸੇ ਰਾਜ ਦੀ ਸਰਕਾਰੀ ਭਾਸ਼ਾ ਨਹੀਂ ਹੋ ਸਕਦੀ ਤੇ ਇਹ ਭਰਮ ਹੈ ਕਿ ਅੰਗਰੇਜ਼ੀ ਨਾਲ ਹੀ ਵਿਕਾਸ ਹੋ ਸਕਦਾ ਹੈ। ਦੋਹਾਂ ਮੰਤਰੀਆਂ ਦੇ ਬਿਆਨਾਂ ਦੀ ਤੁਲਨਾ ਹੀ ਦੱਸ ਦਿੰਦੀ ਹੈ ਕਿ ਭਾਸ਼ਾ ਦੇ ਮਾਮਲਿਆਂ ਬਾਰੇ ਭਾਰਤੀ ਨੀਤੀਕਾਰ ਬੜੀ ਉਲਝਣ ਦੀ ਸਥਿਤੀ ਵਿੱਚ ਹਨ।

ਪਰ ਪ੍ਰਕਾਸ਼ ਜਾਵੜੇਕਰ ਦਾ ਬਿਆਨ ਵੀ ਕੇਵਲ ਬਿਆਨ ਮਾਤਰ ਹੈ ਤੇ ਕੋਈ ਸਬੂਤ ਹਾਸਲ ਨਹੀਂ ਹੈ ਕਿ ਭਾਜਪਾ ਦੀ ਸਰਕਾਰ ਭਾਰਤੀ ਭਾਸ਼ਾਵਾਂ ਨੂੰ ਉਨ੍ਹਾਂ ਦਾ ਘਰ ਵਾਪਸ ਦਿਵਾਉਣ ਲਈ ਕੋਈ ਠੋਸ ਹੀਲਾ ਕਰ ਰਹੀ ਹੈ। ਭਾਰਤ ਵਿੱਚ ਜਿੰਨੀ ਰਾਜਸੀ ਏਕਤਾ ਅੰਗਰੇਜ਼ੀ ਭਾਸ਼ਾ ਦੇ ਹੱਕ ਵਿੱਚ ਮਿਲਦੀ ਹੈ ਓਨੀ ਸ਼ਾਇਦ ਹੀ ਕਿਸੇ ਹੋਰ ਸਵਾਲ 'ਤੇ ਮਿਲਦੀ ਹੋਵੇ।

ਇਹ ਏਕਤਾ ਪ੍ਰਸੰਸਾਯੋਗ ਵੀ ਹੋ ਸਕਦੀ ਸੀ ਜੇ ਇਹ ਭਾਰਤ ਵਿੱਚ ਅਗਿਆਨਤਾ ਦਾ ਪਸਾਰ ਕਰਨ ਵਾਲੀ ਭਾਸ਼ਾ ਅੰਗਰੇਜ਼ੀ ਦੇ ਹੱਕ ਵਿੱਚ ਨਾ ਹੁੰਦੀ। ਹੋਰ ਤਾਂ ਹੋਰ, ਅੰਗਰੇਜ਼ੀ ਮਾਧਿਅਮ ਦਾ ਇਹ ਝੁਰਲੂ ਤਾਂ ਚੰਗੀ ਤਰ੍ਹਾਂ ਅੰਗਰੇਜ਼ੀ ਸਿੱਖਣ ਲਈ ਵੀ ਨੁਕਸਾਨਦੇਹ ਹੈ; ਦੁਨੀਆਂ ਭਰ ਦੀ ਖੋਜ ਅਤੇ ਵਿਹਾਰ ਇਹ ਦੱਸਦਾ ਹੈ ਕਿ ਜੇ ਬਾਕੀ ਗੱਲਾਂ ਇੱਕੋ ਜਿਹੀਆਂ ਹੋਣ (ਜਿਵੇਂ ਕਿ ਪੜ੍ਹਾਈ ਦਾ ਪੱਧਰ ਤੇ ਬੱਚੇ ਦਾ ਸਮਾਜਿਕ ਪਿਛੋਕੜ, ਆਦਿ) ਤਾਂ ਮਾਤ ਭਾਸ਼ਾ ਮਾਧਿਅਮ ਵਿੱਚ ਪੜ੍ਹਨ ਵਾਲਾ ਅਤੇ ਵਿਦੇਸ਼ੀ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪੜ੍ਹਨ ਵਾਲਾ ਬੱਚਾ ਵਿਦੇਸ਼ੀ ਭਾਸ਼ਾ ਵੀ ਉਸ ਬੱਚੇ ਨਾਲੋਂ ਬਿਹਤਰ ਸਿੱਖਦਾ ਹੈ ਜਿਸ ਨੂੰ ਸ਼ੁਰੂ ਤੋਂ ਹੀ ਵਿਦੇਸ਼ੀ ਭਾਸ਼ਾ ਮਾਧਿਅਮ ਵਿੱਚ ਪੜ੍ਹਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਸੰਘ ਦੇ ਸਿੱਖਿਆ ਬਾਰੇ ਸੰਗਠਨ ਯੂਨੈਸਕੋ ਵੱਲੋਂ ਸਾਲ 2008 ਵਿੱਚ 'ਇੰਪਰੂਵਮੈਂਟ ਇਨ ਦਿ ਕੁਆਲਟੀ ਆਫ ਮਦਰ ਟੰਗ ਬੇਸਡ ਲਿਟਰੇਸੀ ਐਂਡ ਲਰਨਿੰਗ' ਨਾਂ ਦੀ ਪੁਸਤਕ ਵਿਚਲੀ ਇਹ ਟੂਕ ਇਹੀ ਦੱਸਦੀ ਹੈ (ਪੰਨਾ 12): ''ਸਾਡੇ ਰਾਹ ਵਿੱਚ ਵੱਡੀ ਰੁਕਾਵਟ ਭਾਸ਼ਾ ਤੇ ਸਿੱਖਿਆ ਬਾਰੇ ਕੁਝ ਅੰਧ-ਵਿਸ਼ਵਾਸ ਹਨ ਤੇ ਲੋਕਾਂ ਦੀਆਂ ਅੱਖਾਂ ਖੋਲ੍ਹਣ ਲਈ ਇਨ੍ਹਾਂ ਅੰਧ-ਵਿਸ਼ਵਾਸਾਂ ਦਾ ਭਾਂਡਾ ਭੰਨਣਾ ਚਾਹੀਦਾ ਹੈ। ਅਜਿਹਾ ਹੀ ਇੱਕ ਅੰਧ-ਵਿਸ਼ਵਾਸ ਇਹ ਹੈ ਕਿ ਵਿਦੇਸ਼ੀ ਭਾਸ਼ਾ ਸਿੱਖਣ ਦਾ ਵਧੀਆ ਤਰੀਕਾ ਇਸ ਦੀ ਪੜ੍ਹਾਈ ਦੇ ਮਾਧਿਅਮ ਵਜੋਂ ਵਰਤੋਂ ਹੈ। (ਅਸਲ ਵਿੱਚ, ਹੋਰ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪੜ੍ਹਨਾ ਵਧੇਰੇ ਕਾਰਗਰ ਹੁੰਦਾ ਹੈ)। ਦੂਜਾ ਅੰਧ-ਵਿਸ਼ਵਾਸ ਇਹ ਹੈ ਕਿ ਵਿਦੇਸ਼ੀ ਭਾਸ਼ਾ ਸਿੱਖਣ ਲਈ ਜਿੰਨਾ ਛੇਤੀ ਸ਼ੁਰੂ ਕੀਤਾ ਜਾਏ ਓਨਾ ਚੰਗਾ ਹੈ। (ਛੇਤੀ ਸ਼ੁਰੂ ਕਰਨ ਨਾਲ ਲਹਿਜ਼ਾ ਤਾਂ ਬਿਹਤਰ ਹੋ ਸਕਦਾ ਹੈ ਪਰ ਲਾਭ ਦੀ ਸਥਿਤੀ ਵਿੱਚ ਉਹ ਸਿੱਖਣ ਵਾਲਾ ਹੁੰਦਾ ਹੈ ਜੋ ਮਾਤ ਭਾਸ਼ਾ 'ਤੇ ਚੰਗੀ ਮੁਹਾਰਤ ਹਾਸਲ ਕਰ ਚੁੱਕਿਆ ਹੋਵੇ)। ਤੀਜਾ ਅੰਧ-ਵਿਸ਼ਵਾਸ ਇਹ ਹੈ ਕਿ ਮਾਤ ਭਾਸ਼ਾ ਵਿਦੇਸ਼ੀ ਭਾਸ਼ਾ ਸਿੱਖਣ ਦੇ ਰਾਹ ਵਿੱਚ ਰੁਕਾਵਟ ਹੈ। (ਮਾਤ ਭਾਸ਼ਾ ਵਿੱਚ ਮਜ਼ਬੂਤ ਨੀਂਹ ਨਾਲ ਵਿਦੇਸ਼ੀ ਭਾਸ਼ਾ ਬਿਹਤਰ ਸਿੱਖੀ ਜਾਂਦੀ ਹੈ)। ਸਪਸ਼ਟ ਹੈ ਕਿ ਇਹ ਅੰਧ-ਵਿਸ਼ਵਾਸ ਹਨ ਅਸਲੀਅਤ ਨਹੀਂ, ਪਰ ਫਿਰ ਵੀ ਇਹ ਨੀਤੀ ਘਾੜਿਆਂ ਦੀ ਇਸ ਸੁਆਲ 'ਤੇ ਅਗਵਾਈ ਕਰਦੇ ਹਨ ਕਿ ਭਾਰੂ ਭਾਸ਼ਾ ਕਿਵੇਂ ਸਿੱਖੀ ਜਾਵੇ।'' ਇਹ ਪੁਸਤਕ 5 ਮਹਾਂਦੀਪਾਂ ਦੇ 12 ਦੇਸਾਂ ਵਿੱਚ ਹੋਈ ਪੜਤਾਲ ਦਾ ਨਤੀਜਾ ਹੈ। ਇਸ ਪੜਤਾਲ ਲਈ ਪੈਸਾ ਵਿਸ਼ਵ ਬੈਂਕ ਨੇ ਦਿੱਤਾ ਸੀ। ਇਸ ਮਾਮਲੇ 'ਤੇ ਪਹਿਲੀਆਂ ਪੜਤਾਲਾਂ ਦਾ ਸਿੱਟਾ ਵੀ ਇਹੀ ਰਿਹਾ ਹੈ। ਹੱਥਲੀ ਇਕੱਲੀ ਟੂਕ ਹੀ ਇਹ ਦੱਸਣ ਲਈ ਕਾਫੀ ਹੈ ਕਿ ਅੰਗਰੇਜ਼ੀ ਮਾਧਿਅਮ ਦੀ ਨੀਤੀ ਭਾਰਤੀਆਂ ਲਈ ਮਦਾਰੀ ਦੇ ਝੁਰਲੂ ਤੋਂ ਵੱਧ ਕੁਝ ਨਹੀਂ ਹੈ।

**ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਨ ਵਾਲੇ ਬੱਚੇ ਸਿੱਖਿਆ ਦਾ ਚੰਗਾ ਪੱਧਰ ਹਾਸਲ ਨਹੀਂ ਕਰ ਸਕਦੇ ਕਿਉਂਕਿ ਓਪਰੀ ਭਾਸ਼ਾ ਵਿੱਚ ਪੜ੍ਹਾਇਆ ਜਾਣ ਕਰਕੇ ਉਨ੍ਹਾਂ ਦੇ ਪੱਲੇ ਘੱਟ ਹੀ ਪੈਂਦਾ ਹੈ। ਯੂਨੈਸਕੋ ਦੀ ਕਿਤਾਬ ਵਿੱਚੋਂ ਪਿੱਛੇ ਦਿੱਤੀ ਉਕਤੀ ਨਿਸ਼ਚਤ ਰੂਪ ਵਿੱਚ ਦੱਸਦੀ ਹੈ ਕਿ ਉਨ੍ਹਾਂ ਦਾ ਅੰਗਰੇਜ਼ੀ ਦਾ ਪੱਧਰ ਵੀ ਬਹੁਤਾ ਚੰਗਾ ਨਹੀਂ ਹੋ ਸਕਦਾ। ਇਸ ਲਈ ਹਰ ਉਹ ਭਾਸ਼ਾ ਅਗਿਆਨਤਾ ਦੀ ਭਾਸ਼ਾ ਹੋਵੇਗੀ ਜੋ ਬੱਚੇ ਲਈ ਅਬੋਧ ਹੈ ਤੇ ਉਸ ਦੀ ਸਿੱਖਿਆ ਜਾਂ ਕੰਮ-ਕਾਜ ਦੀ ਭਾਸ਼ਾ ਬਣਦੀ ਹੈ। ਅੰਗਰੇਜ਼ੀ ਭਾਸ਼ਾ ਦੇ ਹੱਕ ਵਿੱਚ ਭੁਗਤਣ ਵਾਲੇ ਭਰਮਾਂ ਵਿੱਚੋਂ ਇੱਕ ਭਰਮ ਇਹ ਵੀ ਹੈ ਕਿ ਇਸ ਨਾਲ ਅੰਤਰ-ਰਾਸ਼ਟਰੀ ਪੱਧਰ 'ਤੇ ਵਪਾਰ-ਕਾਰੋਬਾਰ ਵਿੱਚ ਲਾਭ ਹੁੰਦਾ ਹੈ। ਇਸ ਲਈ ਅੰਤਰਰਾਸ਼ਟਰੀ ਵਪਾਰ-ਕਾਰੋਬਾਰ ਦੇ ਸਿੱਖਿਆ ਦੇ ਮਾਧਿਅਮ ਨਾਲ ਸਬੰਧਾਂ ਦੀ ਪੜਚੋਲ ਵੀ ਜ਼ਰੂਰੀ ਹੋ ਜਾਂਦੀ ਹੈ।**




ਭਾਸ਼ਾ ਦਾ ਸਵਾਲ ਸਿੱਖਿਆ, ਵਿਕਾਸ, ਸੁਚਾਰੂ ਪ੍ਰਸ਼ਾਸਨ, ਸੱਭਿਆਚਾਰ, ਪਛਾਣ ਤੇ ਤਾਕਤ ਦੀ ਵੰਡ, ਆਦਿ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਲਈ ਇਹ ਕਿਸੇ ਦੇਸ ਦੀ ਹੋਣੀ ਨੂੰ ਤੈਅ ਕਰਨ ਵਾਲੇ ਸਵਾਲਾਂ 'ਚੋਂ ਵੀ ਹੈ। ਇਸ ਲਈ ਇਸ ਸਬੰਧੀ ਹੋਰ ਸਬੂਤਾਂ ਦੀ ਚੰਗੀ ਪੜਚੋਲ ਜ਼ਰੂਰੀ ਹੈ। ਆਓ ਸਭ ਤੋਂ ਪਹਿਲਾਂ ਸਭ ਤੋਂ ਮਹੱਤਵਪੂਰਨ ਖੇਤਰ ਸਿੱਖਿਆ ਨੂੰ ਵੇਖਦੇ ਹਾਂ।

ਪ੍ਰੋਗਰਾਮ ਫਾਰ ਇੰਟਰਨੈਸ਼ਨਲ ਸਟੂਡੈਂਟਸ ਅਸੈਸਮੈਂਟ (ਪੀਸਾ) ਨਾਂ ਦੀ ਸੰਸਥਾ ਵੱਖ-ਵੱਖ ਦੇਸਾਂ ਦੀ ਸਕੂਲੀ ਸਿੱਖਿਆ ਦੀ ਦਰਜਾਬੰਦੀ ਲਈ ਹਰ ਤਿੰਨ ਸਾਲ ਬਾਅਦ ਵੱਡੇ ਪੱਧਰ 'ਤੇ 15 ਸਾਲ ਦੀ ਉਮਰ ਦੇ ਬੱਚਿਆਂ ਦੇ ਗਣਿਤ, ਵਿਗਿਆਨ ਤੇ ਆਮ ਪਠਨ ਦੇ ਪੱਧਰ ਦਾ ਮੁਲੰਕਣ ਕਰਦੀ ਹੈ। 2015 ਦੀ ਦਰਜਾਬੰਦੀ ਵਿੱਚ ਗਣਿਤ ਵਿੱਚ ਪਹਿਲੇ ਚਾਲੀ ਦੇਸ਼ਾਂ ਵਿੱਚੋਂ ਅੰਗਰੇਜ਼ੀ ਭਾਸ਼ੀ ਦੇਸਾਂ ਦਾ ਦਰਜਾ ਦਸਵਾਂ (ਕੈਨੇਡਾ), ਇੱਕੀਵਾਂ (ਨਿਊਜ਼ੀਲੈਂਡ) ਤੇ ਸਤਾਈਵਾਂ (ਯੂ.ਕੇ.) ਸੀ। ਇਥੇ ਦੋ ਹੋਰ ਗੱਲਾਂ ਵੀ ਧਿਆਨ ਦੇਣ ਵਾਲੀਆਂ ਹਨ; ਪਹਿਲੀ ਇਹ ਕਿ ਕੈਨੇਡਾ ਤੇ ਨਿਊਜ਼ੀਲੈਂਡ ਵਿੱਚ ਵੀ ਪਹਿਲੇ ਸਾਲਾਂ ਵਿੱਚ ਸਿੱਖਿਆ ਕੇਵਲ ਅੰਗਰੇਜ਼ੀ ਮਾਧਿਅਮ ਵਿੱਚ ਹੀ ਨਹੀਂ ਹੁੰਦੀ, ਹੋਰ ਮਾਤ ਭਾਸ਼ਾਵਾਂ ਵਿੱਚ ਵੀ ਹੁੰਦੀ ਹੈ, ਤੇ ਦੂਜੀ ਇਹ ਕਿ ਦੁਨੀਆਂ ਦਾ ਸਭ ਤੋਂ ਤਾਕਤਵਰ ਅੰਗਰੇਜ਼ੀ ਭਾਸ਼ੀ ਦੇਸ ਅਮਰੀਕਾ ਗਣਿਤ ਦੀ ਸਿੱਖਿਆ ਵਿੱਚ ਪਹਿਲੇ ਚਾਲ੍ਹੀਆਂ ਵਿੱਚ ਵੀ ਨਹੀਂ ਆਉਂਦਾ। ਵਿਗਿਆਨ ਅਤੇ ਆਮ ਪਠਨ ਦੇ ਅੰਕੜੇ ਵੀ ਲਗਭਗ ਇੰਨੇ ਹੀ ਦਿਲਚਸਪ ਹਨ - ਵਿਗਿਆਨ ਵਿੱਚ ਯੂ.ਕੇ. ਦੇ ਪੰਦਰਾਂ ਸਾਲਾ ਬੱਚੇ ਪੰਦਰਵੇਂ ਦਰਜੇ 'ਤੇ ਅਤੇ ਅਮਰੀਕਾ ਦੇ ਪੰਝੀਵੇਂ ਦਰਜੇ 'ਤੇ ਸਨ। ਭਾਰਤ ਬਾਰੇ ਤੱਥ ਬੜੇ ਮਹੱਤਵਪੂਰਨ ਹਨ; ਭਾਰਤ ਦੀ ਸਰਕਾਰ ਪੀਸਾ ਨੂੰ ਨਿਰੀਖਣ ਦੀ ਆਗਿਆ ਨਹੀਂ ਦਿੰਦੀ। 2009 ਵਿੱਚ ਤਾਮਿਲਨਾਡੂ ਤੇ ਹਿਮਾਚਲ ਨੇ ਆਪਣੇ ਸਕੂਲਾਂ ਦੇ ਨਿਰੀਖਣ ਦੀ ਆਗਿਆ ਦਿੱਤੀ ਸੀ ਤੇ ਇਨ੍ਹਾਂ ਦਾ ਦਰਜਾ ਚੁਹੱਤਰ ਦੇਸ਼ਾਂ'ਚੋਂ ਤਿਹੱਤਰਵਾਂ ਆਇਆ ਸੀ।

ਸੋ ਇਹ ਸਮਝਣਾ ਕਿ ਅੰਗਰੇਜ਼ੀ ਭਾਸ਼ਾ ਨਾਲ ਵਿਗਿਆਨ, ਗਣਿਤ ਜਾਂ ਹੋਰ ਵਿਸ਼ਿਆਂ ਦੀ ਪੜ੍ਹਾਈ ਲਈ ਕੋਈ ਵਾਧੂ ਲਾਭ ਹੁੰਦਾ ਹੈ ਬਿਲਕੁਲ ਭਰਮਾਂ 'ਤੇ ਆਧਾਰਿਤ ਹੈ। ਹਾਂ, ਜੇ ਅੰਗਰੇਜ਼ੀ ਬੱਚੇ ਦੀ ਮਾਤ ਭਾਸ਼ਾ ਨਹੀਂ ਹੈ ਤਾਂ ਅੰਗਰੇਜ਼ੀ ਮਾਧਿਅਮ ਰਾਹੀਂ ਪੜ੍ਹਾਉਣ ਨਾਲ ਬਹੁਤ ਵੱਡੇ ਨੁਕਸਾਨ ਨਿਸ਼ਚਤ ਹਨ ਕਿਉਂਕਿ ਸਿੱਖਿਆ ਕਾਮਯਾਬੀ ਨਾਲ ਕਿਸੇ ਅਬੋਧ ਭਾਸ਼ਾ ਰਾਹੀਂ ਦਿੱਤੀ ਹੀ ਨਹੀਂ ਜਾ ਸਕਦੀ। ਅਬੋਧ ਭਾਸ਼ਾ ਤਾਂ ਅਗਿਆਨਤਾ ਦਾ ਮੁੱਢ ਬੰਨ੍ਹਦੀ ਹੈ। ਦੁਨੀਆਂ ਭਰ ਦੀ ਖੋਜ ਤੇ ਵਿਹਾਰ ਇਹੀ ਸਾਬਤ ਕਰਦੇ ਹਨ। ਹੋਰ ਤਾਂ ਹੋਰ, ਭਾਰਤ ਦਾ ਸੰਵਿਧਾਨ, ਸੁਤੰਤਰਤਾ ਉਪਰੰਤ ਭਾਰਤ ਵਿੱਚ ਬਣੇ ਸਾਰੇ ਆਯੋਗ ਤੇ ਸਮਿਤੀਆਂ ਅਤੇ ਸਾਰੇ ਭਾਸ਼ਾ ਤੇ ਸਿੱਖਿਆ ਮਾਹਿਰਾਂ ਦੀ ਇਹੀ ਸਿਫਾਰਿਸ਼ ਰਹੀ ਹੈ ਕਿ ਸਿੱਖਿਆ ਮਾਤ ਭਾਸ਼ਾ ਵਿੱਚ ਹੀ ਦਿੱਤੀ ਜਾਣੀ ਚਾਹੀਦੀ ਹੈ। ਸੋ, ਸਾਰੇ ਤੱਥਾਂ ਤੇ ਪੇਸ਼ੇਵਰ ਸਮਝ ਦੀ ਰੋਸ਼ਨੀ ਵਿੱਚ ਭਾਰਤ ਵਿੱਚ ਅੰਗਰੇਜ਼ੀ ਮਾਧਿਅਮ ਵਾਲੀ ਸਿੱਖਿਆ ਪ੍ਰਣਾਲੀ ਅਗਿਆਨਤਾ ਤੇ ਭਰਮਾਂ 'ਤੇ ਆਧਾਰਤ ਹੋਣ ਤੋਂ ਇਲਾਵਾ ਕੁਝ ਨਹੀਂ ਹੈ।

ਅੰਗਰੇਜ਼ੀ ਮਾਧਿਅਮ ਦੀ ਵਿਚਾਰਕ ਸਰਦਾਰੀ ਨੇ ਭਾਰਤੀ ਸਿੱਖਿਆ ਨੂੰ ਤਬਾਹ ਕਰ ਦਿੱਤਾ ਹੈ। ਅਸਰ-ਰਸੂਖ ਵਾਲੇ ਵਰਗ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਨਹੀਂ ਪੜ੍ਹਦੇ। ਇਸ ਦੇ ਨਤੀਜੇ ਵਜੋਂ ਸਰਕਾਰੀ ਸਿੱਖਿਆ ਪ੍ਰਣਾਲੀ ਦਾ ਲਗਪਗ ਭੋਗ ਪੈ ਚੁੱਕਿਆ ਹੈ।

ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਨ ਵਾਲੇ ਬੱਚੇ ਸਿੱਖਿਆ ਦਾ ਚੰਗਾ ਪੱਧਰ ਹਾਸਲ ਨਹੀਂ ਕਰ ਸਕਦੇ ਕਿਉਂਕਿ ਓਪਰੀ ਭਾਸ਼ਾ ਵਿੱਚ ਪੜ੍ਹਾਇਆ ਜਾਣ ਕਰਕੇ ਉਨ੍ਹਾਂ ਦੇ ਪੱਲੇ ਘੱਟ ਹੀ ਪੈਂਦਾ ਹੈ। ਯੂਨੈਸਕੋ ਦੀ ਕਿਤਾਬ ਵਿੱਚੋਂ ਪਿੱਛੇ ਦਿੱਤੀ ਉਕਤੀ ਨਿਸ਼ਚਤ ਰੂਪ ਵਿੱਚ ਦੱਸਦੀ ਹੈ ਕਿ ਉਨ੍ਹਾਂ ਦਾ ਅੰਗਰੇਜ਼ੀ ਦਾ ਪੱਧਰ ਵੀ ਬਹੁਤਾ ਚੰਗਾ ਨਹੀਂ ਹੋ ਸਕਦਾ। ਇਸ ਲਈ ਹਰ ਉਹ ਭਾਸ਼ਾ ਅਗਿਆਨਤਾ ਦੀ ਭਾਸ਼ਾ ਹੋਵੇਗੀ ਜੋ ਬੱਚੇ ਲਈ ਅਬੋਧ ਹੈ ਤੇ ਉਸ ਦੀ ਸਿੱਖਿਆ ਜਾਂ ਕੰਮ-ਕਾਜ ਦੀ ਭਾਸ਼ਾ ਬਣਦੀ ਹੈ।

ਅੰਗਰੇਜ਼ੀ ਭਾਸ਼ਾ ਦੇ ਹੱਕ ਵਿੱਚ ਭੁਗਤਣ ਵਾਲੇ ਭਰਮਾਂ ਵਿੱਚੋਂ ਇੱਕ ਭਰਮ ਇਹ ਵੀ ਹੈ ਕਿ ਇਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਵਪਾਰ-ਕਾਰੋਬਾਰ ਵਿੱਚ ਲਾਭ ਹੁੰਦਾ ਹੈ। ਇਸ ਲਈ ਅੰਤਰਰਾਸ਼ਟਰੀ ਵਪਾਰ-ਕਾਰੋਬਾਰ ਦੇ ਸਿੱਖਿਆ ਦੇ ਮਾਧਿਅਮ ਨਾਲ ਸਬੰਧਾਂ ਦੀ ਪੜਚੋਲ ਵੀ ਜ਼ਰੂਰੀ ਹੋ ਜਾਂਦੀ ਹੈ।

ਪ੍ਰਤੀ ਵਿਅਕਤੀ ਬਰਾਮਦਾਂ (ਐਕਸਪੋਰਟ) ਵਿੱਚ ਚੋਟੀ ਦੇ 50 ਦੇਸਾਂ ਵਿੱਚੋਂ ਅੰਗਰੇਜ਼ੀ ਭਾਸ਼ੀ ਦੇਸਾਂ ਦੇ ਦਰਜੇ ਇੱਕੀਵਾਂ (ਕੈਨੇਡਾ), ਚੌਂਤੀਵਾਂ (ਯੂ.ਕੇ.) ਅਤੇ ਛਿਆਲੀਵਾਂ (ਅਮਰੀਕਾ) ਹਨ। ਭਾਰਤ ਦਾ ਦਰਜਾ ਇੱਕ ਸੌ ਗਿਆਰਵਾਂ ਹੈ। ਕੁੱਲ ਬਰਾਮਦ ਦੀ ਮਾਤਰਾ ਨੂੰ ਵੀ ਜੇ ਆਧਾਰ ਬਣਾਇਆ ਜਾਏ ਤਾਂ ਵੀ ਅੰਗਰੇਜ਼ੀ ਭਾਸ਼ਾ ਕੋਈ ਲਾਭ ਨਹੀਂ ਕਰਦੀ ਦਿੱਸਦੀ; ਬਰਾਮਦਾਂ ਵਿੱਚ ਪਹਿਲੇ ਪੰਜਾਹ ਦੇਸ਼ਾਂ ਵਿੱਚੋਂ ਅੰਗਰੇਜ਼ੀ ਭਾਸ਼ੀ ਦੇਸ਼ਾਂ ਦੇ ਦਰਜੇ ਦੂਜਾ (ਅਮਰੀਕਾ), ਦਸਵਾਂ (ਯੂ.ਕੇ.), ਗਿਆਰਵਾਂ (ਕੈਨੇਡਾ) ਅਤੇ ਪੰਝੀਵਾਂ (ਆਸਟਰੇਲੀਆ) ਹਨ। ਭਾਰਤ ਦਾ ਦਰਜਾ ਸਤਾਰ੍ਹਵਾਂ ਹੈ ਜੋ ਪੰਜ ਕਰੋੜ ਦੀ ਆਬਾਦੀ ਵਾਲੇ ਦੱਖਣੀ ਕੋਰੀਆ ਤੋਂ ਬਾਰਾਂ ਦਰਜੇ ਹੇਠਾਂ ਹੈ।

ਇੰਜ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਭਾਰਤ ਵਿੱਚ ਅੰਗਰੇਜ਼ੀ ਭਾਸ਼ਾ ਦੀ ਸਥਿਤੀ ਮਦਾਰੀ ਦੇ ਝੁਰਲੂ ਤੋਂ ਵੱਧ ਕੁਝ ਨਹੀਂ ਹੈ। ਅੰਗਰੇਜ਼ੀ ਜਾਂ ਵਿਦੇਸ਼ੀ ਭਾਸ਼ਾ ਮਾਧਿਅਮ ਵਿੱਚ ਸਿੱਖਿਆ ਸਿੱਖਿਆ ਲਈ ਘਾਤਕ ਹੈ, ਅੰਤਰਰਾਸ਼ਟਰੀ ਵਪਾਰ-ਕਾਰੋਬਾਰ ਵਿੱਚ ਕੋਈ ਲਾਭ ਨਹੀਂ ਕਰਦੀ ਅਤੇ ਇਥੋਂ ਤੱਕ ਕਿ ਅੰਗਰੇਜ਼ੀ ਜਾਂ ਵਿਦੇਸ਼ੀ ਭਾਸ਼ਾ ਦੀ ਚੰਗ ਮੁਹਾਰਤ ਲਈ ਵੀ ਨੁਕਸਾਨਦੇਹ ਹੈ। ਇਸ ਨਾਲ ਬੱਚਿਆਂ ਦੇ ਜੋ ਮਨੋਵਿਗਿਆਨਕ ਸਮਾਜਕ ਸਮਾਜਿਕ ਅਤੇ ਸੱਭਿਆਚਾਰਕ, ਆਦਿ ਨੁਕਸਾਨ ਹੁੰਦੇ ਹਨ ਉਸ ਦੀ ਥਾਹ ਹੀ ਨਹੀਂ ਪਾਈ ਜਾ ਸਕਦੀ। ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਇਸ ਅੰਗਰੇਜ਼ੀ ਝੁਰਲੂ ਦੇ ਉਸਤਤ-ਗੀਤ ਵਿੱਚ ਸਾਰਾ ਭਾਰਤ ਅਥਾਹ ਉਕਸਾਹ ਨਾਲ ਸ਼ਾਮਲ ਹੈ। ਫਿਰ ਵੀ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਨ੍ਹਾਂ ਚੋਣ-ਚੁਪ ਦੇ ਦਿਨਾਂ ਵਿੱਚ ਤਾਂ ਕੋਈ ਨੀਤੀਕਾਰ ਇਥੇ ਬਿਆਨ ਕੀਤੇ ਤੱਥਾਂ ਵੱਲ ਧਿਆਨ ਦੇ ਸਕੇਗਾ।

# ਨਸ਼ਿਆਂ ਦੀ ਤਸਕਰੀ ਤੇ ਨਾਜਾਇਜ਼ ਹਥਿਆਰਾਂ ਦੇ ਵਪਾਰੀ ਬਣੇ ਘਰ ਦੇ ਭੇਤੀ

ਵਿਸ਼ੇਸ਼ ਟਾਸਕ ਫੋਰਸ (ਐੱਸਟੀਐੱਫ) ਵੱਲੋਂ ਕਪੂਰਥਲਾ ਵਿੱਚ ਤਾਇਨਾਤ ਸੀਆਈਏ ਇੰਸਪੈਕਟਰ ਇੰਦਰਜੀਤ ਸਿੰਘ ਦੀ ਨਸ਼ਿਆਂ ਦੀ ਤਸਕਰੀ ਤੇ ਨਾਜਾਇਜ਼ ਹਥਿਆਰ ਰੱਖਣ ਦੇ ਦੋਸ਼ਾਂ ਹੇਠ ਗ੍ਰਿਫ਼ਤਾਰੀ ਦਰਸਾਉਂਦੀ ਹੈ ਕਿ ਪੁਲੀਸ ਫੋਰਸ ਨੂੰ ਆਪਣਿਆਂ, ਖ਼ਾਸ ਤੌਰ 'ਤੇ 'ਵੱਧ ਉਤਸ਼ਾਹੀ' ਕਰਮੀਆਂ ਉੱਤੇ ਨਜ਼ਰ ਰੱਖਣ ਦੀ ਉਚੇਚੀ ਲੋੜ ਹੈ। ਐੱਸਟੀਐੱਫ ਦੇ ਇਸ ਇੰਸਪੈਕਟਰ ਦੀਆਂ ਦੋ ਰਿਹਾਇਸ਼ਾਂ ਉੱਤੇ ਛਾਪਿਆਂ ਰਾਹੀਂ ਚਾਰ ਕਿਲੋ ਹੈਰੋਇਨ, ਤਿੰਨ ਕਿਲੋ ਸਮੈਕ, ਏ.ਕੇ. 47 ਰਾਈਫਲ, 9 ਮਿ.ਮੀ. ਵਿਦੇਸ਼ੀ ਪਿਸਤੌਲ, ਅਣਚੱਲੇ ਕਾਰਤੂਸ ਅਤੇ ਸਾਢੇ ਸੋਲ੍ਹਾਂ ਲੱਖ ਨਕਦੀ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਉਹ ਜਿੱਥੇ ਵੀ ਤਾਇਨਾਤ ਰਿਹਾ, ਉਸ ਨੇ ਵੱਡੇ ਪੱਧਰ 'ਤੇ ਨਸ਼ਿਆਂ ਦੀਆਂ ਬਰਾਮਦਗੀਆਂ ਕੀਤੀਆਂ। ਇਸੇ ਕਾਰਨ ਉਸ ਨੂੰ ਚੋਖੇ ਮਾਣ-ਸਨਮਾਨ ਵੀ ਮਿਲਦੇ ਰਹੇ। ਮਾਣ-ਸਨਮਾਨ ਦੇਣ ਵਾਲੇ ਸੀਨੀਅਰ ਅਧਿਕਾਰੀਆਂ ਨੇ ਕਦੇ ਇਹ ਘੋਖਣ ਦਾ ਯਤਨ ਤਕ ਨਹੀਂ ਕੀਤਾ ਕਿ ਉਸ ਵੱਲੋਂ ਬਤੌਰ ਜਾਂਚ ਅਧਿਕਾਰੀ (ਆਈਓ) ਪੜਤਾਲੇ ਗਏ ਕੇਸ ਅਦਾਲਤਾਂ ਵਿੱਚ ਜਾ ਕੇ ਫੇਲ੍ਹ ਕਿਉਂ ਹੋ ਜਾਂਦੇ ਹਨ ਅਤੇ ਮੁਲਜ਼ਮ ਬਰੀ ਕਿਉਂ ਹੋ ਜਾਂਦੇ ਸਨ। ਐੱਸਟੀਐੱਫ ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਦਾ ਦਾਅਵਾ ਹੈ ਕਿ ਇਹ ਇੰਸਪੈਕਟਰ ਆਪਣੇ ਵੱਲੋਂ ਫੜੇ ਗਏ ਤਸਕਰਾਂ ਜਾਂ ਉਨ੍ਹਾਂ ਦੇ ਸਰਗਨਿਆਂ ਨਾਲ ਸੌਦੇਬਾਜ਼ੀ ਕਰ ਲੈਂਦਾ ਸੀ ਅਤੇ ਫਿਰ ਕੇਸ ਇੰਨੇ ਕੁ ਕਮਜ਼ੋਰ ਤਿਆਰ ਕਰਦਾ ਸੀ ਕਿ ਮੁਲਜ਼ਮ ਬਰੀ ਹੋ ਜਾਣ। ਉਸ ਦੇ ਅਜਿਹੇ ਰਿਕਾਰਡ ਦੇ ਮੱਦੇਨਜ਼ਰ ਉਸ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਗਿਆ ਅਤੇ ਇਸੇ ਜਾਇਜ਼ੇ ਦੇ ਆਧਾਰ ਉੱਤੇ ਉਸ ਖ਼ਿਲਾਫ਼ ਕਾਰਵਾਈ ਹੋਈ। ਐੱਸ ਟੀ ਐੱਫ ਮੁਖੀ ਦੇ ਅਜਿਹੇ ਦਾਅਵਿਆਂ ਦੇ ਬਾਵਜੂਦ ਇੱਕ ਤੱਥ ਸਪੱਸ਼ਟ ਹੈ ਕਿ ਕਾਰਵਾਈ ਦੇਰ ਨਾਲ ਹੋਈ। ਦਰਅਸਲ, ਪੰਜਾਬ ਪੁਲੀਸ ਦੀ ਮੁਲਾਂਕਣ ਪ੍ਰਣਾਲੀ ਵਿੱਚ ਕੋਈ ਗੰਭੀਰ ਨੁਕਸ ਹੈ ਜੋ ਕਾਲੀਆਂ ਭੇਡਾਂ ਦੇ ਫਲਣ-ਫੁਲਣ ਵਿੱਚ ਵੱਧ ਸਹਾਈ ਹੁੰਦਾ ਹੈ। ਇਹੀ ਕਾਰਨ ਹੈ ਕਿ ਇੰਦਰਜੀਤ ਸਿੰਘ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਆਪਣਾ 'ਕਾਰੋਬਾਰ' ਨਿਧੜਕ ਹੋ ਕੇ ਚਲਾਉਂਦਾ ਰਿਹਾ।



**ਇੰਦਰਜੀਤ ਸਿੰਘ ਦਾ ਕਾਰ-ਵਿਹਾਰ ਤੇ ਕਿਰਦਾਰ ਮੁੰਬਈ ਪੁਲੀਸ ਦੇ ਐਨਕਾਊਂਟਰ ਸਪੈਸ਼ਲਿਸਟ ਦਯਾ ਨਾਇਕ ਨਾਲ ਮਿਲਦਾ-ਜੁਲਦਾ ਹੈ, ਜਿਸ ਨੂੰ 83 ਮੁਕਾਬਲੇ ਕਰਨ ਦਾ 'ਮਾਣ' ਹਾਸਿਲ ਸੀ। ਉਸ ਬਾਰੇ ਫ਼ਿਲਮਾਂ ਵੀ ਬਣੀਆਂ, ਪਰ ਹੁਣ ਇਹ ਮੰਨਿਆ ਜਾਂਦਾ ਹੈ ਕਿ ਮੁਕਾਬਲਿਆਂ ਵਿੱਚ ਮਾਰੇ ਗਏ ਡੇਢ ਦਰਜਨ ਤੋਂ ਵੱਧ ਗੈਂਗਸਟਰ ਉਸ ਵੱਲੋਂ ਖ਼ੁਦ 'ਪੈਦਾ' ਕੀਤੇ ਗਏ ਸਨ।**

ਜਦੋਂ ਐੱਨਡੀਪੀਐੱਸ ਦੇ ਤਿੰਨ-ਚਾਰ ਕੇਸ ਅਦਾਲਤ ਵਿੱਚ ਜਾ ਕੇ ਡਿੱਗ ਪੈਣ ਤਾਂ ਸੀਨੀਅਰ ਪੁਲੀਸ ਅਫ਼ਸਰਾਂ ਦੇ ਕੰਨ ਖੜ੍ਹੇ ਹੋ ਜਾਣੇ ਚਾਹੀਦੇ ਹਨ ਅਤੇ ਇਨ੍ਹਾਂ ਕੇਸਾਂ ਨਾਲ ਦੇ ਅਫ਼ਸਰ ਦੇ ਕਿਰਦਾਰ ਤੇ ਕਾਰ-ਵਿਹਾਰ ਦੀ ਚੁੱਪ-ਚੁਪੀਤਿਆਂ ਪੜਤਾਲ ਹੋਣੀ ਚਾਹੀਦੀ ਹੈ। ਪਰ ਇੰਦਰਜੀਤ ਸਿੰਘ ਦੇ ਮਾਮਲੇ ਵਿੱਚ ਅਜਿਹਾ ਕੁਝ ਕਾਫ਼ੀ ਪਛੜ ਕੇ ਹੋਇਆ। ਉਸ ਦੇ ਸਹਿਕਰਮੀਆਂ ਨੂੰ ਉਸ ਦੇ ਕੰਮ-ਢੰਗ ਤੇ 'ਕਾਮਯਾਬੀਆਂ' ਉੱਤੇ ਸ਼ੱਕ ਸੀ, ਪਰ ਸੀਨੀਅਰ ਅਫ਼ਸਰਾਂ ਨੇ ਅਜਿਹਾ ਸ਼ੁਬਹਾ ਕਦੇ ਨਹੀਂ ਪ੍ਰਗਟਾਇਆ। ਉਹ ਜਾਂ ਤਾਂ ਉਸ ਦੇ ਆਚਾਰ-ਵਿਹਾਰ ਨੂੰ ਘੋਖਣ ਪੱਖੋਂ ਅਵੇਸਲੇ ਰਹੇ ਅਤੇ ਜਾਂ ਫਿਰ ਉਸ ਵੱਲੋਂ ਚੜ੍ਹਾਏ ਜਾਂਦੇ ਚੜ੍ਹਾਵਿਆਂ ਨੇ ਉਨ੍ਹਾਂ ਦੀਆਂ ਅੱਖਾਂ ਉੱਤੇ ਪਰਦਾ ਪਾਈ ਰੱਖਿਆ। ਇਸ ਕਿਸਮ ਦੇ ਅਵੇਸਲੇਪਣ ਤੇ ਅਣਦੇਖੀ ਦੀ ਤਵੱਕੋ ਪੇਸ਼ੇਵਾਰਾਨਾ ਪੁਲੀਸ ਅਫ਼ਸਰਾਂ ਤੋਂ ਨਹੀਂ ਕੀਤੀ ਜਾਂਦੀ, ਪਰ ਪੰਜਾਬ ਪੁਲੀਸ ਵਿੱਚ 'ਸਭ ਚਲਦਾ ਹੈ' ਵਾਲਾ ਰਵੱਈਆ ਇਸ ਹੱਦ ਤਕ ਭਾਰੂ ਹੈ ਕਿ ਸਿਆਸੀ ਤੌਰ 'ਤੇ ਸੰਵੇਦਨਸ਼ੀਲ ਕੇਸ ਹੀ ਸੰਜੀਦਗੀ ਨਾਲ ਪੜਤਾਲੇ ਜਾਂਦੇ ਹਨ, ਬਾਕੀ ਸਭ ਕੁਝ 'ਰੁਟੀਨ' ਸਮਝਿਆ ਜਾਂਦਾ ਹੈ।

ਇੰਦਰਜੀਤ ਸਿੰਘ ਦਾ ਕਾਰ-ਵਿਹਾਰ ਤੇ ਕਿਰਦਾਰ ਮੁੰਬਈ ਪੁਲੀਸ ਦੇ ਐਨਕਾਊਂਟਰ ਸਪੈਸ਼ਲਿਸਟ ਦਯਾ ਨਾਇਕ ਨਾਲ ਮਿਲਦਾ-ਜੁਲਦਾ ਹੈ, ਜਿਸ ਨੂੰ 83 ਮੁਕਾਬਲੇ ਕਰਨ ਦਾ 'ਮਾਣ' ਹਾਸਿਲ ਸੀ। ਉਸ ਬਾਰੇ ਫ਼ਿਲਮਾਂ ਵੀ ਬਣੀਆਂ, ਪਰ ਹੁਣ ਇਹ ਮੰਨਿਆ ਜਾਂਦਾ ਹੈ ਕਿ ਮੁਕਾਬਲਿਆਂ ਵਿੱਚ ਮਾਰੇ ਗਏ ਡੇਢ ਦਰਜਨ ਤੋਂ ਵੱਧ ਗੈਂਗਸਟਰ ਉਸ ਵੱਲੋਂ ਖ਼ੁਦ 'ਪੈਦਾ' ਕੀਤੇ ਗਏ ਸਨ। ਪਹਿਲਾਂ ਮਹਾਰਾਸ਼ਟਰ ਤੇ ਫਿਰ ਪੰਜਾਬ ਪੁਲੀਸ ਦੇ ਮੁਖੀ ਵਜੋਂ ਚੋਖਾ ਨਾਮ ਕਮਾ ਚੁੱਕੇ ਜੂਲੀਓ ਰਿਬੇਰੋ ਨੇ ਇੱਕ ਵਾਰ ਲਿਖਿਆ ਸੀ ਕਿ ਕਿਸੇ ਵੀ ਪੁਲੀਸ ਕਰਮੀ ਦੀ ਕਾਮਯਾਬੀ ਨੂੰ ਉਸ ਵੱਲੋਂ ਕੀਤੀਆਂ ਗ੍ਰਿਫ਼ਤਾਰੀਆਂ ਜਾਂ ਸੁਲਝਾਏ ਕੇਸਾਂ ਦੀ ਗਿਣਤੀ ਦੇ ਹਿਸਾਬ ਨਾਲ ਨਹੀਂ ਆਂਕਿਆ ਜਾਣਾ ਚਾਹੀਦਾ ਸਗੋਂ ਉਸ ਵੱਲੋਂ ਪੜਤਾਲੇ ਗਏ ਕੇਸਾਂ ਦੀ ਅਦਾਲਤੀ ਸਫ਼ਲਤਾ ਨੂੰ ਉਸ ਦੀ ਕਰਤੱਵ-ਨਿਸ਼ਠਾ ਦਾ ਆਧਾਰ ਮੰਨਿਆ ਜਾਣਾ ਚਾਹੀਦਾ ਹੈ। ਪਰ ਅਜਿਹੀਆਂ ਨੇਕ ਨਸੀਹਤਾਂ ਵੱਲ ਨਾ ਤਾਂ ਕਦੇ ਕੇਂਦਰੀ ਗ੍ਰਹਿ ਮੰਤਰਾਲੇ ਦਾ ਧਿਆਨ ਗਿਆ ਹੈ ਅਤੇ ਨਾ ਹੀ ਸੂਬਾਈ ਗ੍ਰਹਿ ਵਿਭਾਗਾਂ ਦਾ। ਅਜਿਹੇ ਆਲਮ 'ਚ ਪੁਲੀਸ ਪ੍ਰਬੰਧ ਵਿੱਚ ਇੱਕ ਨਹੀਂ, ਕਈ ਇੰਦਰਜੀਤ ਸਿੰਘ ਤੇ ਕਈ ਜਗਦੀਸ਼ ਭੋਲੇ ਹੋਣੇ ਕੋਈ ਅਸੁਭਾਵਿਕ ਗੱਲ ਨਹੀਂ।

‘ਮੇਰੇ ਪੰਧ ਪੈਂਡੇ’ ਪੁਸਤਕ ਵਿਚੋਂ

# ਸਾਡੇ ਵਾਅਦੇ



ਸੁਰਿੰਦਰ ਸੁੱਨੜ
530-691-6378

ਇਕੱਲਾ ਤਾਂ ਕਹਿੰਦੇ ਰੁੱਖ ਵੀ ਨਾ ਹੋਵੇ। ਇਕੱਲਾ ਹੀ ਹੋਵੇ ਜੇ ਕੋਈ ਤਾਂ ਵਾਅਦੇ ਕਿਸ ਨਾਲ ਕਰੇਗਾ? ਹਾਂ ਆਪਣੇ ਆਪ ਨਾਲ ਵੀ ਵਾਅਦਾ ਕਰ ਸਕਦੇ ਹਾਂ ਕਿ ਮੈਂ ਅੱਜ ਤੋਂ ਇਹ ਚੀਜ਼ ਨਹੀਂ ਖਾਣੀ ਪੀਣੀ ਜਾਂ ਇਹ ਕੰਮ ਨਹੀਂ ਕਰਨਾ। ਜੇ ਸਾਨੂੰ ਕੋਈ ਦੇਖਦਾ ਹੀ ਨਹੀਂ, ਤਾਂ ਵਾਅਦਾ ਤੋੜਦਿਆਂ ਦਾ ਜੇ ਕਿਸੇ ਨੂੰ ਪਤਾ ਹੀ ਨਾ ਲੱਗੇ ਤਾਂ ਫਿਰ ਵਾਅਦਾ ਕਰਨ ਦਾ ਜਾਂ ਤੋੜਨ ਦਾ ਕੋਈ ਫਰਕ ਨਹੀਂ ਪੈਂਦਾ। ਵਾਅਦਾ ਕਿਸੇ ਨਾਲ ਕਰਕੇ ਤੇ ਉਸ ਨੂੰ ਨਿਭਾਉਣ ਵਿਚ ਜੋ ਖੁਸ਼ੀ ਮਿਲਦੀ ਹੈ, ਉਹ ਖੁਸ਼ੀ ਪ੍ਰਾਪਤ ਕਰਨ ਲਈ ਅਸੀਂ ਵਾਅਦੇ ਨਿਭਾਉਂਦੇ ਹਾਂ। ਵਾਅਦਾ ਖਿਲਾਫੀ ’ਚੋਂ ਜੋ ਦੁਖਾਂਤ ਪੈਦਾ ਹੁੰਦਾ ਹੈ, ਉਸ ਦ ਦਰਦ ਤੋਂ, ਵਾਅਦਾ ਖਿਲਾਫੀ ਦੀ ਪੀੜਾਂ ਤੋਂ ਜੋ ਡਰ ਲੱਗਦਾ ਹੈ, ਉਸ ਡਰ ਕਰਕੇ ਹੀ ਅਸੀਂ ਵਾਅਦੇ ਨਿਭਾਉਂਦੇ ਹਾਂ। ’ਬਾਂਹਿ ਜਿਨ੍ਹਾਂ ਦੀ ਪਕੜੀਏ ਧਰ ਪਈਏ ਧਰਮ ਨਾ ਛੱਡੀਏ’ ਵਾਅਦਾ ਇਕ ਧਰਮ ਹੁੰਦਾ ਹੈ। ਸਾਰੀ ਦੁਨੀਆਂ ਵਿਚ ਵਾਅਦੇ ਨਿਭਾਉਣ ਜਾਂ ਵਾਅਦੇ ਤੋੜਨ ਦਾ ਹਿਸਾਬ ਕਿਤਾਬ ਸਾਡਾ ਸਮਾਜ, ਜਿਸ ਵਿਚ ਅਸੀਂ ਨਿੱਤ ਦਿਨ ਵਿਚਰਦੇ ਹਾਂ, ਲਾਉਂਦਾ ਰਹਿੰਦਾ ਹੈ। ਕਈ ਵਾਰ ਤੁਸੀਂ ਸੁਣਿਆ ਹੋਣਾ- ਇਹ ਬੰਦਾ ਜੋ ਆਖਦਾ ਉਹ ਕਰ ਵਿਖਾਉਂਦਾ ਹੈ। ਇਹ ਬੰਦਾ ਵਾਅਦੇ ਦਾ ਬੜਾ ਪੱਕਾ ਹੈ- ਇਹ ਬੰਦਾ ਮਰ ਤਾਂ ਜਾਊ ਪਰ ਆਪਣੇ ਬੋਲ ਜ਼ਰੂਰ ਪੁਗਾਊ ਤੇ ਦੂਜੇ ਪਾਸੇ ਕਈ ਲੋਕ ਆਪਣਾ ਇਤਬਾਰ ਗਵਾ ਬੈਠਦੇ ਹਨ ਲੋਕਾਂ ਦੀਆਂ ਕਿਤਾਬਾਂ ਵਿਚ ਫਿਰ ਇਸ ਤਰ੍ਹਾਂ ਦੇ ਲੋਕਾਂ ਲਈ ਲੋਕ ਇਸ ਤਰ੍ਹਾਂ ਗੱਲਾਂ ਕਰਦੇ ਹਨ- ਇਹ ਕੋਈ ਬੰਦਾ ਝੱਟ ਮੁੱਕਰ ਜਾਂਦਾ ਏ- ਏਹਦੀ ਗੱਲ ਦਾ ਕੀ ਇਤਬਾਰ, ਪੈਰ ਪੈਰ ਤੇ ਝੂਠ ਬੋਲਦਾ, ਇਹ ਜਾਂਦਾ ਕਿਸੇ ਪਾਸੇ ਆਉਂਦਾ ਹੋਰ ਕਿਤੋਂ। ਇਸਦਾ ਕੀ ਇਤਬਾਰ, ਕਹਿੰਦੇ ਵੰਝ ਚੜ੍ਹੀ ਤੇ ਪਿੱਪਲ ਲੱਥੀ। ਕਹਿੰਦੇ ਵਾਅਦੇ ਕਰਨੇ ਬੜੇ ਸੌਖੇ ਪਰ ਨਿਭਾਉਣੇ ਔਖੇ ਹੁੰਦੇ ਹਨ। ਪਰ ਇਹ ਬਹੁਤ ਪੁਰਾਣੀ ਕਹਾਵਤ ਹੈ। ਅੱਜਕਲ੍ਹ ਲੋਕ ਇੰਨੇ ਭੋਲੇ ਨਹੀਂ, ਜਲਦੀ ਕਿਤੇ ਕਿਸੇ ਤੇ ਇਤਬਾਰ ਨਹੀਂ ਕਰਦੇ। ਸੋਚ ਸਮਝ ਕੇ ਇਤਬਾਰ ਕਰਦੇ ਹਨ। ਪਰ ਜੇ ਇਸ ਤਰ੍ਹਾਂ ਲੱਗੇ ਕਿ ਵਾਅਦਾ ਕਰਨ ਵਾਲਾ ਸਹੀ ਨਹੀਂ ਚੱਲ ਰਿਹਾ ਤਾਂ ਦਖਲਅੰਦਾਜ਼ੀ ਵੀ ਕਰਦੇ। ਅੱਜਕਲ੍ਹ ਲੋਕਾਂ ਤੋਂ ਜੇ ਗੱਲ ਕਿਸੇ ਪਾਸੇ ਨਾ ਹੀ ਲੱਗਦਾ ਦਿਸੇ ਤਾਂ ਇਸ ਤੋਂ ਪਹਿਲਾਂ ਕਿ ਕੋਈ ਵੱਡਾ ਦੁਖਾਂਤ ਖੜ੍ਹਾ ਹੋ ਜਾਵੇ, ਉਸ ਦਾ ਕੋਈ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਸੋ ਵਾਅਦੇ ਕਰਨ ਵਾਲੇ ਨੂੰ ਵੀ ਸੋਚ ਸਮਝ ਕੇ ਵਾਅਦਾ ਕਰਨਾ ਚਾਹੀਦਾ ਹੈ। ਜੇ ਵਾਅਦਾ ਕੀਤਾ ਹੈ ਤਾਂ ਨਿਭਾਉਣਾ ਚਾਹੀਦਾ ਹੈ। ਨਹੀਂ ਤਾਂ ਵਾਅਦਿਆਂ ਤੋਂ ਕਿਤੇ ਵਧੀਆ ਰਿਸ਼ਤਾ ਬਲੀ ਚੜ੍ਹ ਜਾਣ ਦਾ ਖਤਰਾ ਪੈਦਾ ਹੋ ਸਕਦਾ ਹੈ। ਵਾਅਦੇ ਕੰਧਾਂ ਨਾਲ ਨਹੀਂ ਇਨਸਾਨਾਂ ਨਾਲ, ਰਿਸ਼ਤਿਆਂ ਨਾਲ, ਆਪਣਿਆਂ ਨਾਲ ਹੀ ਵਾਅਦੇ ਕੀਤੇ ਜਾਂਦੇ ਹਨ। ਜੇ ਆਪਣੇ ਹੀ ਗਵਾ ਲਏ ਤਾਂ ਫਿਰ ’ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ।’

ਵਾਅਦਾ ਇਕ ਇਕਰਾਰਨਾਮਾ ਹੁੰਦਾ ਹੈ। ਦਿਮਾਗ ਨਾਲ ਸੋਚ ਕੇ ਵਾਅਦਾ ਕਰਕੇ ਜਦੋਂ ਅਸੀਂ ਕਿਸੇ ਦਾ ਦਿਲ ਜਿੱਤ ਲੈਂਦੇ ਹਾਂ ਵਾਅਦਾ ਪੂਰਾ ਕੀਤਾ ਤਾਂ ਹੀ ਦਿਲ ਜਿੱਤ ਹੋਊ। ਜੇ ਰੋ ਰੋ ਕੇ ਵਾਅਦਾ ਨਿਭਾਇਆ ਤਾਂ ਫਿਰ ਮੇਂਗਣਾਂ ਪਾ ਕੇ ਦੁੱਧ ਦਿੱਤਾ ਤਾਂ ਕੀ ਦਿੱਤਾ? ਖੁਸ਼ੀ ਖੁਸ਼ੀ ਵਾਅਦਾ ਨਿਭਾਉਣ ਨਾਲ ਦਿਲ ਜਿੱਤ ਸਕਦਾ ਹੈ। ਕਿਸੇ ਨੂੰ ਆਸ ਦਵਾ ਕੇ, ਉਸ ਦੀ ਆਸ ਮੁਰਾਦ ਪੂਰੀ ਕਰਨ ਨਾਲ ਹੀ ਗੱਲ ਬਣਦੀ ਹੈ। ਜੇ ਲਾਇਏ ਤਾਂ ਤੋੜ ਨਿਭਾਈਏ। ਤੋੜ ਨਹੀਂ ਨਿਭਾ ਸਕਦੇ, ਕਿਸੇ ਦਾ ਧੁਰ ਤੱਕ ਸਾਥ ਨਹੀਂ ਦੇ ਸਕਦੇ ਤਾਂ ਅੱਧ ਵਿਚਾਲੇ ਛੱਡ ਜਾਣਾ ਵਾਅਦਾ ਖਿਲਾਫੀ ਹੈ। ਉਸ ਦਾ ਨਾ ਤੁਹਾਨੂੰ ਸੁਖ, ਨਾ ਹੋਰ ਕਿਸੇ ਨੂੰ। ਸੁਣਨ ਗਿਣਨ ਵਾਲੇ ਵੀ ਕਹਿਣਗੇ, ’ਲੋਕੀਂ ਆਖਦੇ ਮਲੰਗ ਨਾਲ ਯਾਰੀ ਮਿਹਣੋ ਮਿਹਣੀ ਹੋ ਕੇ ਟੁੱਟ ਗਈ।’ ਬੱਸ ਤੋੜ ਨਿਭਾ ਸਕਣ ਦੀ ਤੁਹਾਡੀ ਕਿੰਨੀ ਕੁ ਸਮਰੱਥਾ ਹੈ। ਕਿੰਨੀ ਕੁ ਸੋਚ ਹੈ, ਕਿੰਨਾ ਕੁ ਯਤਨ ਕਰਦੇ ਹੋ ਤੇ ਕਿਸ ਹੱਦ ਤੱਕ ਜਾਂਦੇ ਹੋ। ਇਸ ਵਿਚੋਂ ਹੀ ਲੋਕ ਤੁਹਾਡੇ ਨੰਬਰ ਲਾਉਂਦੇ ਹਨ।

ਕਈ ਵਾਰ ਅਸੀਂ ਵਾਅਦਾ ਨਿਭਾਉਣ ਲਈ ਆਪਣਾ ਪੂਰਾ ਜ਼ੋਰ ਲਾ ਦਿੰਦੇ ਹਾਂ। ਲੇਕਿਨ ਨਹੀਂ ਨਿਭਾ ਸਕਦੇ, ਇਸ ਹਾਲਤ ਵਿਚ ਤੁਹਾਡਾ ਨਹੀਂ ਕਸੂਰ, ਕਿਸੇ ਹੋਰ ਵਜ੍ਹਾ ਨਾਲ ਵਾਅਦਾ ਟੁੱਟਾ ਹੈ। ਵਾਅਦਾ ਟੁੱਟਣ ਦਾ ਕਾਰਨ ਤੁਸੀਂ ਨਹੀਂ ਤਾਂ ਫਿਰ ਦੋਸ਼ੀ ਵੀ ਤੁਸੀਂ ਨਹੀਂ। ਇਸ ਹਾਲਤ ਵਿਚ ਕੋਈ ਰਿਸ਼ਤਾ ਨਹੀਂ ਖਰਾਬ ਹੁੰਦਾ। ਮਜਬੂਰੀ ਵਿਚ ਕੀਤੇ ਵਾਅਦੇ ਦੀ ਮਜਬੂਰੀ ਹੁੰਦੀ ਹੈ ਵਾਅਦਾ ਨਹੀਂ ਹੁੰਦਾ। ਮੈਂ ਜਦ ਖੇਤੀ ਕਰਿਆ ਕਰਦਾ ਸੀ ਤਾਂ ਬੜੀ ਸੌਖੀ ਹਾਲਤ ਸੀ ਤੇ ਬਹੁਤ ਚੰਗਾ ਇਤਬਾਰ ਬਣਿਆ ਹੋਇਆ ਸੀ ਚਾਰ ਚੁਫੇਰੇ।

ਅਸੀਂ ਬੀਜ ਵਾਲੇ ਆਲੂ ਇਕ ਕੋਲਡ ਸਟੋਰ ਵਿਚ ਰੱਖ ਦਿੱਤੇ। ਸੌ ਕੁ ਖੇਤ ਵਾਸਤੇ ਸਾਨੂੰ ਬੀਜ ਚਾਹੀਦਾ ਸੀ। ਬਾਕੀ ਸੋਚਿਆ ਵੇਚ ਦੇਵਾਂਗੇ। ਪ੍ਰੰਤੂ ਮਾਰਕੀਟ ਖਰਾਬ ਹੋ ਗਈ। ਸਾਡੇ ਬਾਕੀ ਆਲੂ ਵੀ ਨਾ ਵਿਕੇ, ਢੇਰਾਂ ਦੇ ਢੇਰ ਸਾਡੇ ਖੇਤਾਂ ਵਿਚ ਪਏ ਰਹਿ ਗਏ। ਕਈ ਏਕੜ ਆਲੂ ਅਸੀਂ ਵਿਚੇ ਹੀ ਵਾਹ ਦਿੱਤੇ ਕਿ ਪੁਟਾਈ ਦਾ ਖਰਚਾ ਵੀ ਪੂਰਾ ਨਹੀਂ ਹੋਣਾ। ਖੇਤੀ ਕਾਰਨ ਮੇਰੇ ਸਾਰੇ ਰਸਤੇ ਬੰਦ ਹੋ ਗਏ। ਖੇਤੀ ਕਰਨ ਵਾਲੇ ਸਾਰੇ ਟਰੈਕਟਰ ਟਰਾਲੀਆਂ ਵਿਕ ਗਏ ਤੇ ਮੇਰੇ ਸਿਰ ਹਾਲ ਵੀ ਕਰਜ਼ਾ ਸੀ। ਕਿਸੇ ਨੂੰ ਦੇਣ ਵਾਸਤੇ ਕੋਈ ਪੈਸਾ ਨਹੀਂ ਸੀ। ਵਾਅਦੇ ਮੁਤਾਬਕ ਕੋਲਡ ਸਟੋਰ ਦਾ ਮਾਲਕ ਪਿੰਡ ਆਪਣਾ ਕਿਰਾਇਆ ਲੈਣ ਲਈ ਆਇਆ। ਜਦੋਂ ਪਤਾ ਲੱਗ ਗਿਆ ਕਿ ਪੈਸੇ ਤਾਂ ਸੁਰਿੰਦਰ ਕੋਲ ਨਹੀਂ, ਇਸ ਵਕਤ ਮਜਬੂਰ ਹੈ, ਪੈਸੇ ਨਹੀਂ ਦੇ ਸਕਦਾ। ਹਾਲਾਤ ਦੇਖ ਕੇ ਸਮਝ ਗਿਆ ਕਿ ਇਸ ਦਾ ਕਸੂਰ ਕੋਈ ਨਹੀਂ। ਇਸ ਵਕਤ ਕੁਝ ਵੀ ਕਰਾਂ, ਪੈਸੇ ਮਿਲਣੇ ਤਾਂ ਨਹੀਂ, ਆਪਣਾ ਰਿਸ਼ਤਾ, ਪ੍ਰੇਮ, ਦੋਸਤੀ ਹੀ ਖਰਾਬ ਨਾ ਕਰਾਂ। ਕਿਸੇ ਦਿਨ ਆਪੇ ਦੇ ਦੇਊ। ਦੋ ਤਿੰਨ ਸਾਲ ਬਾਅਦ ਮੈਂ ਵਿਦੇਸ਼ਾਂ ਵਿਚ ਮਜ਼ਦੂਰੀ ਕਰਕੇ ਫਿਰ ਕਿਤੇ ਜਾ ਕੇ ਉਸ ਦੇ ਪੈਸੇ ਮੋੜੇ।

ਕੁਝ ਵਾਅਦੇ ਜ਼ਬਾਨੀ ਕਲਾਮੀ ਹੁੰਦੇ ਸਨ ਤੇ ਕੁਝ ਇਕਰਾਰਨਾਮੇ ਲਿਖਤੀ ਹੁੰਦੇ ਸਨ। ਦਿਲਾਂ ਦੇ ਮਸਲੇ, ਪਰਿਵਾਰਕ ਮਸਲੇ ਆਮ ਤੌਰ ਤੇ ਲਿਖਤੀ ਨਹੀਂ ਹੋਇਆ ਕਰਦੇ। ਦਿਲਾਂ ਦੇ ਸੌਦੇ ਮਿਣ ਗਿਣ ਕੇ ਨਹੀਂ ਕੀਤੇ ਜਾਂਦੇ। ਮਿੱਤਰ ਹੈ ਤਾਂ ਮਿੱਤਰਤਾ ਨਿਭਾਉਂਦਿਆਂ ਹੀ ਪਤਾ ਲੱਗਦਾ ਹੈ ਕਿ ਕਿੰਨਾ ਵਧੀਆ ਮਿੱਤਰ ਹੈ। ਸਮਾਜਿਕ ਕਾਨੂੰਨ ਜੋ ਹੁੰਦੇ ਹਨ, ਉਹ ਸਰਕਾਰੀ ਵਿਧਾਨ ਨਾਲੋਂ, ਸਰਕਾਰੀ ਕਾਇਦੇ ਕਾਨੂੰਨ ਨਾਲੋਂ ਬਹੁਤ ਵੱਧ ਅਹਿਮੀਅਤ ਰੱਖਦੇ ਹਨ। ਲੇਕਿਨ ਉਹ ਲਿਖਤੀ ਰੂਪ ਵਿਚ ਸਹੀ ਹੁੰਦੇ।ਵਿਧਾਨ ਤਾਂ ਲਿਖਿਆ ਜਾਂਦਾ ਹੈ ਤੇ ਲਾਗੂ ਕੀਤਾ ਜਾਂਦਾ ਹੈ। ਭਾਵੇਂ ਸਮਾਜਿਕ ਕਾਇਦਾ ਕਾਨੂੰਨ ਸਾਡੇ ਖੂਨ ਵਿਚ ਹੁੰਦਾ ਹੈ। ਸਾਡੇ ਦਿਲ ਵਿਚ ਹੁੰਦਾ ਹੈ, ਸਾਡੀ ਜ਼ਮੀਰ ਵਿਚ ਹੁੰਦਾ ਹੈ। ਜ਼ਮੀਰ ਤੇ ਸਭ ਨੂੰ ਪਤਾ ਹੈ ਗਜ਼ਾਂ ਨਾਲ ਨਹੀਂ ਮਿਣੀ ਜਾ ਸਕਦੀ। ਸਮਾਜਿਕ ਵਾਅਦੇ ਵਪਾਰਕ ਵਾਅਦਿਆਂ ਤੋਂ ਵੱਖਰੇ ਹੁੰਦੇ ਹਨ। ਪੁਰਾਣੇ ਜ਼ਮਾਨਿਆਂ ਵਿਚ ਵਿਓਪਾਰ ਵੀ ਜ਼ਬਾਨੀ ਕਲਾਮੀ ਹੋ ਜਾਇਆ ਕਰਦੇ ਸੀ। ਹੱਥ ਮਿਲਾ ਲਿਆ ਤਾਂ ਬੱਸ ਮਿਲਾ ਲਿਆ। ਪੱਗ ਵਟਾ ਕੇ ਸਾਰੀ ਉਮਰ ਨਾਲ ਖੜ੍ਹਨ ਵਾਲੇ ਜ਼ਮਾਨੇ ਹੁ ਣਤਾਂ ਜਾਂਦੇ ਰਹੇ।

ਅੱਜਕਲ੍ਹ ਬਹੁਤ ਘੱਟ ਮਿਸਾਲਾਂ ਮਿਲਦੀਆਂ। ਖਾਸ ਕਰਕੇ ਵਪਾਰਕ ਇਕਰਾਰਨਾਮੇ ਤਾਂ ਹੁਣ ਲਿਖਤੀ ਹੀ ਹੁੰਦੇ ਹਨ। ਜੇ ਕਿਧਰੇ ਲਿਖਤੀ ਨਹੀਂ ਹੈ ਤਾਂ ਗੱਲ ਵਿਗੜ ਜਾਵੇ, ਫਿਰ ਸਬੂਤ ਕੋਈ ਨਹੀਂ ਹੁੰਦੇ। ਬੋਲ ਪੁਗਾਉਣ ਵਾਲੇ ਜ਼ਮਾਨੇ ਤਾਂ ਚਿਰੋਕਣੇ ਲੱਦ ਗਏ। ਵਪਾਰਕ ਵਾਅਦੇ ਵੀ ਸਾਂਝ ਨਿਭਾਉਣ ਵਾਲੇ ਵਾਅਦੇ ਹੁੰਦੇ ਹਨ। ਨਿਰਭਰਤਾ ਹੁੰਦੀ ਹੈ, ਇਕ ਦੂਜੇ ਦੇ ਆਸਰੇ ਨਾਲ ਕਿਸੇ ਸਾਂਝੇ ਮੁਫਾਦ ਲਈ ਮਿਲ ਬੈਠ ਕੇ ਕੰਮ ਕਰਨ ਦੀਆਂ ਜੋ ਸ਼ਰਤਾਂ ਹੁੰਦੀਆਂ ਹਨ। ਇਹਨਾਂ ਸ਼ਰਤਾਂ ਨੂੰ ਕਿਸੇ ਜ਼ਮਾਨੇ ਕਸਮਾਂ ਕਿਹਾ ਜਾਂਦਾ ਸੀ। ਸ਼ਰਤਾਂ ਅੱਜਕਲ੍ਹ ਲਿਖਤੀ ਰੂਪ ਵਿਚ ਕਰਕੇ ਆਪਣਾ ਆਪਣਾ ਹਿੱਸਾ ਪਾ ਕੇ ਉਹਨਾਂ ਸ਼ਰਤਾਂ ਤੇ ਪੂਰਾ ਉਤਾਰਨ ਲਈ ਇਕਰਾਰਨਾਮੇ ਕੀਤੇ ਜਾਂਦੇ ਹਨ। ਕੋਈ ਚੀਜ਼ ਉਧਾਰ ਲੈ ਕੇ ਉਸ ਨੂੰ ਵਾਪਸ ਕਿਵੇਂ ਕਰਨਾ ਹੈ, ਉਸ ਦੇ ਵੀ ਇਕਰਾਰਨਾਮੇ ਲਿਖੇ ਜਾਂਦੇ, ਆਪਸ ਵਿਚ ਕੀਤੇ ਇਕਰਾਰ ਨਾਮਿਆਂ ਵਿਚ ਕੰਮ ਨੇਪਰੇ ਚਾੜਨ ਦੇ ਤਰੀਕੇ ਨਹੀਂ, ਖਾਹਿਸ਼ ਹੁੰਦੀ ਹੈ। ਰੀਝ ਹੁੰਦੀ ਹੈ।

ਵਾਅਦੇ ਨਿਭਾਉਣ ਦੇ ਸਾਧਨ ਵਿਓਪਾਰ ਵਿਚ ਹੱਥੀਂ ਮਿਹਨਤ, ਪੈਸੇ ਦਾ ਯੋਗਦਾਨ ਜਾਂ ਕੋਈ ਤਕਨੀਕੀ ਕਾਬਲੀਅਤ ਹੋ ਸਕਦੇ ਹਨ। ਕਿਸ ਸਾਧਨ ਤੇ ਕਿੰਨਾ ਨਿਰਭਰ ਕਰਨਾ ਹੈ, ਕਿਸਦਾ ਵਾਅਦਾ ਹੁੰਦਾ ਹੈ। ਯੋਗਦਾਨ ਅਨੁਸਾਰ ਹੀ ਫਿਰ ਨਫੇ ਨੁਕਸਾਨ ਦਾ ਹਿੱਸਾ ਹੁੰਦਾ ਹੈ। ਤੁਸੀਂ ਸੁਣਿਆ ਹੋਣਾ ਲੋਕਾਂ ਨੂੰ ਕਹਿੰਦਿਆਂ ਕਿ ਮੇਰਾ ਫਲਾਣੀ ਕੰਪਨੀ ਵਿਚ ਚਵਾਨੀ ਹਿੱਸਾ ਹੈ। ਭਾਵ ਉਹ ਚੌਥ ਹਿੱਸੇ ਦੇ ਯੋਗਦਾਨ ਕਰਕੇ ਚੌਥੇ ਹਿੱਸੇ ਦੇ ਨਫੇ ਨੁਕਸਾਨ ਦਾ ਹੱਕਦਾਰ ਹੈ।

ਨਫੇ ਵਾਲੇ ਕੰਮਾਂ ਵਿਚ ਸਿਆਣੇ ਬੰਦੇ ਦਖਲਅੰਦਾਜ਼ੀ ਨਹੀਂ ਕਰਦੇ। ਜੇ ਮੈਂ ਕਿਸੇ ਬਿਜਨਸ ਵਿਚ ਦੋ ਲੱਖ ਡਾਲਰ ਲਾਇਆ ਹੈ ਤੇ ਹਰ ਮਹੀਨੇ ਮੈਨੂੰ ਅੱਠ ਹਜ਼ਾਰ ਡਾਲਰ ਹਿੱਸਾ ਮਿਲ ਰਿਹਾ ਹੈ, ਮਤਲਬ 48 ਫੀਸਦੀ ਵਿਆਜ ਮਿਲ ਰਿਹਾ ਹੈ। ਫਿਰ ਹੋਰ ਤੁਹਾਨੂੰ ਕੀ ਚਾਹੀਦਾ। ਪਾਸੇ ਹੋ ਕੇ ਬਹਿ ਜਾਓ, ਕਰਨ ਦਿਓ ਕੀ ਕਰਦੇ ਬਾਕੀ। ਕੋਈ ਦਖਲਅੰਦ-ਾਜ਼ੀ ਕਰਨ ਦੀ ਲੋੜ ਨਹੀਂ।

ਹਰ ਮਹੀਨ ਗੱਫਾ ਮਿਲ ਰਿਹਾ ਹੈ ਤੁਹਾਨੂੰ ਤੇ ਜੇ ਕੋਈ ਹੋਰ ਤੁਹਾਡਾ ਹਿੱਸੇਦਾਰ ਜੋ ਕੰਮ ਚਲਾ ਰਿਹਾ ਹੈ, ਜੇ ਵੱਧ ਵੀ ਬਣਾ ਰਿਹਾ ਹੈ ਤਾਂ ਵੀ ਚੁੱਪ ਰਹਿਣ ਵਿਚ ਹੀ ਤੁਹਾਡਾ ਭਲਾ ਹੈ। ਹੋਰ ਕੋਈ ਵੱਧ ਲੈ ਰਿਹਾ ਹੈ ਤਾਂ ਕੋਈ ਗੱਲ ਨਹੀਂ ਜਿੰਨਾ ਚਿਰ 48 ਫੀਸਦੀ ਤੁਹਾਡਾ ਮਿਲਦਾ ਹੈ, ਚੁੱਪ ਕਰਕੇ ਘੁੰਏਂ ਜਿਹੇ ਬਣ ਕੇ ਲਈ ਜਾਵੋ। ਹੋਰ ਕਿਸੇ ਦਾ ਹਿਸਾਬ ਕਿਤਾਬ ਨ ਹੀਂ ਲਾਉਣਾ ਚਾਹੀਦਾ। ਆਪਣਾ ਹਿਸਾਬ ਠੀਕ ਹੈ ਤਾਂ ਸਭ ਠੀਕ ਹੈ। ਕੋਈ ਵਾਅਦਾ ਖਿਲਾਫੀ ਕਰ ਵੀ ਰਿਹਾ ਹੈ ਤੇ ਤੁਹਾਨੂੰ ਪੁੱਗਦੀ ਹੈ। ਸਗੋਂ ਪਤਾ ਹੀ ਨਾ ਲੱਗਣ ਦਿਓ ਕਿ ਤੁਹਾਨੂੰ ਪਤਾ ਹੈ। ਇਸੇ ਵਿਚ ਜੇ ਸਭ ਦਾ ਭਲਾ ਹੈ ਤਾਂ ਇਹ ਹੀ ਸਹੀ ਹੈ।

# ਪੀਓ ਪਾਹੁਲ ਖੰਡੇ ਧਾਰ



ਡਾਕਟਰ ਅਜੀਤ ਸਿੰਘ ਕੋਟਕਪੂਰਾ
drsinghajit@gmail.com
585-305-0443


ਖ਼ਾਲਸਾ ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸ ਦਾ ਅਰਥ ਹੈ ਸ਼ੁੱਧ ਜਾਂ ਜਿਸ ਵਿਚ ਕੋਈ ਖੋਟ ਜਾਂ ਮਿਲਾਵਟ ਨਾ ਹੋਵੇ । ਅਰਬੀ ਭਾਸ਼ਾ ਵਿਚ ਖ਼ਾਲਿਸਾਹ (ਖਹਓਲਸਿਓਹ) ਜਿਸ ਦਾ ਅਰਥ ਹੈ ਉਹ ਜ਼ਮੀਨ ਜੋ ਖ਼ਾਲੀ ਹੈ ਅਤੇ ਕਿਸੇ ਦੀ ਮਾਲਕੀ ਨਹੀਂ ਹੈ ਅਤੇ ਸਰਕਾਰ ਹੀ ਉਸ ਜ਼ਮੀਨ ਦੀ ਮਾਲਕ ਹੈ । ਦਸਵੇਂ ਪਾਤਸ਼ਾਹ ਨੇ ਅਜਿਹਾ ਖ਼ਾਲਸਾ ਸਿਰਜਿਆ ਜੋ ਕੇਵਲ ਤੇ ਕੇਵਲ ਅਕਾਲ ਪੁਰਖ ਦੇ ਹੁਕਮਾਂ ਦੇ ਅਧੀਨ ਹੈ ਅਤੇ ਉਸ ਉਪਰ ਅਕਾਲ ਪੁਰਖ ਦੀ ਮਾਲਕੀ ਹੈ । ਉਹ ਕੇਵਲ ਅਕਾਲ ਪੁਰਖ ਵਿਚ ਯਕੀਨ ਰੱਖਦਾ ਹੈ ਅਤੇ ਹੋਰ ਕਿਸੇ ਦੇਵੀ ਜਾਂ ਦੇਵਤਾ ਦੀ ਅਧੀਨਤਾ ਨਹੀਂ ਸਵੀਕਾਰਦਾ ਹੈ । ਖ਼ਾਲਸਾ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਭਗਤ ਕਬੀਰ ਦੇ ਸਲੋਕਾਂ ਵਿਚ ਦਰਜ ਹੈ :

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥
(ਅੰਗ ੬੫੫)

ਸਿਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ, ਜਿਹਨਾਂ ਦਾ ਜਨਮ 5 ਜਨਵਰੀ 1666 ਨੂੰ ਪਟਨਾ (ਬਿਹਾਰ, ਭਾਰਤ) ਵਿਚ ਮਾਤਾ ਗੁਜਰੀ ਦੀ ਕੁੱਖੋਂ ਹੋਇਆ, ਨੇ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ। ਉਹਨਾਂ ਦੇ ਪਿਤਾ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ, ਜੋ ਤੇਗ਼ ਦੇ ਧਨੀ ਸਨ ਅਤੇ ਉਹਨਾਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ । ਉਸ ਵੇਲੇ ਦਸਵੇਂ ਪਾਤਸ਼ਾਹ ਦੀ ਉਮਰ ਕੇਵਲ 9 ਸਾਲ ਦੀ ਸੀ। 1699 ਦੀ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਵਲੋਂ ਸਾਰੀ ਸੰਗਤ ਨੂੰ ਆਨੰਦਪੁਰ ਸਾਹਿਬ ਵਿਚ ਇਕੱਠਾ ਕੀਤਾ, ਉਸ ਦਿਨ ਮਾਰਚ ਦੀ 30 ਤਾਰੀਖ਼ ਸੀ ਅਤੇ ਗੁਰੂ ਜੀ ਦੀ ਉਮਰ ਕੇਵਲ 33 ਸਾਲ ਦੀ ਸੀ । ਸੰਗਤਾਂ ਦੂਰ-ਨੇੜੇ ਤੋਂ ਹੁਮ-ਹੁਮਾ ਕੇ ਪੁੱਜੀਆਂ । ਭਾਰੀ ਗਿਣਤੀ ਵਿਚ ਸੰਗਤ ਪੁੱਜੀ ਹੋਈ ਸੀ । ਗੁਰੂ ਜੀ ਨੇ ਨੰਗੀ ਤਲਵਾਰ ਲੈ ਕੇ ਇਕ ਸਿਰ ਦੀ ਮੰਗ ਕੀਤੀ । ਸਿੱਖ ਘਬਰਾ ਗਏ, ਨਵੀਂ ਮੰਗ ਸੀ । ਸਾਰੇ ਪਾਸੇ ਚੁੱਪ ਵਰਤ ਗਈ।

ਗੁਰੂ ਜੀ ਨੇ ਮੰਗ ਦੁਬਾਰਾ ਕੀਤੀ ਤਾਂ ਲਾਹੌਰ ਦਾ ਖੱਤਰੀ, ਮਾਈ ਦਿਆਲੀ ਅਤੇ ਪਿਤਾ ਭਾਈ ਸੁਧਾ ਦਾ ਪੁੱਤਰ, ਦਯਾ ਰਾਮ ਅਗੇ ਆਇਆ ਤਾਂ ਗੁਰੂ ਜੀ ਉਸ ਨੂੰ ਤੰਬੂ ਦੇ ਅੰਦਰ ਲੈ ਗਏ। ਤੰਬੂ ਅੰਦਰੋਂ ਇਕ ਅਜੀਬ ਅਵਾਜ਼ ਆਈ। ਲੋਕ ਡਰ ਗਏ।

ਗੁਰੂ ਜੀ ਦੁਬਾਰਾ ਖ਼ੂਨ ਦੀ ਲਿੱਬੜੀ ਹੋਈ ਤਲਵਾਰ ਲੈ ਕੇ ਆਏ ਅਤੇ ਇਕ ਹੋਰ ਸਿਰ ਦੀ ਮੰਗ ਰਖੀ। ਲੋਕ ਘਬਰਾ ਕੇ ਮਾਤਾ ਜੀ ਕੋਲ ਸ਼ਿਕਾਇਤ ਲੈ ਕੇ ਪੁਜੇ। ਹੁਣ ਮਾਈ ਸਭੋ ਅਤੇ ਭਾਈ ਸੰਤ ਰਾਮ ਦਾ ਪੁੱਤਰ, ਧਰਮ ਦਾਸ ਕਿਸਾਨ ਹਾਜ਼ਰ ਹੋਇਆ ਅਤੇ ਆਪਣਾ ਸਿਰ ਅਰਪਿਤ ਕਰ ਦਿਤਾ । ਗੁਰੂ ਜੀ ਉਸ ਨੂੰ ਵੀ ਤੰਬੂ ਵਿਚ ਲੈ ਗਏ ਅਤੇ ਪਹਿਲਾਂ ਜਿਹੀ ਅਵਾਜ਼ ਆਈ । ਤੀਜੀ ਵਾਰ ਦੁਾਰਕਾਪੁਰ ਦਾ ਦਰਜ਼ੀ (ਛੀਂਬਾ) ਮੋਹਕਮ ਚੰਦ ਪੁੱਤਰ ਦੀਵੀ ਬਾਈ ਅਤੇ ਤੀਰਥ ਚੰਦ ਆ ਹਾਜ਼ਰ ਹੋਇਆ ਅਤੇ ਸੀਸ ਭੇਟ ਕੀਤਾ। ਗੁਰੂ ਜੀ ਫਿਰ ਤੰਬੂ ਵਿਚ ਗਏ ਅਤੇ ਉਹੀ ਅਵਾਜ਼ ਆਈ । ਚੌਥੀ ਵਾਰ ਬਿਦਰ ਕਰਨਾਟਕ ਦੇ ਨਾਈ ਸਿਖ ਦੇਵੀ ਬਾਈ ਅਤੇ ਤੀਰਥ ਚੰਦ ਦਾ ਪੁੱਤਰ ਸਾਹਿਬ ਚੰਦ ਸੀਸ ਅਰਪਿਤ ਕਰਨ ਲਈ ਹਾਜ਼ਰ ਹੋਇਆ । ਗੁਰੂ ਜੀ ਉਸ ਨੂੰ ਵੀ ਤੰਬੂ ਵਿਚ ਲੈ ਗਏ ਅਤੇ ਉਹੀ ਅਵਾਜ਼ ਫਿਰ ਸੁਣੀ ਗਈ । ਪੰਜਵੀਂ ਵਾਰ ਜਗਨਨਾਥ ਪੁਰੀ (ਉੜੀਸਾ) ਦੇ ਨੀਵੀਂ ਜਾਤ ਦੇ ਹਿੰਮਤ ਰਾਇ ਪੁੱਤਰ ਮਾਤਾ ਧੰਨੋ ਅਤੇ ਭਾਈ ਗੁਲਜ਼ਾਰੀ ਜੀ ਆਏ ਅਤੇ ਸਿਰ ਭੇਟਾ ਕਰ ਦਿਤਾ । ਉਸ ਨੂੰ ਵੀ ਤੰਬੂ ਵਿਚ ਲੈ ਕੇ ਜਾਇਆ ਗਿਆ ਅਤੇ ਉਹੀ ਅਵਾਜ਼ ਆਈ । ਕੁਝ ਸਮੇਂ ਬਾਅਦ ਗੁਰੂ ਜੀ ਪੰਜਾਂ ਦੇ ਨਾਲ ਸੰਗਤ ਦੇ ਸਨਮੁਖ ਹਾਜ਼ਰ ਹੋਏ । ਸੰਗਤਾਂ ਨੇ ਪੰਜਾਂ ਨੂੰ ਸਾਬਤਸੂਰਤ ਦੇਖਿਆ ਤਾਂ ਹੈਰਾਨ ਹੋ ਗਈ।




ਗੁਰੂ ਜੀ ਨੇ ਸਰਬ-ਲੋਹ ਦੇ ਬਾਟੇ ਵਿਚ ਖੰਡੇ ਨਾਲ ਅੰਮ੍ਰਿਤ ਤਿਆਰ ਕੀਤਾ, ਅੰਮ੍ਰਿਤ ਤਿਆਰੀ ਵੇਲੇ ਪੰਜ ਬਾਣੀਆਂ (ਜਪੁਜੀ ਸਾਹਿਬ, ਜਾਪੁ ਸਾਹਿਬ, ਸਵੈਯੇ, ਚੌਪਈ ਸਾਹਿਬ ਅਤੇ ਸ੍ਰੀ ਅਨੰਦ ਸਾਹਿਬ) ਦਾ ਪਾਠ ਕੀਤਾ ਗਿਆ। ਸਾਹਿਬ ਦੇਵਾਂ ਅਰਥਾਤ ਮਾਤਾ ਸਾਹਿਬ ਕੌਰ ਜੀ ਨੇ ਇਸ ਅੰਮ੍ਰਿਤ ਵਿਚ ਮਿੱਠੇ ਪਤਾਸੇ ਪਾਏ । ਜਦੋਂ ਇਹ ਅੰਮ੍ਰਿਤ ਤਿਆਰ ਹੋ ਗਿਆ ਤਾਂ ਪਹਿਲਾਂ ਸਿਰ ਅਰਪਿਤ ਕਰਨ ਵਾਲਿਆਂ ਨੂੰ ਛਕਾਇਆ ਗਿਆ ਅਤੇ ਉਹਨਾਂ ਨੂੰ ਸਿੰਘ ਅਰਥਾਤ ਸ਼ੇਰ (ਲੌਨਿ) ਬਣਾ ਦਿੱਤਾ ਅਤੇ ਉਹਨਾਂ ਦੇ ਨਾਂ ਵੀ ਬਦਲੀ ਕੀਤੇ ਗਏ ।

ਨਵੇਂ ਦਿਤੇ ਹੋਏ ਨਾਂ ਇਸ ਤਰ੍ਹਾਂ ਸਨ :

1. ਭਾਈ ਦਯਾ ਸਿੰਘ ਜੀ
2. ਭਾਈ ਧਰਮ ਸਿੰਘ ਜੀ
3. ਭਾਈ ਮੋਹਕਮ ਸਿੰਘ ਜੀ
4. ਭਾਈ ਸਾਹਿਬ ਸਿੰਘ ਜੀ
5. ਭਾਈ ਹਿੰਮਤ ਸਿੰਘ ਜੀ

ਇਹਨਾਂ ਪੰਜਾਂ ਨੂੰ ਪੰਜ ਪਿਆਰੇ ਆਖਿਆ ਗਿਆ। ਫਿਰ ਪੰਜਾਂ ਪਿਆਰਿਆਂ ਤੋਂ ਗੁਰੂ ਗੋਬਿੰਦ ਰਾਇ ਅੰਮ੍ਰਿਤ ਛਕ ਕੇ ਗੁਰ ਗੋਬਿੰਦ ਸਿੰਘ ਜੀ ਬਣ ਗਏ। ਇਸ ਲਈ ਤਾਂ ਇਹ ਆਖਿਆ ਗਿਆ:

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਇਹ ਰੀਤ ਦੁਨੀਆਂ ਤੋਂ ਵੱਖਰੀ ਸੀ । ਨਾ ਹੀ ਅਜੇ ਇਸ ਵਿਧੀ ਨਾਲ ਕਿਸੇ ਨੇ ਅੰਮ੍ਰਿਤ ਤਿਆਰ ਕੀਤਾ ਸੀ ਅਤੇ ਨਾ ਹੀ ਆਪਣੇ ਚੇਲਿਆਂ ਤੋਂ ਅੰਮ੍ਰਿਤ ਛਕਿਆ ਸੀ ਇਸ ਤਰ੍ਹਾਂ ਖੰਡੇ ਬਾਟੇ ਦਾ ਪਾਹੁਲ ਤਿਆਰ ਕਰਨ ਦੀ ਰੀਤ ਚਲਾਈ:

ਪੀਓ ਪਾਹੁਲ ਖੰਡੇ ਧਾਰ ਹੋਵੇ ਜਨਮ ਸੁਹੇਲਾ।

ਪਾਹੁਲ ਛਕਾਉਂਦੇ ਸਮੇਂ ਇਹ ਦੱਸਿਆ ਗਿਆ ਕਿ ਅੱਜ ਤੋਂ ਬਾਅਦ ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਹੈ, ਮਾਤਾ ਸਾਹਿਬ ਕੌਰ ਹੈ ਅਤੇ ਜਨਮ ਅਸਥਾਨ ਆਨੰਦਪੁਰ ਸਾਹਿਬ ਹੈ ਤੁਹਾਡੀ ਕੋਈ ਜਾਤ ਨਹੀਂ ਹੈ ਅਤੇ ਤੁਸੀਂ ਸਿੱਖ ਹੋ। ਆਪ ਜੀ ਨੇ ਸਿੱਖਾਂ ਨੂੰ ਪੰਜ ਕਕਾਰ ਧਾਰਨ ਕਰਨ ਲਈ ਆਖਿਆ, ਜੋ ਇਹ ਹਨ : ਕੇਸਜ਼ਸਿੱਖ ਧਰਮ ਦੀ ਮੁੱਢਲੀ ਨਿਸ਼ਾਨੀ ਅਤੇ ਸੰਤਪੁਣੇ ਦੀ ਕੁਦਰਤੀ ਦਿਖ ਕੰਘਾਜ਼ਕੇਸਾਂ ਨੂੰ ਸੰਵਾਰਨ ਲਈ ਕੱਛਾਜ਼ਨੇਕ ਚਰਿੱਤਰ ਦੀ ਨਿਸ਼ਾਨੀ ਕੜਾਜ਼ਕਲਾਈ ਤੇ ਪਹਿਨਣ ਲਈ, ਡਰ ਅਤੇ ਭਉ ਤੋਂ ਬਚਾਅ ਲਈ ਕਿਰਪਾਨਜ਼ਸਵੈ-ਰੱਖਿਆ ਲਈ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਕੇਸਾਂ ਉਪਰ ਦਸਤਾਰ ਸਜਾ ਕੇ ਢੱਕ ਕੇ ਰਖਣਾ ਹੈ।

ਇਹਨਾਂ ਪੰਜਾਂਜ਼ਕਾਮ (lust) ਕ੍ਰੋਧ (Anger) ਲੋਭ (greed) ਮੋਹ (AttAchment) ਅਤੇ ਹੰਕਾਰ (ego) ਤੋਂ ਬਚਣਾ ਹੈ। ਕੇਸ ਨਹੀਂ ਕੱਟਣੇ ਹਨ । ਤਮਾਕੂ ਦਾ ਸੇਵਨ ਵਰਜਿਤ ਹੈ। ਕੁੱਠਾ ਮੀਟ ਨਹੀਂ ਸੇਵਨ ਕਰਨਾ ਹੈ । ਪਰ ਨਾਰੀ ਦਾ ਸਾਥ ਨਹੀਂ ਕਰਨਾ ਹੈ । ਗੁਰੂ ਜੀ ਨੇ ਉਪਦੇਸ਼ ਦਿਤਾ :

ਨਿਜ ਨਾਰੀ ਕੇ ਸੰਗ ਪ੍ਰੇਮ ਤੁਮ ਨਿਤ ਬਢਇਓ ।
ਪਰ ਨਾਰੀ ਕੀ ਸੇਜ ਪੈ ਸੁਪਨੇ ਮੈ ਨਾ ਜਇਓ।

ਅਤੇ ਅੰਮ੍ਰਿਤ ਛਕ ਲੇਣ ਤੋਂ ਬਾਅਦ ਮਰਦਾਂ ਦੇ ਨਾਂ ਨਾਲ ਸਿੰਘ ਲਿਖਿਆ ਜਾਵੇਗਾ ਅਤੇ ਇਸਤਰੀਆਂ ਦੇ ਨਾਂ ਨਾਲ ਕੌਰ ਲਿਖਿਆ ਜਾਵੇਗਾ । ਅਤੇ ਨਾਲ ਹੀ ਇਹ ਉਪਦੇਸ਼ ਦਿਤਾ ਕਿ:

ਜਬ ਤਕ ਖਾਲਸਾ ਰਹੇ ਨਿਆਰਾ ॥
ਤਬ ਤਕ ਤੇਜ ਦੀਓ ਮੈ ਸਾਰਾ ॥
ਜਬ ਇਹ ਕਰੇ ਬਿਪਰਨ ਕੀ ਰੀਤ ॥
ਮੈ ਨਾ ਕਰੂੰ ਇਸ ਕੀ ਪ੍ਰਤੀਤ ॥

ਖ਼ਾਲਸੇ ਦੀ ਸਾਜਨਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੀ ਗਈ ਜੋ ਕਿ ਪੰਜਾਬ ਵਿਚ ਹੈ ਅਤੇ ਸਿੱਖਾਂ ਦੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਕਰਕੇ ਜਾਣਿਆ ਜਾਂਦਾ ਹੈ।

# ਗੁ: ਕਲਗੀਧਰ ਸੈਲਮਾ ਵਿਖੇ ਸ਼ਹੀਦੀ ਦਿਹਾੜਾ ਸਰਧਾ ਭਾਵਨਾ ਨਾਲ ਮਨਾਇਆ ਗਿਆ



ਸੈਲਮਾ (ਕੈਲੇਫੋਰਨੀਆਂ) ਕੁਲਵੰਤ ਧਾਲੀਆਂ/ ਨੀਟਾ ਮਾਛੀਕੇ- ਸਥਾਨਿਕ ਗੁ: ਕਲਗੀਧਰ ਸਿਲਮਾਂ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ਦਿਹਾੜਾ ਅਤੇ ਜੂਨ ਚੁਰਾਸੀ ਦੇ ਸਮੂਹ ਸ਼ਹੀਦਾ ਦੀ ਯਾਦ ਨੂੰ ਸਮਰਪਿਤ ਦਿਹਾੜਾ ਇਲਾਕੇ ਦੇ ਟਰੱਕ ਡਰਾਈਵਰ ਵੀਰਾਂ ਅਤੇ ਸਮੂਹ ਸੰਗਤਾ ਵਲੋ, ਬੜੀ ਸ਼ਰਦਾ ਤੇ ਭਾਵਨਾ ਦੇ ਨਾਲ ਮਨਾਇਆ ਗਿਆ ਹੈ, ਜੂਨ 9 ਨੂੰ ਸ੍ਰੀ ਅਖੰਡ ਪਾਠ ਪਰਾਰੰਬ ਹੋਏ ਅਤੇ ਜੂਨ 11 ਨੂੰ ਭੋਗ ਪਾਏ ਗਏ ਹੰਨ ਉਪਰੰਤ ਕੀਰਤਨ ਦਰਬਾਰ ਹੋਇਆ ਜਿਸ ਵਿੱਚ ਭਾਈ ਅਵਤਾਰ ਸਿੰਘ ਅਤੇ ਹਰਜੀਤ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਹਾਜਰੀਆਂ ਭਰੀਆਂ ਅਤੇ ਸਿੱਖ ਪੰਥ ਦੇ ਮਹਾਨ ਪ੍ਰਚਾਰਕ ਭਾਈ ਪਿੰਦਰਪਾਲ ਸਿੰਘ ਨੇ ਗੁਰ-ਇਤਿਹਾਸ ਦੀ ਕਥਾ ਦੁਆਰਾ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ। ਭਾਈ ਰਣਧੀਰ ਸਿੰਘ ਨੇ ਕਵਿਤਾ ਨਾਲ ਹਾਜਰੀ ਭਰੀ। ਕੜਾਹ ਪ੍ਰਸ਼ਾਦ ਦੀ ਦੇਗ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ। ਇਸ ਸਮੇਂ ਪ੍ਰਬੰਧਕਾਂ ਨੇ ਦੱਸਿਆ ਕਿ ਗੁਰੂਘਰ ਵਿਖੇ ਹਰ ਰੋਜ ਸ਼ਾਮ ਦੇ ਦੀਵਾਨ ਵਿੱਚ ਕਥਾ ਹੋਇਆ ਕਰੇਗੀ।

# ਜੂਨ ਚੁਰਾਸੀ ਦੇ ਸ਼ਹੀਦਾਂ ਦੀ ਯਾਦ ਵਿੱਚ ਫਰਿਜਨੋ ਦੇ ਗੁਰਦਵਾਰਾ ਨਾਨਕਸਰ ਚੈਰੀ ਰੋਡ ਵਿਖੇ ਸਮਾਗਮ



ਫਰਿਜਨੋ (ਕੈਲੇਫੋਰਨੀਆਂ) ਕੁਲਵੰਤ ਧਾਲੀਆਂ / ਨੀਟਾ ਮਾਛੀਕੇ- ਭਾਰਤੀ ਫੌਜ ਵੱਲੋਂ ਅਕਾਲ ਤਖਤ ਨੂੰ ਢਹਿ ਢੇਰੀ ਕੀਤਿਆਂ ਬੇਸ਼ੱਕ 33 ਸਾਲ ਬੀਤ ਗਏ ਹਨ, ਲੇਕਿਨ ਦੇਸ਼ ਵਿਦੇਸ ਵਿੱਚ ਬੈਠੇ ਸਿੱਖ ਅੱਜ ਵੀ ਇਸ ਘੱਲੂਘਾਰੇ ਨੂੰ ਯਾਦ ਕਰਕੇ ਝਿਜੋੜੇ ਜਾਂਦੇ ਹਨ। ਜੂਨ ਦੇ ਮਹੀਨੇ ਵਿੱਚ ਦੁਨੀਆਂ ਭਰ ਵਿੱਚ ਤੀਜੇ ਘੱਲੂਘੇਰੇ ਨੂੰ ਯਾਦ ਕਰਦਿਆਂ ਸ਼ਹੀਦੀ ਸਮਾਗਮ ਕਰਵਾਏ ਜਾਂਦੇ ਹਨ। ਇਸੇ ਕੜੀ ਤਹਿਤ ਜੂਨ ਚੁਰਾਸੀ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਫਰਿਜਨੋ ਏਰੀਏ ਦੇ ਟਰੱਕਰ ਵੀਰਾਂ ਵੱਲੋਂ ਸਥਾਨਿਕ ਗੁਰਦਵਾਰਾ ਨਾਨਕਸਰ ਚੈਰੀ ਰੋਡ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਂਨ ਸ੍ਰੀ ਅਖੰਠ ਪਾਠ ਸਹਿਬ ਦੇ ਭੋਗ ਪਾਏ ਗਏ। ਭਾਈ ਹਰਭਜਨ ਸਿੰਘ ਅਤੇ ਦਾਰਾ ਸਿੰਘ ਦੇ ਜਥੇ ਨੇ ਕੀਰਤਨ ਕੀਤਾ ਅਤੇ ਭਾਈ ਇਕਬਾਲ ਸਿੰਘ ਰਾਜਪੁਰੇ ਵਾਲਿਆ ਖੂਨੀ ਸਾਕੇ ਦੀ ਦਾਸਤਾਨ ਸੁਣਾ ਹਰ ਅੱਖ ਨੰਮ ਕਰ ਦਿੱਤੀ। ਭਾਈ ਸੁਖਜਿੰਦਰ ਸਿੰਘ ਦੇ ਢਾਡੀ ਜਥੇ ਨੇ ਢਾਡੀ-ਵਾਰਾ ਨਾਲ ਗੁਰ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਗੁਰਦਵਾਰਾ ਨਾਨਕਸਰ ਦੇ ਪ੍ਰਬੰਧਕਾਂ ਵੱਲੋਂ ਭਾਈ ਇਕਬਾਲ ਸਿੰਘ ਰਾਜਪੁਰੇ ਨੂੰ ਸਿਰੋਪਾਓ ਦੇਕੇ ਨਿਵਾਜ਼ਿਆ ਗਿਆ। ਅਰਦਾਸ ਅਤੇ ਕੜਾਹ ਪ੍ਰਸ਼ਾਦ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ।

# ਜੀ.ਐਸ.ਟੀ. ਬਿੱਲ ਨੂੰ ਵੀ ਪੰਜਾਬ ਵਿਧਾਨ ਸਭਾ ਵੱਲੋਂ ਪ੍ਰਵਾਨਗੀ

ਪੰਜਾਬ ਵਿਧਾਨ ਸਭਾ ਵੱਲੋਂ ਅੱਜ ਜੀ.ਐਸ.ਟੀ. ਸਬੰਧੀ ਬਿੱਲ ਨੂੰ ਰਾਜ ਵਿਚ ਲਾਗੂ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਗਈ। ਇਸ ਬਿੱਲ 'ਤੇ ਬੋਲਦਿਆਂ ਰਾਜ ਦੇ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਦੁਨੀਆ ਦੇ 150 ਦੇਸ਼ਾਂ ਵਿਚ ਜੀ.ਐਸ.ਟੀ. ਲਾਗੂ ਹੈ ਅਤੇ ਇੱਕ ਜੰਮੂ ਕਸ਼ਮੀਰ ਨੂੰ ਛੱਡ ਭਾਰਤ ਦੇ ਸਾਰੇ ਰਾਜਾਂ ਵੱਲੋਂ ਇਸ ਬਿੱਲ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਉਨ੍ਹਾਂ ਮੈਂਬਰਾਂ ਦੇ ਖ਼ਦਸ਼ਿਆਂ ਦੇ ਜੁਆਬ ਦਿੰਦਿਆਂ ਕਿਹਾ ਕਿ ਪੈਟਰੋਲੀਅਮ ਅਤੇ ਸ਼ਰਾਬ 'ਤੇ ਰਾਜ ਸਰਕਾਰਾਂ ਨੂੰ ਟੈਕਸ ਲਾਉਣ ਦੀ ਖੁੱਲ੍ਹ ਰਹੇਗੀ, ਜਦੋਂਕਿ ਸਥਾਨਕ ਸਰਕਾਰਾਂ ਹੇਠਲੀਆਂ ਸੰਸਥਾਵਾਂ ਨੂੰ ਵੀ ਕਈ ਟੈਕਸ ਲਾਉਣ ਦਾ ਅਧਿਕਾਰ ਹੋਵੇਗਾ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਨਾਲ ਇੰਸਪੈਕਟਰ ਰਾਜ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗਾ ਅਤੇ ਇਹ ਟੈਕਸ ਸਵੈ ਐਲਾਨ ਰਾਹੀਂ ਹੀ ਅਦਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਕੌਂਸਲ ਕਦੀ ਵੀ ਜੀ.ਐਸ.ਟੀ. ਦੇ ਰੇਟਾਂ ਵਿਚ ਤਬਦੀਲੀ ਕਰ ਸਕੇਗੀ ਅਤੇ 20 ਲੱਖ ਤੱਕ ਦਾ ਸਾਲਾਨਾ ਵਪਾਰ ਕਰਨ ਵਾਲੇ ਨੂੰ ਕੋਈ ਰਜਿਸਟੇਸ਼ਨ ਨਹੀਂ ਕਰਵਾਉਣੀ ਪਵੇਗੀ ਜਦੋਂਕਿ ਸਾਲਾਨਾ ਡੇਢ ਕਰੋੜ ਤੋਂ ਉਪਰ ਵਪਾਰ ਕਰਨ ਵਾਲਿਆਂ ਵਿਚੋਂ 50 ਪ੍ਰਤੀਸ਼ਤ ਕੇਸਾਂ ਨਾਲ ਕੇਂਦਰ ਅਤੇ 50 ਪ੍ਰਤੀਸ਼ਤ ਨਾਲ ਰਾਜ ਸਰਕਾਰ ਤਾਲਮੇਲ ਕਰੇਗੀ।

ਸਾਬਕਾ ਵਿੱਤ ਮੰਤਰੀ ਸ. ਪਰਮਿੰਦਰ ਸਿੰਘ ਢੀਂਡਸਾ ਨੇ ਦੋਸ਼ ਲਗਾਇਆ ਕਿ ਇਸ ਟੈਕਸ ਨਾਲ ਸਭ ਤੋਂ ਵੱਧ ਨੁਕਸਾਨ ਪੰਜਾਬ ਦੇ ਕਿਸਾਨ ਦਾ ਹੋਵੇਗਾ ਅਤੇ ਕਿਸਾਨ ਦੀਆਂ ਲਾਗਤਾਂ ਵਿਚ ਵਾਧਾ ਹੋਵੇਗਾ ਅਤੇ ਕਿਸਾਨੀ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋਵੇਗੀ। ਇਸ ਤੋਂ ਪਹਿਲਾਂ ਬਿੱਲ 'ਤੇ ਬੋਲਦਿਆਂ ਆਮ ਆਦਮੀ ਪਾਰਟੀ ਦੇ ਕੰਵਰ ਸੰਧੂ ਨੇ ਦੱਸਿਆ ਕਿ ਇਸ ਬਿੱਲ ਨਾਲ ਰਾਜਾਂ ਦੀ ਵਿੱਤੀ ਖ਼ੁਦਮੁਖਤਿਆਰੀ ਹੋਰ ਕਮਜ਼ੋਰ ਪੈ ਜਾਵੇਗੀ।

# ਕਿਸਾਨਾਂ ਨੂੰ ਸਮਾਜ ਦਾ ਸਾਥ ਮਿਲਣਾ ਵੀ ਜ਼ਰੂਰੀ

ਕੀ ਕਿਸਾਨ ਮਜਬੂਰ ਹੈ ਅਤੇ ਖੇਤੀ ਉਸ ਦੀ ਮਜਬੂਰੀ। ਇਹ ਸਵਾਲ ਆਉਣ ਵਾਲੇ ਦਿਨਾਂ 'ਚ ਬਹੁਤ ਅਹਿਮ ਹੋਵੇਗਾ। ਫਿਲਹਾਲ ਪੂਰੇ ਦੇਸ਼ 'ਚ ਕਿਸਾਨ ਮਜ਼ਾਕ ਦੇ ਵਿਸ਼ੇ ਤੋਂ ਜ਼ਿਆਦਾ ਕੁਝ ਨਹੀਂ। ਸਮੇਂ ਨਾਲ ਬਦਲੇ ਸਮਾਜਿਕ ਮਾਹੌਲ 'ਚ ਜਿਥੇ ਕਿਸਾਨਾਂ ਦੀ ਸਥਿਤੀ ਤਰਸਯੋਗ ਹੁੰਦੀ ਜਾ ਰਹੀ ਹੈ, ਉਥੇ ਹੀ ਸਰਕਾਰੀ ਅਣਡਿੱਠਤਾ ਕਾਰਨ ਕਿਸਾਨ ਖ਼ੁਦ ਨੂੰ ਖੇਤੀਬਾੜੀ ਤੋਂ ਦੂਰ ਕਰਦੇ ਜਾ ਰਹੇ ਹਨ। ਇਹ ਇਕ ਚਿੰਤਾਜਨਕ ਵਿਸ਼ਾ ਹੈ।

ਜਿਥੇ ਖੇਤੀਬਾੜੀ ਦਾ ਘਟਦਾ ਰਕਬਾ ਇਕ ਵੱਡਾ ਸਵਾਲ ਹੈ, ਉਥੇ ਹੀ ਵਧਦੀ ਲਾਗਤ ਤੇ ਫਸਲ ਦੀ ਘਟਦੀ ਕੀਮਤ ਕਾਰਨ ਬਦਹਾਲ ਕਿਸਾਨ ਹੈਰਾਨ-ਪ੍ਰੇਸ਼ਾਨ ਹੈ। ਹਾਲਾਤ ਕੁਝ ਅਜਿਹੇ ਹਨ ਕਿ ਖ਼ੁਦ ਨੂੰ ਖਤਰੇ ਵਿਚ ਦੇਖ ਕੇ ਕਿਸਾਨ ਖ਼ੁਦਕੁਸ਼ੀ ਦਾ ਰਾਹ ਅਪਣਾ ਕੇ 'ਮੁਕਤੀ' ਪਾਉਣਾ ਚਾਹੁੰਦਾ ਹੈ।

ਅਜਿਹਾ ਲੱਗਦਾ ਹੈ ਕਿ ਕਿਸਾਨ ਕਿਤੇ ਸਿਆਸਤ ਦਾ ਸ਼ਿਕਾਰ ਹੈ ਤਾਂ ਕਿਤੇ ਸਰਕਾਰੀ ਲਾਪਰਵਾਹੀ ਕਾਰਨ ਖ਼ੁਦਕੁਸ਼ੀ ਵਰਗੇ ਘਾਤਕ ਫੈਸਲੇ ਲੈਣ ਲਈ ਮਜਬੂਰ ਹੈ ਪਰ ਖਾਸ ਸਵਾਲ ਇਹੋ ਹੈ ਕਿ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਜੇਕਰ ਖੇਤੀ ਤੋਂ ਮੂੰਹ ਮੋੜ ਲਵੇਗਾ ਤਾਂ ਭਾਰਤ ਦਾ ਢਿੱਡ ਕੌਣ ਭਰੇਗਾ?

ਅੱਜ ਜਿਥੇ ਨਵੀਂ ਪੀੜ੍ਹੀ ਖੇਤੀ ਦੀ ਬਜਾਏ ਸ਼ਹਿਰਾਂ ਵੱਲ ਰੁਖ਼ ਕਰ ਕੇ ਮਜ਼ਦੂਰੀ ਨੂੰ ਬਿਹਤਰ ਮੰਨਣ ਲੱਗੀ ਹੈ, ਉਥੇ ਹੀ ਜ਼ਮੀਨ ਦੇ ਮੋਹ 'ਚ ਫਸਿਆ ਲਾਚਾਰ ਕਿਸਾਨ ਕਦੇ ਬਰਸਾਤ ਤਾਂ ਕਦੇ ਸੋਕੇ ਦੀ ਮਾਰ ਝੱਲ ਰਿਹਾ ਹੈ। ਕਦੇ ਭਰਪੂਰ ਫਸਲ ਹੋਣ 'ਤੇ ਢੁਕਵੀਂ ਕੀਮਤ ਨਾ ਮਿਲਣ ਅਤੇ ਪੁਰਾਣਾ ਕਰਜ਼ਾ ਨਾ ਮੋੜ ਸਕਣ ਤੋਂ ਘਬਰਾ ਕੇ ਕਿਸਾਨ ਖ਼ੁਦਕੁਸ਼ੀ ਨੂੰ ਹੀ ਸੌਖਾ ਰਾਹ ਮੰਨ ਰਿਹਾ ਹੈ। ਭਾਰਤੀ ਕਿਸਾਨ ਦੀ ਇਹ ਬਹੁਤ ਵੱਡੀ ਤ੍ਰਾਸਦੀ ਹੈ।

ਕਿਸਾਨਾਂ ਦੇ ਨਾਂ 'ਤੇ ਸਿਆਸਤਦਾਨ ਸਿਆਸੀ ਰੋਟੀਆਂ ਸੇਕ ਰਹੇ ਹਨ। ਨੌਕਰਸ਼ਾਹਾਂ ਅਤੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੇ ਕੇ ਸਰਕਾਰਾਂ ਉਨ੍ਹਾਂ ਦੇ ਚਿਹਰਿਆਂ 'ਤੇ ਸ਼ਿਕਨ ਤਕ ਨਹੀਂ ਆਉਣ ਦਿੰਦੀਆਂ ਪਰ ਕਿਸਾਨ ਕਰਜ਼ੇ ਤੇ ਵਿਆਜ ਮੁਆਫੀ ਲਈ ਸੜਕਾਂ 'ਤੇ ਭੋਜਨ ਪਰੋਸ ਕੇ ਖਾਣ, ਤਪਦੇ ਆਸਮਾਨ ਹੇਠਾਂ ਨੰਗੇ ਧੜ ਅੰਦੋਲਨ ਕਰਨ ਅਤੇ ਪਾਣੀ 'ਚ ਗਲ ਤਕ ਡੁੱਬ ਕੇ ਜਲ ਸੱਤਿਆਗ੍ਰਹਿ ਕਰਨ ਵਰਗੇ ਮੁਸ਼ਕਿਲ ਫੈਸਲੇ ਲੈਣ ਲਈ ਮਜਬੂਰ ਹੈ।

ਮੱਧ ਪ੍ਰਦੇਸ਼ ਦਾ ਮੰਦਸੌਰ ਜ਼ਿਲਾ ਇਸ ਦੀ ਤਾਜ਼ਾ ਮਿਸਾਲ ਹੈ। ਸਿਆਸਤ ਦਾ ਕਮਾਲ ਦੇਖੋ ਕਿ ਗੋਲੀਆਂ ਨਾਲ ਮਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਧਾਰਮਿਕ ਰੀਤਾਂ ਛੱਡ ਕੇ ਮੁੱਖ ਮੰਤਰੀ ਦੇ ਕੁਝ ਘੰਟਿਆਂ ਤੋਂ ਚੱਲ ਰਹੇ ਵਰਤKਭੁੱਖ ਹੜਤਾਲ ਨੂੰ ਤੁੜਵਾਉਣ ਵਾਸਤੇ ਬਿਨਾਂ ਸ਼ੁੱਧੀ ਅਤੇ 13ਵੀਂ ਕੀਤਿਆਂ ਭੋਪਾਲ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ।

ਕੀ ਕਿਸਾਨ ਇਕ ਸਿਆਸੀ ਹਥਿਆਰ ਬਣ ਗਿਆ ਹੈ ਜਾਂ ਫਿਰ ਸਿਰਫ ਉਹ ਔਜ਼ਾਰ ਬਣ ਕੇ ਰਹਿ ਗਿਆ ਹੈ, ਜਿਹੜਾ ਖੇਤ 'ਚ ਹਲ ਵੀ ਚਲਾਵੇ, ਭਰਪੂਰ ਫਸਲ ਬੀਜੇ ਅਤੇ ਪੱਕਣ 'ਤੇ ਉਸ ਨੂੰ ਵੇਚਣ, ਸੰਭਾਲਣ ਤੋਂ ਬਾਅਦ ਸਹੀ ਕੀਮਤ ਲੈਣ ਲਈ ਸੀਨੇ 'ਤੇ ਗੋਲੀ ਵੀ ਖਾਵੇ? ਦੇਸ਼ ਦਾ ਪੇਟ ਭਰੇ ਅਤੇ ਖ਼ੁਦ ਭੁੱਖਾ ਮਰੇ? ਕਿਸਾਨਾਂ ਦੇ ਨਾਂ 'ਤੇ ਅੱਜ ਜੋ ਹੋ ਰਿਹਾ ਹੈ, ਉਹ ਬਹੁਤ ਗੰਭੀਰ ਤੇ ਚਿੰਤਾਜਨਕ ਹੈ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਤਾਜ਼ਾ ਅੰਕੜਿਆਂ ਮੁਤਾਬਿਕ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਮਾਮਲਿਆਂ ਵਿਚ 42 ਫੀਸਦੀ ਵਾਧੇ ਨਾਲ ਮਹਾਰਾਸ਼ਟਰ ਸਭ ਤੋਂ ਅੱਗੇ ਹੈ, ਜਿਥੇ 4291 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ। ਉਸ ਤੋਂ ਬਾਅਦ ਕਰਨਾਟਕ 'ਚ 1569, ਤੇਲੰਗਾਨਾ 'ਚ 1400, ਮੱਧ ਪ੍ਰਦੇਸ਼ 'ਚ 1290, ਛੱਤੀਸਗੜ੍ਹ 'ਚ 954, ਆਂਧਰਾ ਪ੍ਰਦੇਸ਼ 'ਚ 916 ਅਤੇ ਤਾਮਿਲਨਾਡੂ 'ਚ 606 ਮਾਮਲੇ ਸਾਹਮਣੇ ਆਏ।

30 ਦਸੰਬਰ 2016 ਦੀ ਰਿਪੋਰਟ ਮੁਤਾਬਿਕ 2015 'ਚ 12602 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ, ਜਦਕਿ 2014 'ਚ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ 5650 ਅਤੇ ਖੇਤ ਮਜ਼ਦੂਰਾਂ ਦੀ ਗਿਣਤੀ 6710 ਸੀ। ਇਸ ਵਿਚ ਹੈਰਾਨ ਕਰਨ ਵਾਲਾ ਤੱਥ ਇਹ ਰਿਹਾ ਕਿ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਖ਼ੁਦਕੁਸ਼ੀ ਦਾ ਕਾਰਨ ਕਰਜ਼ਾ, ਕੰਗਾਲੀ ਅਤੇ ਖੇਤੀ ਨਾਲ ਜੁੜੀਆਂ ਦਿੱਕਤਾਂ ਹੀ ਸਨ। ਇਸ ਤੋਂ ਇਲਾਵਾ ਖ਼ੁਦਕੁਸ਼ੀਆਂ ਕਰਨ ਵਾਲੇ 73 ਫੀਸਦੀ ਕਿਸਾਨਾਂ ਕੋਲ 2 ਏਕੜ ਜਾਂ ਉਸ ਨਾਲੋਂ ਘੱਟ ਜ਼ਮੀਨ ਸੀ, ਭਾਵ ਛੋਟਾ ਤੇ ਅਸਲੀ ਕਿਸਾਨ ਬੇਹੱਦ ਟੁੱਟਦਾ ਜਾ ਰਿਹਾ ਹੈ।

ਕਿਸਾਨਾਂ ਨੂੰ ਲੈ ਕੇ ਲੋਕਾਂ ਵਿਚ ਸੰਵੇਦਨਾ ਜਗਾਉਣੀ ਪਵੇਗੀ। ਸਾਰੇ ਵਪਾਰਕ ਤੇ ਗੈਰ-ਸਰਕਾਰੀ ਸੰਗਠਨਾਂ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਕਿਸਾਨਾਂ ਨਾਲ ਜੁੜਨ, ਉਨ੍ਹਾਂ ਨੂੰ ਵੀ ਕਾਰੋਬਾਰ ਤੇ ਸਮਾਜ ਦਾ ਹਿੱਸਾ ਸਮਝਣ, ਤਾਂ ਹੀ ਟੁੱਟਦੇ ਜਾ ਰਹੇ ਕਿਸਾਨਾਂ ਨੂੰ ਨਵਾਂ ਮੰਚ ਮਿਲੇਗਾ। ਸਰਕਾਰੀ ਮਦਦ ਲਈ ਮੁਥਾਜ ਕਿਸਾਨ ਵੱਖ-ਵੱਖ ਸੰਗਠਨਾਂ ਦਾ ਸਾਥ ਮਿਲਣ ਨਾਲ ਮਾਨਸਿਕ ਤੌਰ 'ਤੇ ਮਜ਼ਬੂਤ ਹੋਵੇਗਾ, ਤਣਾਅ 'ਚੋਂ ਬਾਹਰ ਆਵੇਗਾ ਅਤੇ ਖੇਤੀਬਾੜੀ ਨੂੰ ਵਪਾਰਕ ਨਜ਼ਰੀਏ ਤੋਂ ਦੇਖੇਗਾ।

ਇਸ ਦਾ ਫਾਇਦਾ ਜਿਥੇ ਉਸ ਦੀ ਜ਼ਿੰਦਗੀ ਬਚਾਉਣ 'ਚ ਮਿਲੇਗਾ, ਉਥੇ ਹੀ ਵਪਾਰਕ ਸੰਗਠਨ ਨਾਲ ਜੁੜੇ ਹੋਣ 'ਤੇ ਖੇਤੀ ਉਤਪਾਦਾਂ ਦੀ ਵਿਕਰੀ ਤੇ ਮਾਰਕੀਟਿੰਗ ਲਈ ਦੋਸਤਾਨਾ ਮਾਹੌਲ ਬਣੇਗਾ।

# ਐੱਸ਼ ਅਸ਼ੋਕ ਭੌਰਾ ਨੂੰ ਸਦਮਾ, ਵੱਡੇ ਭਰਾ ਦਾ ਦੇਹਾਂਤ

ਨਵਾਂਸ਼ਹਿਰ- ਅਮਰੀਕਾ ਵਸਦੇ ਉੱਘੇ ਕਾਲਮ ਨਵੀਸ ਅਤੇ ਪੱਤਰਕਾਰ ਐੱਸ ਅਸ਼ੋਕ ਭੌਰਾ ਦੇ ਬੀਤੇ ਦਿਨੀ ਸਵਰਗ ਸਿਧਾਰ ਗਏ ਵੱਡੇ ਭਰਾਤਾ ਸ੍ਰੀ ਕਮਲ ਭੌਰਾ ਦਾ ਪਿੰਡ ਦੇ ਸ਼ਮਸ਼ਾਨ ਘਾਟ ਵਿਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਵੱਡੇ ਲੜਕੇ ਜਸਵਿੰਦਰ ਭੌਰਾ ਨੇ ਵਿਖਾਈ। ਸਵ. ਕਮਲ ਭੌਰਾ ਦੀ ਅੰਤਿਮ ਯਾਤਰਾ ਵਿਚ ਭਰਵੀਂ ਸ਼ਮੂਲੀਅਤ ਸੀ ਜਿਸ ਵਿਚ ਜ਼ਿਲ੍ਹਾ ਕਾਂਗਰਸ ਪ੍ਰਧਾਨ ਨਵਾਂਸ਼ਹਿਰ



ਸਤਵੀਰ ਸਿੰਘ ਪੱਲੀ ਝਿੱਕੀ, ਸਾਬਕਾ ਸਰਪੰਚ ਅਵਤਾਰ ਸਿੰਘ ਭੌਰਾ, ਗਾਇਕ ਜੋੜੀ ਲੱਖਾ 'ਤੇ ਨਾਜ਼, ਮਾ. ਪ੍ਰੇਮ ਸਿੰਘ ਸੂਰਾਪੁਰੀ, ਗਾਇਕ ਜੋੜੀ ਆਤਮਾ ਬੁੱਢੇਵਾਲੀਆ 'ਤੇ ਅਮਨ ਰੋਜ਼ੀ, ਆਤਮਾ ਸਵਰੂਪ, ਸਵਾਰੀਆ ਚੰਡੀਗੜ੍ਹ, ਸ਼ਾਦੀ ਲਾਲ ਸ਼ਰਮਾ, ਕੁਲਵੰਤ ਭਾਨਾ, ਸੁੰਦਰ ਦਾਸ, ਸ਼ੰਕਰ ਦਾਸ, ਦੇਵੀ ਬਾਲਾ, ਮਾ ਗੁਰਦੀਪ ਸਿੰਘ ਪੱਲੀ ਝਿੱਕੀ, ਹਰਮੇਸ਼ ਵਿਰਦੀ ਆਦਿ ਸ਼ਾਮਿਲ ਹੋਏ।

ਕਮਲ ਚੰਦ ਭੌਰਾ 65 ਵਰ੍ਹਿਆਂ ਦੇ ਸਨ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਭੌਰਾ ਵਿਚ ਹੀ ਰਹਿੰਦੇ ਸਨ। ਉਹ ਆਪਣੇ ਪਿੱਛੇ ਦੋ ਪੁੱਤਰ, ਇਕ ਧੀ ਅਤੇ ਪਤਨੀ ਛੱਡ ਗਏ ਹਨ। ਕਮਲ ਭੌਰਾ ਦੀ ਮੌਤ 'ਤੇ ਯੁਨਾਈਟਡ ਸਪੋਰਟਸ ਕਲੱਬ ਵਲੋਂ ਸਰਪ੍ਰਸਤ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਚੇਅਰਮੈਨ ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ ਤੋਂ ਇਲਾਵਾ ਹੋਰ ਸਾਹਿਤਕ ਅਤੇ ਸੱਭਿਆਚਾਰਕ ਸੰਸਥਾਵਾਂ ਵਲੋਂ ਸ੍ਰੀ ਐੱਸ ਅਸ਼ੋਕ ਭੌਰਾ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ।


ਰੈਸਟੋਰੈਂਟ 'ਤੇ ਕੰਮ ਕਰਨ ਵਾਲੇ ਸੱਜਣ ਦੀ ਲੋੜ

ਕਿਸੇ ਵੀਰ ਨੇ ਸ਼ਾਮੀ 5 ਤੋਂ 10 ਵਜੇ ਤੱਕ ਜੇ ਰੈਸਟੋਰੈਂਟ 'ਤੇ ਕੰਮ ਕਰਨਾ ਹੋਵੇ ਜਾਂ ਕੁੱਕ ਦਾ ਕੰਮ ਵੀ ਨਾਲ-ਨਾਲ ਸਿੱਖਣਾ ਹੋਵੇ ਤਾਂ ਹਫਤੇ ਦੇ 5-6 ਦਿਨਾਂ ਵਾਸਤੇ ਰੋਜ਼ਾਨਾ 5 ਘੰਟੇ ਕੰਮ ਕਰ ਸਕਦੇ ਹੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਬਲਦੇਵ ਮਾਨ

650-630-8588



PAMMA LAW FIRM

Sukhraj S. Pamma
Attorney At Law
pammalaw@gmail.com



BABEL IMMIGRATION LAW, LLP

Magda Tatiana Reyes
Attorney At Law/ Abogada
treyes.babelimmigrationlaw@gmail.com

ਇਮੀਗ੍ਰੇਸ਼ਨ ਦੇ ਕਿਸੇ ਵੀ ਕੰਮ ਲਈ ਸੰਪਰਕ ਕਰੋ

Ph 530-329-8424 Fax 530-777-3900

855 Harter Parkway, Suite 305 Yuba City, CA 95993

# ਭਰੋਵਾਲ ਦਾ ਦੀਦਾਰ ਸੰਧੂ ਜੱਟ



**ਜਗਤਾਰ ਸਿੰਘ ਗਿੱਲ, ਫਰੀਮਾਂਟ**
(ਪਿੰਡ ਪੁਰਾਣੇ ਵਾਲਾ, ਮੋਗਾ)
408-857-4455

**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

ਦੀਦਾਰ ਦੀ ਯਾਦ ਵਿਚ ਜਗਮੋਹਣ ਨੇ ਘਰ ਦੇ ਸਾਹਮਣੇ ਲਾਇਬ੍ਰੇਰੀ ਬਣਾਈ ਹੋਈ ਹੈ- ਦੀਦਾਰ ਸੰਧੂ ਯਾਦਗਾਰੀ ਲਾਇਬ੍ਰੇਰੀ। ਇਹ ਜਗਮੋਹਣ ਦੀ ਉਸਾਰੂ ਸੋਚ ਦੀ ਉਦਾਹਰਣ ਹੈ। ਇੱਥੋਂ ਲੋਕ ਪੜ੍ਹ ਕੇ ਕੁਝ ਚੰਗਾ ਸੋਚਣਗੇ। ਬੱਚੇ ਪੜ੍ਹ ਕੇ ਚੰਗੀਆਂ ਨੌਕਰੀਆਂ ਤੇ ਲੱਗਣਗੇ ਅਤੇ ਘਰ ਦਾ ਨਕਸ਼ਾ ਬਦਲ ਦੇਣਗੇ। ਆਮ ਕਰਕੇ ਬਜ਼ੁਰਗਾਂ ਦੀ ਯਾਦ ਵਿਚ ਪਿੰਡਾਂ ਵਿਚ ਗੇਟ ਬਣਾਉਣ ਦਾ ਰਿਵਾਜ ਹੀ ਹੈ ਜਾਂ ਗੁਰੂ ਘਰਾਂ ਵਿਚ ਪੱਖੇ ਲਵਾਏ ਜਾਂਦੇ ਹਨ। ਕਾਸ਼ ਇਹ ਪੈਸਾ ਅਸੀਂ ਸਕੂਲਾਂ, ਹਸਪਤਾਲਾਂ ਜਾਂ ਲਾਇਬ੍ਰੇਰੀਆਂ ਤੇ ਲਾ ਸਕੀਏ। ਦੀਦਾਰ ਸੰਧੂ ਤਾਂ ਆਪ ਤੁਰਦੀ ਫਿਰਦੀ ਲਾਇਬ੍ਰੇਰੀ ਸੀ, ਜਿਸਨੇ ਪੰਜਾਬੀ ਮਾਂ ਬੋਲੀ ਨੂੰ ਅਨੇਕ ਨਵੇਂ ਅਲੰਕਾਰ ਤੇ ਮੁਹਾਵਰੇ ਖੋਜ ਕੇ ਦਿੱਤੇ ਹਨ। ਲਾਇਬ੍ਰੇਰੀ ਦੀ ਯਾਦ 'ਚ ਲਾਇਬ੍ਰੇਰੀ! ਵਾਹ!

ਦੀਦਾਰ ਦੀ 50-55 ਕਿੱਲੇ ਝੋਟੇ ਦੇ ਸਿਰ ਵਰਗੀ ਜ਼ਮੀਨ ਪਿੰਡ ਦੀ ਨਿਆਈਂ ਵਿਚ ਹੈ। ਇਸੇ ਜ਼ਮੀਨ ਵਿਚ ਪਿੰਡ ਵਾਲੇ ਪਾਸੇ ਘਰ ਪਾਇਆ ਹੋਇਆ ਹੈ। ਹੁਣ ਤਾਂ ਪਿੰਡ ਸਮਝੋ ਚੱਲ ਕੇ ਦੀਦਾਰ ਦੇ ਘਰ ਤੱਕ ਆ ਗਿਆ ਹੈ। ਦੀਦਾਰ ਅਤੇ ਜਗਮੋਹਣ ਦੋਹਾਂ ਨੇ ਰਲ ਕੇ ਆਪਣੀ ਜ਼ਮੀਨ ਵਿਚ ਕਈ ਗਰੀਬ ਕਾਮਿਆਂ ਨੂੰ ਘਰ ਬਣਾ ਕੇ ਦਿੱਤੇ ਹੋਏ ਹਨ। ਪਿਓ-ਪੁੱਤ ਦੀ ਇਹ ਬਹੁਤ ਵੱਡੀ ਦਰਿਆਦਿਲੀ ਹੈ।

ਘਰ ਦੇ ਇਕ ਪਾਸੇ ਤਿੰਨ ਚਾਰ ਏਕੜ ਜ਼ਮੀਨ ਵਿਚ ਉਚੀ ਕਰਕੇ ਸਟੇਜ ਬਣਾਈ ਹੋਈ ਹੈ। ਇੱਥੇ ਨਵੰਬਰ ਵਿਚ ਦੀਦਾਰ ਦੀ ਯਾਦ ਵਿਚ ਮੇਲਾ ਲਾਇਆ ਜਾਂਦਾ ਹੈ। ਦੂਰੋਂ-ਦੂਰੋਂ ਦੀਦਾਰ ਪ੍ਰੇਮੀ ਇੱਥੇ ਆਉਂਦੇ ਹਨ। ਇੱਥੋਂ ਤੱਕ ਰਾਜਸਥਾਨ ਤੋਂ ਨਵੀਂ ਪੀੜ੍ਹੀ 'ਚੋਂ ਕਰਮ ਬਰਾੜ ਤੇ ਉਸਦੇ ਸਾਥੀ ਚਾਂਈ ਚਾਂਈ ਪਹੁੰਚਦੇ। ਪੰਜਾਬੀ ਗਾਇਕਾਂ 'ਚ ਸਿਰਫ ਦੀਦਾਰ ਤੇ ਸਦੀਕ ਹੀ ਐਸੇ ਕਲਾਕਾਰ ਹਨ, ਜਿਹਨਾਂ ਦੀ ਰਾਜਸਥਾਨ 'ਚ ਵੀ ਪੰਜਾਬ ਜਿੰਨੀ ਚੜ੍ਹਾਈ ਰਹੀ ਹੈ।ਹਰ ਗਾਇਕ ਇਸ ਮੇਲੇ 'ਚ ਹਾਜ਼ਰੀ ਲਵਾਉਣੀ ਆਪਣਾ ਧੰਨ ਭਾਗ ਸਮਝਦੇ ਹਨ। ਇਹ ਭਰੋਵਾਲ ਉਹੀ ਪਿੰਡ ਹੈ, ਜਿਸ ਤੇ ਦੀਦਾਰ ਸੰਧੂ ਨੂੰ ਮਾਣ ਸੀ ਤੇ ਅੱਜ ਭਰੋਵਾਲ ਨੂੰ ਦੀਦਾਰ ਸੰਧੂ 'ਤੇ ਮਾਣ ਹੈ। ਭਰੋਵਾਲ ਦਾ ਨਾਂ ਦੁਨੀਆਂ ਵਿਚ ਮਸ਼ਹੂਰ ਕਰਨ ਵਾਲਾ -''ਭਰੋਵਾਲ ਦਾ ਦੀਦਾਰ ਸੰਧੂ ਜੱਟ''।

ਹੁਣ ਸਿਆਲਾਂ ਦੇ ਦਿਨਾਂ ਦਾ ਪਿਛਲਾ ਪਹਿਰ ਹੋ ਚੁੱਕਿਆ ਸੀ। ਜਗਮੋਹਣ ਪਹਿਲਾਂ ਹੀ ਪ੍ਰੋਗਰਾਮ ਬਣਾਈ ਬੈਠਾ ਸੀ। ਮੇਰੇ ਨਾਂਹ-ਨਾਂਹ ਕਰਨ ਦੇ ਬਾਵਜੂਦ ਵੀ ਉਹ ਨਾ ਟਲਿਆ ਤੇ ਆਪਣੇ ਡੈਡੀ ਵਾਂਗ ਬੋਤਲ ਮੇਜ਼ ਤੇ ਲਿਆ ਧਰੀ। ਮੈਨੂੰ ਦੀਦਾਰ ਸੰਧੂ ਦੀ ਯਾਦ ਆ ਗਈ ਤੇ ਮੇਰੀਆਂ ਅੱਖਾਂ ਭਰ ਆਈਆਂ। ਘਰ ਉਹੀ ਸੀ ਪਾਤਰ ਹੀ ਬਦਲੇ ਸਨ। ਕੱਲ੍ਹ ਦੀਦਾਰ ਪਿਆਉਂਦਾ ਸੀ ਤੇ ਅੱਜ ਉਸਦਾ ਪੁੱਤਰ ਜਗਮੋਹਣ। ਦੋ ਕੁ ਪੈਗ ਲਾ ਕੇ ਮੈਂ ਜਗਮੋਹਣ ਨੂੰ ਕਿਹਾ ਮੈਨੂੰ ਉਹ ਚੁਰਾਹਾ ਵਿਖਾ ਕੇ ਲਿਆ।

ਜਿਸ ਬਾਰੇ ਤੇਰੇ ਪਿਤਾ ਜੀ ਨੇ ਲਿਖਿਆ ਸੀ-
ਹੁਣ ਤਾਂ ਦੀਦਾਰ ਨੂੰ ਕੋਈ ਕੰਮ ਨਾ ਰਹਿ ਗਿਆ
ਪਿੰਡ ਦੇ ਚੁਰਾਹੇ ਵਿਚ ਆਣ ਕੇ ਬਹਿ ਗਿਆ
ਜੱਗ ਦੇ ਉਲਾਂਭਾ ਸਾਨੂੰ ਝੱਲਣਾ ਪੈ ਗਿਆ
ਸੱਚ ਜਾਣੀ ਬਿੱਲੋ ਤੇਰੇ ਰੂਪ ਦੀ ਖੁਮਾਰੀ
ਸਾਨੂੰ ਭੰਗ ਦੇ ਪਿਆਲੇ ਵਾਂਗੂੰ ਚੜ੍ਹਗੀ
ਸੁਰਮਾ ਪੰਜ ਰੱਤੀਆ ਪਾ ਕੇ ਮੋੜ ਤੇ ਖੜ੍ਹਗੀ।

ਜਗਮੋਹਨ ਬੜਾ ਖੁਸ਼ ਹੋਇਆ ਤੇ ਸਾਨੂੰ ਸੱਥ ਵੱਲ ਨੂੰ ਲੈ ਤੁਰਿਆ। ਕਹਿਣ ਲੱਗਾ ਡੈਡੀ ਸੱਥ ਵਿਚ ਵੱਧ ਘੱਟ ਹੀ ਜਾਂਦੇ ਸਨ। ਹੋ ਸਕਦਾ ਹੈ ਇਹ ਉਹਨਾਂ ਦੇ ਕਵੀ ਮਨ ਦੀ ਕਲਪਨਾ ਜਾਂ ਉਡਾਰੀ ਹੋਵੇ ਜੋ ਆਪਾਂ ਨੂੰ ਅਸਲੀਅਤ ਲੱਗ ਰਹੀ ਹੈ। ਮੈਂ ਕਿਹਾ ਤੂੰ ਮੈਨੂੰ ਉਹ ਜਗ੍ਹਾ ਵਿਖਾਦੇ, ਮੈਂ ਆਪਣੀ ਬਿਰਤੀ ਨਾਲ ਬਾਕੀ ਦਾ ਦ੍ਰਿਸ਼ ਆਪੇ ਸਿਰਜ ਲਵਾਂਗਾ। ਉਹ ਜਗ੍ਹਾ ਤੇ ਜਾ ਕੇ ਮੈਂ ਆਪਣੀਆਂ ਕਲਪਨਾਵਾਂ 'ਚ ਦੀਦਾਰ ਸੰਧੂ ਨੂੰ ਉਸ ਮੋੜ 'ਤੇ ਉਸ ਮੋੜ ਤੇ ਬੈਠੇ ਨੂੰ ਪ੍ਰਤੱਖ ਵੇਖ ਲਿਆ ਸੀ। ਕਲਪਨਾ ਜੇ ਕਿਸੇ ਨੂੰ ਕਰਨੀ ਆ ਜਾਵੇ ਤਾਂ ਉਹ ਆਪਣੇ ਅੰਦਰੋਂ ਹੀ ਸਭ ਕੁਝ ਵੇਖ ਸਕਦਾ ਹੈ। ਸੱਥ 'ਚ ਕਈ ਬਜ਼ੁਰਗ ਕੰਬਲ ਲਈ ਬੈਠੇ ਸਨ। ਸਾਨੂੰ ਵੇਖ ਕੇ ਘੁਸਰ ਮੁਸਰ ਕਰਨ ਲੱਗ ਪਏ। ਨੇੜੇ ਜਾ ਕੇ ਸੁਣਿਆ- 'ਦਾਰ' ਦੇ ਮੁੰਡੇ ਨਾਲ ਕੋਈ ਆਉਂਦੈ। ਇੰਨੇ ਨੂੰ ਅਸੀਂ ਪਾਸ ਪਹੁੰਚ ਗਏ ਤੇ ਸਾਸਰੀਕਾਲ ਬੁਲਾ ਦਿੱਤੀ। ਕਈ ਤਾਂ ਉੱਠ ਕੇ ਖੜ੍ਹੇ ਹੋ ਗਏ। ਜਗਮੋਹਨ ਨੇ ਕਿਹਾ- ਡੈਡੀ ਦੇ ਦੋਸਤ ਐ ਅਮਰੀਕਾ ਤੋਂ। ਡੈਡੀ ਇਹਨਾਂ ਪਾਸ ਰਹੇ ਸੀ ਜਦੋਂ ਅਮਰੀਕਾ ਗਏ ਸੀ। ਬੱਸ ਇੰਨਾ ਕਹਿਣ ਦੀ ਦੇਰ ਸੀ ਕਿ ਸਾਰੇ ਜਾਣੇ ਦੀਦਾਰ ਦੀਆਂ ਸਿਫਤਾਂ ਕਰਨ ਲੱਗ ਪਏ। ਬਈ 'ਦਾਰ' ਨੀ ਕਿਸੇ ਨੇ ਬਣ ਜਾਣਾ। ਕਿਹੜਾ ਜਾਣਦਾ ਸੀ ਭਰੋਵਾਲ ਨੂੰ ਪਹਿਲੀਆਂ 'ਚ। ਇਹ ਤਾਂ 'ਦਾਰ' ਹੀ ਸੀ ਜਿਹਨੇ ਦਿੱਲੀ ਦੱਖਣ 'ਚ ਪਿੰਡ ਦੀ ਮਸ਼ਹੂਰੀ ਕਰਾਤੀ। ਸ਼ੇਰਾ ਕੋਈ ਸੜਕ ਨੀ ਹੁੰਦੀ ਸੀ ਸਾਡੇ ਵੇਲਿਆਂ 'ਚ। ਤੁਰ ਕੇ ਆਉਣਾ ਮੁੱਲਾਂਪੁਰੋਂ। ਇਹ 'ਦਾਰ' ਸਰਪੰਚ ਬਣਾਤਾ ਪਿੰਡ ਵਾਲਿਆਂ। ਹੁਣ ਦੇਖਲਾ ਚਾਰੇ ਪਾਸਿਆਂ ਤੋਂ ਸੜਕਾਂ ਪੈਂਦੀਆਂ। ਉਹਨਾਂ ਨੂੰ ਛੱਡਣ ਨੂੰ ਜੀਅ ਨਹੀਂ ਕਰਦਾ ਸੀ ਪਰ ਸਾਨੂੰ ਨਾ ਚਾਹੁੰਦੇ ਹੋਏ ਵੀ ਉਹਨਾਂ ਤੋਂ ਵਿਦਾਇਗੀ ਲੈਣੀ ਪਈ।

ਸ਼ਾਮ ਢਲ ਰਹੀ ਸੀ ਪਰ ਜਗਮੋਹਣ ਆਉਣਾ ਦਾ ਨਾਂ ਨਹੀਂ ਲੈ ਰਿਹਾ ਸੀ। ਖੈਰ ਅਸੀਂ ਪਰਿਵਾਰ 'ਚ ਬੈਠ ਕੇ ਗੱਲਾਂ ਬਾਤਾਂ ਕਰਦੇ ਰਹੇ। ਜਗਮੋਹਣ ਦੇ ਮਾਤਾ ਜੀ, ਭੈਣ ਜੀ ਅਮਰਜੀਤ ਕੌਰ ਦਾ ਪੇਕਾ ਪਿੰਡ ਗਾਲਿਬ ਮੇਰੇ ਪਿੰਡ ਦੇ ਪਾਸ ਹੀ ਹੈ, ਜਿੱਥੇ ਬਾਈ ਦੀਦਾਰ ਨੂੰ ਇਕ ਵਾਰੀ ਰਾਤ ਨੂੰ ਸਾਡੇ ਸੁਪਰ ਟਰੈਕਟਰ ਤੇ ਛੱਡ ਕੇ ਆਏ ਸੀ। ਉਦੋਂ ਮੋਟਰ ਸਾਈਕਲ ਤੇ ਸਕੂਟਰ ਹੀ ਆਮ ਸਵਾਰੀ ਹੁੰਦੀ ਸੀ। ਪਰ ਪਿੰਡ ਦੇ ਮੁੰਡੇ ਜਿੱਦ ਕਰਨ ਲੱਗ ਪਏ ਕਿ ਅਸੀਂ ਵੀ ਨਾਲ ਹੀ ਜਾਣਾ ਹੈ। ਟਰੈਕਟਰ ਮਗਰ ਚੋਆਂ ਪਾ ਲੈਣੀਆਂ ਤੇ ਸਾਰੇ ਉਪਰ ਖੜ੍ਹਗੇ। ਘਰੇ ਬੈਠਿਆਂ ਨੂੰ ਮੋਟਰ ਨਜ਼ਰ ਪਈ, ਜਿੱਥੇ ਇਕ ਵਾਰੀ ਬੈਠੇ ਅਸੀਂ ਦੀਦਾਰ ਨਾਲ ਸ਼ਾਮ ਨੂੰ ਪਿਆਲਾ ਸਾਂਝਾ ਕੀਤਾ ਸੀ ਤੇ ਦੀਦਾਰ ਨੇ ਇਕ ਵਾਕਿਆ ਸਾਂਝਾ ਕੀਤਾ ਸੀ, ਜੋ ਇਸ ਪ੍ਰਕਾਰ ਹੈ-

ਕੋਈ ਗਰੀਬ ਪਰਿਵਾਰ 'ਚੋਂ ਬੰਦਾ ਸਾਈਕਲ ਲੈ ਕੇ ਦੀਦਾਰ ਦੇ ਘਰੇ ਪਹੁੰਚ ਗਿਆ। ਘਰੋਂ ਦੱਸ ਪਈ ਕਿ ਦੀਦਾਰ ਖੇਤ ਮੋਟਰ 'ਤੇ ਹੈ ਜੋ ਬਿਲਕੁਲ ਸਾਹਮਣੇ ਦਿੱਸਦੀ ਸੀ। ਉਹ ਉਥੇ ਪਹੁੰਚ ਗਿਆ।

ਅੱਗੋਂ ਦੀਦਾਰ ਖੇਤ ਕਾਮਿਆਂ ਨਾਲ ਬੈਠਾ ਆਨੰਦ ਮਾਣ ਰਿਹਾ ਸੀ। ਬੰਦੇ ਨੇ ਸਤਿ ਸ੍ਰੀ ਅਕਾਲ ਬੁਲਾਈ। ਦੀਦਾਰ ਨਾਲ ਦਿਆਂ ਨੂੰ ਕਹਿੰਦਾ- ਬਾਈ ਨੂੰ ਪਾਣੀ ਪਿਆਓ। ਫਿਰ ਆਉਣ ਦਾ ਕਾਰਨ ਪੁੱਛਿਆ ਤਾਂ ਬੰਦੇ ਨੇ ਕਿਹਾ- ਦੀਦਾਰ ਬਾਈ ਮੈਂ ਤੁਹਾਡੇ ਗੀਤਾਂ ਦਾ ਬਹੁਤ ਸ਼ੌਕੀਨ ਹਾਂ। ਤੁਹਾਡੇ ਖਾੜੇ ਵੀ ਬਹੁਤ ਵੇਖੇ ਹਨ।

ਆਪਾਂ ਹਾਣੀ-ਪਰਵਾਣੀ ਹਾਂ। ਮੇਰੇ ਦਿਲ ਦੀ ਤਮੰਨਾ ਸੀ ਕਿ ਮੈਂ ਆਪਦੇ ਵਿਆਹ ਤੇ ਤੁਹਾਡਾ ਖਾੜਾ ਲਵਾਵਾਂ ਪਰ ਗਰੀਬੀ ਨੇ ਪੇਸ਼ ਨੀ ਜਾਣ ਦਿੱਤੀ ਤੇ ਦਿਲ ਦੀ ਤਮੰਨਾ ਦਿਲ ਦੇ ਵਿਚ ਹੀ ਰਹਿਗੀ। ਫਿਰ ਸੋਚਿਆ ਚੱਲ ਕੋਈ ਨੀ ਆਪਦੇ ਮੁੰਡੇ ਦੇ ਵਿਆਹ ਤੇ ਲਾਵਾਂਗੇ। ਬਾਈ ਪੱਚੀ ਸਾਲ ਲੰਘਗੇ ਗਰੀਬੀ ਨੇ ਖਹਿੜਾ ਨਹੀਂ ਛੱਡਿਆ। ਹੁਣ ਹਾਲਾਤ ਉਦੂੰ ਵੀ ਪਤਲੀ ਹੈ ਪਰ ਤਮੰਨਾ ਅੱਜ ਵੀ ਉਹ ਜਿਵੇਂ ਹੀ ਹੈ। ਬਾਈ ਪੈਸੇ ਤਾਂ ਮੇਰੇ ਕੱਲੇ ਹੈਨੀ। ਤੁਸੀਂ ਮੇਰੇ ਮੁੰਡੇ ਦੇ ਵਿਆਹ 'ਤੇ ਖਾੜਾ ਲਾ ਦਿਓ। ਮੈਂ ਤੁਹਾਡੇ ਇਕ ਸਾਲ ਸੀਰੀ ਰਲ਼ ਜਾਵਾਂਗਾ। ਦੀਦਾਰ ਦਾ ਦਿਲ ਪਸੀਜ ਗਿਆ। ਕਹਿੰਦੇ ਪਰਸੋਂ ਨੂੰ ਸ਼ਾਮ ਨੂੰ ਫੇਰ ਮੇਰੇ ਘਰੇ ਆ ਕੇ ਮੈਨੂੰ ਮਿਲੀਂ। ਦੀਦਾਰ ਦੇ ਦੱਸਣ ਮੁਤਾਬਕ ਅਗਲੇ ਦਿਨ ਦਫਤਰ 'ਚ ਜਾ ਕੇ ਖਾੜਿਆਂ ਦੀ ਬੁਕਿੰਗ ਚੈਕ ਕੀਤੀ। ਇਕ ਦਿਨ ਖਾਲੀ ਸੀ।

ਅਗਲੇ ਦਿਨ ਉਹ ਬੰਦਾ ਮਿੱਥੇ ਸਮੇਂ ਤੇ ਆ ਗਿਆ। ਦੀਦਾਰ ਨੇ ਤਰੀਕ ਦੇ ਦਿੱਤੀ ਕਿ ਇਸ ਦਿਨ ਦਾ ਵਿਆਹ ਬੰਨ੍ਹ ਲੈ। ਬੰਦਾ ਕਹਿੰਦਾ ਤੇ ਬਾਈ ਪੈਸੇ ..। ਦੀਦਾਰ ਘੈਂਟ ਜੱਟ ਸੀ, ਕਹਿੰਦਾ ਹੁਣ ਮੈਂ ਤੇਰੇ ਮੁੰਡੇ ਦੇ ਵਿਆਹ ਤੇ ਨਹੀਂ ਆਉਣਾ, ਆਪਦੇ ਭਤੀਜੇ ਦੇ ਵਿਆਹ ਤੇ ਆਉਣਾ ਐ। ਉਹ ਦਿਨ ਆ ਗਿਆ ਦੀਦਾਰ ਨੇ ਖਾੜਾ ਲਾ ਕੇ ਬਹਿਜਾ-ਬਹਿਜਾ ਕਰਵਾ ਦਿੱਤੀ। ਖਾੜਾ ਲਾ ਕੇ ਜੋੜੀ ਨੂੰ ਸ਼ਗਨ ਦਿੱਤਾ ਤੇ ਗਰੀਬਾਂ ਦੀਆਂ ਲੱਖਾਂ ਦੁਆਵਾਂ ਲੈ ਕੇ ਦੀਦਾਰ ਖੁਸ਼ੀ-ਖੁਸ਼ੀ ਘਰ ਵੱਲ ਨੂੰ ਆ ਗਿਆ। ਇਸ ਗੱਲ ਦੀ ਚਰਚਾ ਅੱਜ ਵੀ ਲੋਕ ਕਰਦੇ ਹਨ। ਦੀਦਾਰ ਵਰਗਾ ਕੋਈ ਬਣ ਨਹੀਂ ਸਕਦਾ।

ਇ ਸੀ ਭਰੋਵਾਲ ਦਾ ਦੀਦਾਰ ਸੰਧੂ ਜੱਟ-
ਉਚੇ ਟਿੱਬਿਆਂ ਤੇ ਜਿਹੜਾ ਮੌਜਾਂ ਮਾਣਦਾ
ਉਹੀ ਨਸਲਾਂ ਦੇ ਮੁੱਲ ਪਾਉਣ ਜਾਣਦਾ
ਭਰੋਵਾਲ ਦਾ ਦੀਦਾਰ ਸੰਧੂ ਜੱਟ
ਵੇ ਜਗੀਰਦਾਰਾ ਇਹ ਤਾਂ ਤੇਰਾ ਬਣਦਾ ਨੀ ਹੱਕ।

**(ਚਲਦਾ)**








**Low Rate Loans**



Real Estate Loans
Construction Loans
Commercial Loans
Business Loans
Apartment Loans
Loans up to $30 Million

Credit or income problems are welcome

ਜੇ ਤੁਹਾਡਾ ਕਰੈਡਿਟ ਨਹੀਂ ਜਾਂ ਇਨਕਮ ਘੱਟ ਹੈ,
ਕੋਈ ਗੱਲ ਨਹੀਂ, ਬੱਸ ਇਕ ਵਾਰ ਫੋਨ ਕਰੋ

For more information Call:-
(408) 307-6331

## ਬਦਲਾਖੋਰੀ ਵਾਲਾ ਕੋਈ ਕਦਮ ਨਹੀ ਉਠਾਵਾਂਗਾ-ਕੈਪਟਨ

ਚੰਡੀਗੜ੍ਹ-ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਦੀ ਬੈਠਕ ਤੋਂ ਬਾਅਦ ਪ੍ਰੈਸ ਗੈਲਰੀ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੇਰੇ ਸਾਰੇ 77 ਕਾਂਗਰਸ ਵਿਧਾਇਕ ਬਾਦਲ ਪਰਿਵਾਰ ਨੂੰ ਠੋਕਣ ਦੇ ਹੱਕ ਵਿਚ ਹਨ ਪਰ ਮੈਂ ਕਾਨੂੰਨ ਦੇ ਰਾਜ ਵਿਚ ਵਿਸ਼ਵਾਸ ਰੱਖਦਾ ਹਾਂ ਅਤੇ ਮੈਂ ਬਦਲਾਖੋਰੀ ਨੂੰ ਵਾਪਸ ਨਹੀਂ ਲੈ ਕੇ ਆਉਣਾ ਚਾਹੁੰਦਾ ਹਾਂ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਸਦਨ ਵਿਚ ਬਾਦਲ ਪਰਿਵਾਰ ਦੇ ਕੇਸ ਨੂੰ ਦੁਬਾਰਾ ਖੋਲ੍ਹਣ ਦੀ ਮੰਗ ਉਠਾਈ ਗਈ ਹੈ ਤਾਂ ਉਨ੍ਹਾਂ ਕਿਹਾ ਕਿ ਉਹ ਬਦਲਾਖੋਰੀ ਵਾਲਾ ਕੋਈ ਕਦਮ ਨਹੀਂ ਉਠਾਉਣਗੇ।

**ਵਰ ਦੀ ਲੋੜ**

ਇਕ ਮੁਟਿਆਰ ਉਮਰ 30 ਸਾਲ, ਕੱਦ 5 ਫੁੱਟ 6 ਇੰਚ, ਖੂਬਸੂਰਤ ਪੜ੍ਹੀ-ਲਿਖੀ, ਇਟਲੀ ਵਿਚ ਪੱਕੇ ਤੌਰ ਤੇ ਰਹਿ ਰਹੀ, ਜੋ ਕਿ ਤਲਾਕਸ਼ੁਦਾ ਹੈ, ਲਈ ਅਮਰੀਕਨ ਸਿਟੀਜਨ ਜਾਂ ਗਰੀਨ ਕਾਰਡ ਵਾਲੇ ਲੜਕੇ ਦੀ ਲੋੜ ਹੈ। ਪ੍ਰੋ. ਜਸਪਾਲ ਸਿੰਘ ਸੈਣੀ ਨੂੰ ਹੋਰ ਜਾਣਕਾਰੀ ਲਈ ਸੰਪਰਕ ਕਰੋ:

408-393-9505



ਬਹੁ-ਚਰਚਿਤ ਰਹੇ ਗੀਤ 'ਪੱਤਾ ਪੱਤਾ ਸਿੰਘਾਂ ਦਾ ਵੈਰੀ' ਦੇ ਲੇਖਕ, ਢਾਡੀ ਅਮਰਜੀਤ ਸਿੰਘ ਜੌਹਲ (ਜੌਹਲ ਬਿਧੀਪੁਰ ਵਾਲਾ) ਨਵੰਬਰ ਤੱਕ ਅਮਰੀਕਾ ਵਿਚ ਰਹਿਣਗੇ। ਉਹਨਾਂ ਨਾਲ ਫੋਨ ਨੰ: 1-661-220-9780 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਫੋਟੋ ਤੇ ਵੇਰਵਾ-

**ਤਰਲੋਚਨ ਸਿੰਘ 'ਦੁਪਾਲਪੁਰ'**
1-408-915-1268

# ਖੇਤੀ ਕਰਜ਼ਿਆਂ ਦੇ ਚੱਕਰਵਿਊ ਤੋਂ ਰਾਹਤ ਕਿਵੇਂ ਮਿਲੇਗੀ?

ਡਾ.ਬਲਵਿੰਦਰ ਸਿੰਘ ਸਿੱਧੂ

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਅੰਗਰੇਜ਼ ਆਈ.ਸੀ.ਐਸ. ਅਧਿਕਾਰੀ ਮੈਲਕਮ ਲਾਇਲ ਡਾਰਲਿੰਗ ਨੇ ਪੰਜਾਬ ਦੇ ਕਿਸਾਨਾਂ ਦੀ ਆਰਥਿਕ ਸਥਿਤੀ ਦਾ ਬਿਆਨ ਕਰਦਿਆਂ ਲਿਖਿਆ ਸੀ ਕਿ 'ਉਹ ਕਰਜ਼ੇ ਵਿੱਚ ਜੰਮਦਾ ਹੈ, ਕਰਜ਼ੇ ਵਿੱਚ ਜਿਊਂਦਾ ਹੈ ਅਤੇ ਕਰਜ਼ੇ ਵਿੱਚ ਹੀ ਮਰਦਾ ਹੈ'। ਅੱਜ 21ਵੀਂ ਸਦੀ ਦੇ ਸ਼ੁਰੂ ਵਿਚ ਵੀ ਸਥਿਤੀ ਲਗਪਗ ਉਹੋ ਜਿਹੀ ਹੈ। ਨੈਸ਼ਨਲ ਸੈਂਪਲ ਸਰਵੇ ਵਲੋਂ 2013 ਵਿਚ ਕੀਤੇ ਗਏ ਸਰਵੇਖਣ ਅਨੁਸਾਰ ਦੇਸ਼ ਵਿਚ ਖੇਤੀਬਾੜੀ 'ਤੇ ਨਿਰਭਰ 52 ਪ੍ਰਤੀਸ਼ਤ ਪਰਿਵਾਰ ਕਰਜ਼ਾਈ ਹਨ ਅਤੇ ਇਨ੍ਹਾਂ ਵਿਚੋਂ ਸੀਮਾਂਤ ਕਿਸਾਨਾਂ (ਢਾਈ ਏਕੜ ਤੋਂ ਘੱਟ ਜ਼ਮੀਨ ਵਾਲੇ) 'ਤੇ ਔਸਤਨ 30,000 ਰੂਪਏ, ਛੋਟੇ ਕਿਸਾਨਾਂ (ਪੰਜ ਏਕੜ ਤੋਂ ਘੱਟ ਵਾਲੇ) 'ਤੇ ਔਸਤਨ 55,000 ਰੁਪਏ ਅਤੇ ਵੱਡੇ ਕਿਸਾਨਾਂ 'ਤੇ 2.9 ਲੱਖ ਰੁਪਏ ਕਰਜ਼ਾ ਹੈ। ਕੁਲ ਮਿਲਾ ਕੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ 82 ਪ੍ਰਤੀਸ਼ਤ ਪਰਿਵਾਰ ਕਰਜ਼ਾਈ ਹਨ ਅਤੇ ਇਨ੍ਹਾਂ ਸਿਰ ਕੁਲ ਕਰਜ਼ੇ ਦੀ ਰਕਮ ਦਾ 56 ਫੀਸਦੀ ਹਿੱਸਾ ਖੜ੍ਹਾ ਹੈ। ਦੂਸਰੇ ਪਾਸੇ ਦੇਸ਼ ਵਿਚ ਕੰਮ ਕਰਨ ਵਾਲੇ ਮਰਦਾਂ ਵਿਚੋਂ ਤਕਰੀਬਨ 43 ਫੀਸਦੀ ਅਤੇ ਕੰਮਕਾਜੀ ਔਰਤਾਂ ਵਿਚੋਂ ਤਕਰੀਬਨ 60 ਫੀਸਦੀ ਆਪਣੀ ਉਪਜੀਵਿਕਾ ਲਈ ਖੇਤਬਾੜੀ ਖੇਤਰ ਉਤੇ ਨਿਰਭਰ ਹਨ, ਪ੍ਰੰਤੂ ਇਨ੍ਹਾਂ ਦਾ ਦੇਸ਼ ਦੀ ਕੁਲ ਕਮਾਈ ਵਿਚ ਹਿੱਸਾ ਕੇਵਲ 13.9 ਫੀਸਦੀ ਹੈ। ਘੱਟ ਆਮਦਨ ਕਰਕੇ ਇਸ ਵੱਡੇ ਵਰਗ ਨੂੰ ਲਗਾਤਾਰ ਆਪਣੇ ਜੀਵਨ ਦੀ ਚਾਲ ਨੂੰ ਚੱਲਦਾ ਰੱਖਣ ਲਈ ਕਰਜ਼ੇ 'ਤੇ ਨਿਰਭਰ ਰਹਿਣਾ ਪੈਂਦਾ ਹੈ ਅਤੇ ਕਰਜ਼ਾ ਮੋੜਨ ਵਿਚ ਅਸਮਰੱਥ ਹੋਣ ਕਰਕੇ ਉਹ ਲਗਾਤਾਰ ਹਾਸ਼ੀਏ 'ਤੇ ਧੱਕੇ ਜਾ ਰਹੇ ਅਤੇ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ।

ਖੇਤੀ ਖੇਤਰ ਵਿੱਚ ਪੂੰਜੀ ਨਿਵੇਸ਼ ਘਟਣ ਕਰਕੇ ਅਤੇ ਇਸ ਦਾ ਵਪਾਰੀਕਰਨ ਹੋਣ ਕਰਕੇ, ਪੈਦਾਵਾਰ ਦੀਆਂ ਲਾਗਤਾ ਵੱਧਦੀਆਂ ਰਹੀਆਂ ਅਤੇ ਉਪਜ ਦੀ ਕੀਮਤ ਵਿੱਚ ਢੁੱਕਵਾਂ ਵਾਧਾ ਨਾ ਹੋਣ ਕਰਕੇ ਅਤੇ ਫਾਰਮ ਦਾ ਸਾਈਜ਼ ਲਗਾਤਾਰ ਘੱਟਣ ਕਾਰਨ ਖੇਤੀ ਤੋਂ ਪਰਿਵਾਰਕ ਆਮਦਨ ਲਗਾਤਾਰ ਘਟਦੀ ਗਈ ਹੈ। ਪੰਜਾਬ ਸਰਕਾਰ ਵਲੋਂ ਡਾ. ਆਰ. ਐਸ. ਘੁਮਣ ਦੀ ਅਗਵਾਈ ਵਿਚ ਗਠਿਤ ਕੀਤੀ ਗਈ ਕਮੇਟੀ ਵਲੋਂ ਦਿੱਤੀ ਗਈ ਰਿਪੋਰਟ ਅਨੁਸਾਰ ਰਾਜ ਦੇ ਕਿਸਾਨਾਂ ਨੂੰ ਫਸਲਾਂ ਦਾ ਸਮਰਥਨ ਮੁੱਲ, ਥੋਕ ਕੀਮਤ ਸੂਚਕ ਅੰਕ (ਹੋਲਸੇਲ ਪਰਾਈਸ ਇੰਡੈਕਸ) ਨਾਲ ਨਾ ਜੋੜਨ ਕਰਕੇ ਰਾਜ ਦੇ ਕਿਸਾਨਾਂ ਨੂੰ 1966-67 ਤੋਂ 2007-08 ਤੱਕ ਤਕਰੀਬਨ 61,696 ਕਰੋੜ ਰੁਪਏ ਦਾ ਘਾਟਾ ਪਿਆ ਹੈ। ਖਪਤਕਾਰਾਂ ਦੇ ਹਿੱਤ ਨੂੰ ਧਿਆਨ ਵਿਚ ਰੱਖਦੇ ਹੋਏ ਕੇਂਦਰ ਸਰਕਾਰ ਨੇ 1999-2000 ਤੋਂ ਲੈ ਕੇ 2006-07 ਤੱਕ ਕਣਕ ਅਤੇ ਝੋਨੇ ਦੇ ਸਮਰਥਨ ਮੁੱਲ ਵਿਚ 10-20 ਰੁਪਏ ਤੱਕ ਸਾਲਾਨਾ ਦਾ ਵਾਧਾ ਕੀਤਾ। ਆਪਣੇ ਜੀਵਨ ਪੱਧਰ ਨੂੰ ਬਰਕਰਾਰ ਰੱਖਣ, ਬੀਮਾਰੀ ਅਤੇ ਸਿੱਖਿਆ ਦੇ ਖੇਤਰ ਦੇ ਵਪਾਰੀਕਰਨ ਕਰਕੇ ਅਤੇ ਸਮਾਜਿਕ ਲੋੜਾਂ ਦੀ ਪੂਰਤੀ ਲਈ ਵਾਹੀਕਾਰ 'ਤੇ ਕਰਜ਼ਾ ਲਗਾਤਾਰ ਵੱਧਦਾ ਗਿਆ। ਕਰਜ਼ੇ ਦੀ ਹੱਦ ਨਿਰਧਾਰਿਤ ਕਰਨ ਲਈ ਹਰ ਸਾਲ ਖੇਤੀ ਮਾਹਿਰਾਂ ਵੱਲੋਂ ਹਰ ਫਸਲ ਲਈ ਲੋੜੀਂਦੀ ਸਮੱਗਰੀ ਦੀਆਂ ਕੀਮਤਾਂ ਦੇ ਆਧਾਰ 'ਤੇ ਪ੍ਰਤੀ ਏਕੜ ਫਸਲੀ ਕਰਜ਼ੇ ਦੀ ਸੀਮਾ ਨਿਰਧਾਰਿਤ ਕੀਤੀ ਜਾਂਦੀ ਹੈ। ਇਸ ਸਮੇਂ ਇਹ ਸੀਮਾ ਕਣਕ ਲਈ 20800 ਰੁਪਏ ਪ੍ਰਤੀ ਏਕੜ, ਝੋਨੇ ਲਈ 22,100 ਰੁਪਏ ਪ੍ਰਤੀ ਏਕੜ ਅਤੇ ਨਰਮੇ ਲਈ 22,750 ਰੁਪਏ ਪ੍ਰਤੀ ਏਕੜ ਹੈ। ਇਨ੍ਹਾਂ ਦੇ ਆਧਾਰ 'ਤੇ 5 ਏਕੜ ਵਾਲੇ ਇਕ ਛੋਟੇ ਕਿਸਾਨ ਲਈ ਤਕਰੀਬਨ ਦੋ ਲੱਖ ਰੁਪਏ ਹੀ ਹੱਦ-ਕਰਜ਼ਾ ਮਿੱਥੀ ਜਾਣੀ ਚਾਹੀਦੀ ਹੈ।

ਕਿਸਾਨਾਂ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਪੈਸਿਆਂ ਦੀ ਜ਼ਰੂਰਤ ਸੀ ਪਰ ਬੈਂਕਾਂ ਨੇ ਟੀਚੇ ਪੂਰੇ ਕਰਨ ਲਈ ਵੱਧ ਤੋਂ ਵੱਧ ਕਰਜ਼ਾ ਦੇਣ ਦੀ ਦੌੜ ਵਿਚ, ਕਰਜ਼ੇ ਦੀ ਹੱਦ ਨਿਰਧਾਰਿਤ ਕਰਨ ਸਮੇਂ ਕਿਸਾਨ ਦੀ ਆਰਥਿਕ ਵਿਵਹਾਰਿਕਤਾ ਵੱਲ ਬਣਦਾ ਧਿਆਨ ਨਹੀਂ ਦਿੱਤਾ। ਅਜਿਹੀ ਸਥਿਤੀ ਵਿਚ ਪੰਜਾਬ ਦੇ ਕਿਸਾਨਾਂ ਸਿਰ ਕਰਜ਼ਾ ਚੜ੍ਹਦਾ ਗਿਆ। ਇਸ ਸਮੇਂ ਕਿਸਾਨਾਂ ਦੇ ਸਿਰ ਤਕਰੀਬਨ 75,000 ਕਰੋੜ ਰੁਪਏ ਦਾ ਕੇਵਲ ਸੰਸਥਾਗਤ ਕਰਜ਼ਾ ਹੈ ਜਿਸ ਵਿਚੋਂ ਤਕਰੀਬਨ 60,000 ਕਰੋੜ ਰੁਪਏ ਫਸਲੀ ਕਰਜ਼ਾ ਬਣਦਾ ਹੈ। ਇਸ ਤੋਂ ਇਲਾਵਾ ਆੜਤੀਆਂ, ਸ਼ਾਹੂਕਾਰਾਂ ਅਤੇ ਰਿਸ਼ਤੇਦਾਰਾਂ ਦੇ ਕਰਜ਼ੇ ਦੀ ਕੋਈ ਕਿਤਾਬੀ ਗਿਣਤੀ-ਮਿਣਤੀ ਨਹੀਂ ਹੈ। ਕਰਜ਼ੇ ਦੇ ਸਤਾਏ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨਿੱਤ ਅਖਬਾਰਾਂ ਦੀਆਂ ਸੁਰਖੀਆਂ ਦਾ ਹਿੱਸਾ ਬਣਦੀਆਂ ਆ ਰਹੀਆਂ ਹਨ। ਰਾਜ ਦੀਆਂ ਤਿੰਨ ਯੂਨੀਵਰਸਿਟੀਆਂ ਵਲੋਂ ਕੀਤੇ ਗਏ ਸਰਵੇਖਣ ਅਨੁਸਾਰ ਸਾਲ 2000 ਤੋਂ 2011 ਤੱਕ 4686 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਕਰਜ਼ੇ ਦੀ ਭਾਰੀ ਹੋ ਰਹੀ ਪੰਡ ਕਾਰਨ ਆਤਮ-ਹੱਤਿਆ ਕੀਤੀ ਅਤੇ ਉਸ ਤੋਂ ਬਾਅਦ ਦੇ ਸਰਵੇ ਦੇ ਅਣਅਧਿਕਾਰਿਤ ਅੰਕੜਿਆਂ ਅਨੁਸਾਰ 2011 ਤੋਂ 2016 ਤੱਕ ਇਹ ਗਿਣਤੀ ਮੁੜ 4000 ਤੋਂ ਵੱਧ ਹੋ ਗਈ ਹੈ।

ਸੰਸਥਾਗਤ ਕਰਜ਼ਿਆਂ ਤੋਂ ਕਿਸਾਨਾਂ ਨੂੰ ਰਾਹਤ ਦੇਣ ਲਈ ਰਣਨੀਤੀ ਤਿਆਰ ਕਰਨ ਵਾਸਤੇ ਵੀ ਸਰਕਾਰ ਨੇ ਉੱਘੇ ਅਰਥ ਸ਼ਾਸਤਰੀ ਡਾ: ਤਾਜਮੁੱਲ ਹੱਕ, ਜੋ ਕਿ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਦੇ ਚੇਅਰਮੈਨ ਰਹੇ ਹਨ, ਦੀ ਪ੍ਰਧਾਨਗੀ ਹੇਠ ਇਕ ਕਮੇਟੀ ਗਠਿਤ ਕੀਤੀ ਹੈ। ਇਸ ਕਮੇਟੀ ਦੀ ਅੰਤਰਿਮ ਰਿਪੋਰਟ ਵਿਚ ਕੀਤੀਆਂ ਗਈਆਂ ਸਿਫਾਰਿਸ਼ਾਂ ਦੇ ਅਧਾਰ 'ਤੇ ਸਰਕਾਰ ਵੱਲੋਂ ਕੁੱਝ ਫੈਸਲੇ ਲਏ ਗਏ ਹਨ, ਜਿਨ੍ਹਾਂ ਅਨੁਸਾਰ ਸਾਰੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਦੋ ਲੱਖ ਰੁਪਏ ਤੱਕ ਦੇ ਫਸਲੀ ਕਰਜ਼ੇ ਮੁਆਫ਼ ਕੀਤੇ ਜਾਣਗੇ ਅਤੇ ਸੀਮਾਂਤ ਕਿਸਾਨਾਂ ਨੂੰ ਇਸ ਤੋਂ ਵੱਧ ਰਕਮ ਵਾਲੇ ਕਰਜ਼ਿਆਂ ਲਈ ਦੋ ਲੱਖ ਰੁਪਏ ਦੀ ਰਾਹਤ ਦਿੱਤੀ ਜਾਵੇਗੀ। ਰਾਜ ਪੱਧਰੀ ਬੈਂਕਰਜ਼ ਕਮੇਟੀ ਵਲੋਂ ਇੱਕਤਰ ਕੀਤੇ ਗਏ ਅੰਕੜਿਆਂ ਅਨੁਸਾਰ ਕਿਸਾਨਾਂ ਦੇ ਸਰਕਾਰੀ, ਸਹਿਕਾਰੀ ਅਤੇ ਪ੍ਰਾਈਵੇਟ ਬੈਂਕਾਂ ਵਿਚ ਫਸਲੀ ਕਰਜ਼ੇ ਨਾਲ ਸਬੰਧਿਤ ਤਕਰੀਬਨ 20. 23 ਲੱਖ ਖਾਤੇ ਹਨ ਅਤੇ ਇਸ ਰਾਹਤ ਨਾਲ 8.70 ਲੱਖ ਖਾਤੇ ਬਿਲਕੁਲ ਸਾਫ ਹੋ ਜਾਣਗੇ। ਸੀਮਾਂਤ ਕਿਸਾਨਾਂ ਦੇ ਤਕਰੀਬਨ 1. 46 ਲੱਖ ਖਾਤਿਆਂ ਨੂੰ ਦੋ ਲੱਖ ਰੁਪਏ ਦੀ ਰਾਹਤ ਮਿਲ ਜਾਵੇਗੀ।

ਇਸ ਅੰਤ੍ਰਿਮ ਫੈਸਲੇ ਨੂੰ ਲਾਗੂ ਕਰਨ ਨਾਲ 10. 2 ਲੱਖ ਕਿਸਾਨਾਂ ਨੂੰ ਕਰਜ਼ਾ ਰਾਹਤ ਪ੍ਰਾਪਤ ਹੋ ਜਾਵੇਗੀ ਅਤੇ ਰਾਜ ਸਰਕਾਰ ਨੂੰ ਤਕਰੀਬਨ 9000 ਕਰੋੜ ਰੁਪਏ ਦਾ ਵਿੱਤੀ ਬੋਝ ਉਠਾਉਣਾ ਪਵੇਗਾ। ਇਸ ਦੇ ਨਾਲ-ਨਾਲ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਕਿਸਾਨਾਂ ਨੂੰ ਉਨ੍ਹਾਂ ਵਲੋਂ ਅਨੁਸੂਚਿਤ ਜਾਤੀ ਕਾਰਪੋਰੇਸ਼ਨ ਤੋਂ ਲਏ ਗਏ 50,000 ਰੁਪਏ ਤੱਕ ਦੇ ਕਰਜ਼ੇ ਮੁਆਫ਼ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ।

ਖ਼ੁਦਕੁਸ਼ੀ ਨਾਲ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਲਈ ਸਰਕਾਰ ਵਲੋਂ ਉਨ੍ਹਾਂ ਵੱਲ ਖੜਾ ਬੈਂਕਾਂ ਦਾ ਪੂਰਾ ਕਰਜ਼ਾ ਮੁਆਫ਼ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ। ਖ਼ੁਦਕੁਸ਼ੀ ਨਾਲ ਪੀੜਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਲਈ ਨੀਤੀ ਤੇ ਪੁਨਰਵਿਚਾਰ ਕਰਦੇ ਹੋਏ ਸਰਕਾਰ ਵਲੋਂ ਉਨ੍ਹਾਂ ਨੂੰ ਦਿੱਤੀ ਜਾਂਦੀ ਵਿੱਤੀ ਸਹਾਇਤਾ ਅੱਗੇ ਤੋਂ ਤਿੰਨ ਲੱਖ ਰੁਪਏ ਤੋਂ ਵਧਾ ਕੇ ਪੰਜ ਲੱਖ ਰੁਪਏ ਕਰ ਦਿੱਤੀ ਗਈ ਹੈ। ਅੱਗੇ ਤੋਂ ਖ਼ੁਦਕੁਸ਼ੀਆਂ ਦੇ ਰੁਝਾਨ ਨੂੰ ਰੋਕਣ ਲਈ ਸਲਾਹ ਦੇਣ ਵਾਸਤੇ ਵਿਧਾਨ ਸਭਾ ਦੀ ਇਕ ਪੰਜ ਮੈਂਬਰੀ ਕਮੇਟੀ ਗਠਿਤ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ, ਜੋ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਮਿਲ ਕੇ ਅਤੇ ਖ਼ੁਦਕੁਸ਼ੀ ਦੇ ਕਾਰਨਾਂ ਦੀ ਪੜਚੋਲ ਕਰਕੇ ਇਨ੍ਹਾਂ ਨੂੰ ਰੋਕਣ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਸੁਝਾਅ ਦੇਵੇਗੀ। ਵਾਹੀਕਾਰਾਂ ਨੂੰ ਕਰਜ਼ੇ ਤੋਂ ਰਾਹਤ ਦਿਵਾਉਣ ਲਈ ਰਾਜ ਸਰਕਾਰ ਨੇ ਸਾਲ 2016 ਦੌਰਾਨ ਕਿਸਾਨਾਂ ਵਲੋਂ ਗ਼ੈਰ-ਸੰਸਥਾਗਤ ਸਰੋਤਾਂ ਤੋਂ ਲਏ ਕਰਜ਼ੇ ਦੇ ਨਬੇੜੇ ਲਈ ਇਕ ਕਾਨੂੰਨ ਬਣਾਇਆ ਸੀ,ਪ੍ਰੰਤੂ ਮੌਜੂਦਾ ਸਰਕਾਰ ਨੇ ਇਸ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਲਈ ਸੋਧਣ ਵਾਸਤੇ ਹੁਣ ਇਕ ਕਮੇਟੀ ਗਠਿਤ ਕਰਨ ਦਾ ਫੈਸਲਾ ਲਿਆ ਹੈ।

ਰਾਜ ਸਰਕਾਰ ਵੱਲੋਂ ਕੀਤੀ ਗਈ ਇਹ ਪਹਿਲਕਦਮੀ ਸ਼ਲਾਘਾਯੋਗ ਹੈ ਅਤੇ ਇਨ੍ਹਾਂ ਫੈਸਲਿਆਂ ਨਾਲ ਰਾਜ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਕਾਫੀ ਰਾਹਤ ਮਿਲੇਗੀ ਪ੍ਰੰਤੂ ਇਸ ਸਮੱਸਿਆ ਨੂੰ ਭਵਿੱਖ ਵਿਚ ਮੁੜ-ਸੁਰਜੀਤ ਹੋਣ ਤੋਂ ਰੋਕਣ ਲਈ ਕਿਸਾਨਾਂ ਦੀ ਖੇਤੀ ਤੋਂ ਆਮਦਨ ਵਧਾਉਣ ਦੀ ਲੋੜ ਹੈ। ਇਸ ਮੰਤਵ ਲਈ ਸਰਕਾਰ ਨੇ ਪੰਜਾਬ ਰਾਜ ਕਿਸਾਨ ਕਮਿਸ਼ਨ ਨੂੰ ਅਜਿਹੀ ਖੇਤੀ ਨੀਤੀ ਤਿਆਰ ਕਰਨ ਲਈ ਨਿਰਦੇਸ਼ ਦਿੱਤੇ ਹਨ ਜਿਸ ਦਾ ਮੁੱਖ ਉਦੇਸ਼ ਕਿਸਾਨਾਂ ਦੀ ਆਮਦਨ ਵਧਾਉਣਾ ਹੋਵੇ। ਸਰਕਾਰਾਂ, ਖਾਸ-ਕਰਕੇ ਕੇਂਦਰ ਸਰਕਾਰ ਨੂੰ ਖੇਤੀ ਖੇਤਰ ਵਿੱਚ ਖੁੱਲ੍ਹ ਕੇ ਨਿਵੇਸ਼ ਕਰਨ ਅਤੇ ਇਸ ਵਿੱਚ ਨਿੰਜੀ ਨਿਵੇਸ਼ ਉਤਸ਼-ਾਹਿਤ ਕਰਕੇ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਢੁੱਕਵੇਂ ਕਦਮ ਚੁੱਕਣੇ ਅਤੇ ਪੇਂਡੂ ਇਲਾਕਿਆਂ ਵਿਚ ਰੁਜ਼ਗਾਰ ਦੇ ਬਦਲਵੇਂ ਮੌਕੇ ਮੁਹੱਈਆ ਕਰਵਾਉਣੇ ਚਾਹੀਦੇ ਹਨ। ਕਰਜ਼ੇ ਦੀ ਸਮੱਸਿਆ ਕਾਰਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸ਼ੁਰੂ ਹੋਏ ਕਿਸਾਨ ਅੰਦੋਲਨ ਨੂੰ ਸ਼ਾਂਤ ਕਰਨ ਲਈ ਕੇਂਦਰ ਸਰਕਾਰ ਨੂੰ ਫੌਰੀ ਤੌਰ 'ਤੇ, ਫਿਲਹਾਲ ਇੱਕ ਖਾਸ ਸਮੇਂ ਤੱਕ, ਇਸ ਦੇ ਵਿਆਜ ਦੀ ਵਸੂਲੀ ਮੁਲਤਵੀ ਕਰਨ ਅਤੇ ਕਰਜ਼ਾ ਵਾਪਸ ਨਾ ਕਰ ਸਕਣ ਵਾਲਿਆ ਦੀ ਪਛਾਣ ਕਰਕੇ ਘੱਟੋ-ਘੱਟ ਛੋਟੇ ਤੇ ਸੀਮਾਂਤ ਕਿਸਾਨਾਂ ਦੇ ਕਰਜ਼ੇ ਦਾ ਨਿਪਟਾਰਾ ਕਰਨ ਲਈ ਠੋਸ ਨੀਤੀ ਬਣਾਉਣੀ ਚਾਹੀਦੀ ਹੈ। ਪੇਂਡੂ ਇਲਾਕਿਆਂ ਵਿਚ ਲੋਕਾਂ ਦੀ ਜ਼ਿੰਦਗੀ ਵਿੱਚੋਂ ਇਕੱਲਤਾ ਨੂੰ ਦੂਰ ਕਰਨ ਅਤੇ ਲਗਾਤਾਰ ਬਿਖ਼ਰ ਰਹੇ ਪੇਂਡੂ ਭਾਈਚਾਰੇ ਨੂੰ ਮੁੜ ਮਜ਼ਬੂਤ ਬਣਾਉਣ ਲਈ ਸਮੂਹਿਕ ਯਤਨ ਆਰੰਭਣ ਅਤੇ ਇਸ ਸਬੰਧ ਵਿੱਚ ਸਿਆਸੀ, ਧਾਰਮਿਕ ਅਤੇ ਸਮਾਜਿਕ ਸੰਗਠਨਾਂ ਵੱਲੋਂ ਇੱਕ ਵੱਡੀ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੇ ਜਾਣ ਦੀ ਲੋੜ ਹੈ।

ਵਿਕਰਾਲ ਰੂਪ ਧਾਰ ਚੁੱਕੀ ਕਰਜ਼ਿਆਂ ਦੀ ਇਸ ਸਮੱਸਿਆ ਨੂੰ ਅਣਡਿੱਠ ਕਰਨ ਦੇ ਦੂਰਗਾਮੀ ਆਰਥਿਕ, ਸਮਾਜਿਕ ਅਤੇ ਰਾਜਸੀ ਪ੍ਰਭਾਵ ਹੋ ਸਕਦੇ ਹਨ ਅਤੇ ਇਸ ਸੰਕਟ ਤੋਂ ਛੁਟਕਾਰਾ ਪਾਉਣ ਲਈ ਢੁੱਕਵੀਂ ਯੋਜਨਾਬੰਦੀ ਦੀ ਸਖ਼ਤ ਜ਼ਰੂਰਤ ਹੈ।

# ਪੰਜਾਬ ਵਿਚ ਉੱਚ ਸਿੱਖਿਆ ਨੀਵੇਂ ਪੱਧਰ ਵੱਲ ਕਿਉਂ?

ਡਾ.ਲਖਵਿੰਦਰ ਸਿੰਘ ਜੌਹਲ

ਪੰਜਾਬ ਦੀਆਂ ਦੋ ਮੁੱਖ ਯੂਨੀਵਰਸਿਟੀਆਂ ਵਾਈਸ ਚਾਂਸਲਰਾਂ ਤੋਂ ਵਿਰਵੀਆਂ ਹਨ। ਕਈ ਕਾਲਜਾਂ ਵਿਚ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਕੰਮ- ਚਲਾਊ ਪ੍ਰਬੰਧ ਕਰਕੇ ਡੰਗ ਟਪਾਇਆ ਜਾ ਰਿਹਾ ਹੈ। ਪ੍ਰਾਈਵੇਟ ਕਾਲਜਾਂ ਵਿਚ ਖਾਲੀ ਪਈਆਂ ਅਸਿਸਟੈਂਟ ਪ੍ਰੋਫ਼ੈਸਰਾਂ ਦੀਆਂ ਅਸਾਮੀਆਂ ਨੂੰ ਅੱਧੇ ਮਨ ਨਾਲ ਮੁੱਢਲੀ ਤਨਖ਼ਾਹ ਉੱਤੇ ਤਿੰਨ ਸਾਲਾਂ ਲਈ ਭਰਨ ਦੀ ਮਨਜ਼ੂਰੀ ਦੇ ਕੇ ਹਰ ਸਾਲ 20 ਪ੍ਰਤੀਸ਼ਤ ਤੱਕ ਭਰੇ ਜਾਣ ਦੀ ਸ਼ਰਤ ਲਗਾ ਰੱਖੀ ਹੈ ਪਰ ਭਵਿੱਖ ਅਸੁਰੱਖਿਅਤ ਹੈ। ਰਾਜ ਦੇ ਸਰਕਾਰੀ ਕਾਲਜਾਂ ਵਿਚ ਸਿਰਫ਼ 517 ਅਸਿਸਟੈਂਟ ਪ੍ਰੋਫ਼ੈਸਰ ਅਤੇ ਐਸੋਸੀਏਟ ਪ੍ਰੋਫ਼ੈਸਰ ਹਨ, ਜਿਹੜੇ 48 ਕਾਲਜਾਂ ਵਿਚ ਪੜ੍ਹਨ ਵਾਲੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰ ਰਹੇ ਹਨ। ਭਾਵ ਪ੍ਰਤੀ ਕਾਲਜ ਅਧਿਆਪਕਾਂ ਦੀ ਗਿਣਤੀ ਦਸ ਤੋਂ ਬਾਰਾਂ ਤੱਕ ਹੀ ਬਣਦੀ ਹੈ। ਇਹ ਵੀ ਸ਼ਹਿਰੀ ਕਾਲਜਾਂ ਤੱਕ ਸੀਮਤ ਹੈ। ਪੇਂਡੂ ਕਾਲਜ ਪੂਰੀ ਤਰ੍ਹਾਂ ਠੱਪ ਪਏ ਹਨ। ਨਾ ਵਿਦਿਆਰਥੀਆਂ ਲਈ ਕਮਰੇ ਹਨ, ਨਾ ਉਨ੍ਹਾਂ ਦੇ ਬੈਠਣ ਲਈ ਬੈਂਚ ਹਨ, ਨਾ ਚੰਗੀਆਂ ਲਾਇਬ੍ਰੇਰੀਆਂ ਹਨ, ਨਾ ਲੈਬਾਰੇਟਰੀਆਂ ਹਨ, ਨਾ ਆਧੁਨਿਕ ਉਪਕਰਣ ਹਨ, ਨਾ ਇੰਸਟ੍ਰਕਟਰ ਅਤੇ ਨਾ ਲੋੜੀਂਦੇ ਵਾਸ਼ਰੂਮ ਹਨ।

ਸਰਕਾਰਾਂ ਬਦਲ ਰਹੀਆਂ ਹਨ ਪਰ ਨੀਤੀਆਂ ਨਹੀਂ। ਇੱਛਾ ਸ਼ਕਤੀ ਸੁੱਤੀ ਹੋਈ ਹੈ। ਭਾਸ਼ਾ ਨੀਤੀ ਕਿਸੇ ਵੀ ਸਰਕਾਰ ਦੇ ਏਜੰਡੇ ਉੱਤੇ ਨਹੀਂ ਆ ਰਹੀ। ਸੱਭਿਆਚਾਰਕ ਨੀਤੀ ਬਾਰੇ ਜ਼ੁਬਾਨੀ ਜਮ੍ਹਾਂ-ਖ਼ਰਚ ਤੋਂ ਗੱਲ ਅੱਗੇ ਤੁਰਦੀ ਨਜ਼ਰ ਨਹੀਂ ਆ ਰਹੀ। ਬੇਰੁਜ਼ਗਾਰੀ, ਨਸ਼ੇ ਅਤੇ ਅਸੁਰੱਖਿਆ ਦਿਨੋ-ਦਿਨ ਹੋਰ ਵਾਧੇ ਵਲ ਕਦਮ ਪੁੱਟ ਰਹੇ ਹਨ। ਅਜਿਹੀ ਹਾਲਤ ਵਿਚ ਕੀ ਕੀਤਾ ਜਾਵੇ?

ਸਿੱਖਿਆ ਦੇ ਪ੍ਰਬੰਧ ਅਤੇ ਮਾਹੌਲ ਨੂੰ ਬਿਹਤਰ ਬਣਾਉਣ ਦਾ ਅਮਲ ਸਰਕਾਰੀ ਨੀਤੀਆਂ ਤੋਂ ਸ਼ੁਰੂ ਹੋ ਕੇ ਵਾਈਸ ਚਾਂਸਲਰਾਂ ਰਾਹੀਂ ਹੁੰਦਾ ਹੋਇਆ, ਪ੍ਰਿੰਸੀਪਲਾਂ ਅਤੇ ਅਧਿਆਪਕਾਂ ਤੱਕ ਪਹੁੰਚਦਾ ਹੈ। ਇਸ ਤਰ੍ਹਾਂ ਵਿਦਿਆਰਥੀ ਤੱਕ ਪਹੁੰਚਣ ਵਾਲਾ ਇਹ ਸਿਲਸਿਲਾ ਚਾਰ ਪੜਾਵਾਂ ਵਿਚੋਂ ਗੁਜ਼ਰਦਾ ਹੈ। ਜਿਥੇ ਉਸ ਨੇ ਵਿਆਪਕ ਸੂਝ ਦਾ ਸੰਚਾਰ ਕਰਨਾ ਹੈ, ਉਥੇ ਭਵਿੱਖ ਦੇ ਨਿਰਮਾਣ ਵਿਚ ਆਪਣਾ ਯੋਗਦਾਨ ਪਾਉਣਾ ਹੈ। ਪਰ ਇਹ ਉਦੋਂ ਹੀ ਸੰਭਵ ਹੋ ਸਕੇਗਾ ਜੇਕਰ ਸਰਕਾਰ ਦੀ ਇੱਛਾ ਸ਼ਕਤੀ ਅਤੇ ਸੰਵੇਦਨਾ ਸਥਿਤੀ ਦੀਆਂ ਗੁੰਝਲਾਂ ਨੂੰ ਸਮਝਣ ਦੇ ਸਮਰੱਥ ਹੋਵੇਗੀ ਅਤੇ ਇਸ ਇੱਛਾ ਸ਼ਕਤੀ ਅਤੇ ਸੰਵੇਦਨਾ ਨੂੰ ਸਿੱਖਿਆ ਸੰਸਥਾਵਾਂ ਤੱਕ ਪਹੁੰਚਾਉਣ ਲਈ ਵਧੀਆ ਵਾਹਕ ਵੀ ਮੌਜੂਦ ਹੋਵੇਗਾ। ਇਨ੍ਹਾਂ ਵਾਹਕਾਂ ਦਾ ਸਿਰਮੌਰ ਹੀ ਹੁੰਦਾ ਹੈ ਕਿਸੇ ਯੂਨੀਵਰਸਿਟੀ ਦਾ ਵਾਈਸ ਚਾਂਸਲਰ, ਜਿਸ ਨੇ ਸਮੇਂ ਦੀਆਂ ਵੰਗਾਰਾਂ ਨੂੰ ਸਮਝਦੇ ਹੋਏ ਕਾਲਜਾਂ ਅਤੇ ਸਰਕਾਰਾਂ ਵਿਚਕਾਰ ਇਕ ਪੁਲ ਦੀ ਭੂਮਿਕਾ ਨਿਭਾਉਣੀ ਹੁੰਦੀ ਹੈ। ਤਜਰਬਾ ਦੱਸਦਾ ਹੈ ਕਿ ਜਦੋਂ ਵੀ ਕਿਸੇ ਯੂਨੀ-ਵਰਸਿਟੀ ਦਾ ਵਾਈਸ ਚਾਂਸਲਰ ਕਿਸੇ ਸਮਰੱਥ ਸ਼ਖ਼ਸੀਅਤ ਨੂੰ ਲਗਾਇਆ ਗਿਆ ਉਦੋਂ ਹੀ ਸਿੱਖਿਆ ਵਿਚ ਸੁਧਾਰ ਦੀਆਂ ਗੁਣਾਤਮਿਕ ਤਬਦੀਲੀਆਂ ਵਾਪਰੀਆਂ।

ਵਾਈਸ ਚਾਂਸਲਰ ਕੌਣ ਹੋਵੇ: ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੈਲੰਡਰਾਂ ਵਿਚ ਅੰਕਿਤ ਕੀਤੇ ਗਏ ਯੂਨੀਵਰਸਿਟੀਆਂ ਦੇ ਆਸ਼ਿਆਂ ਅਤੇ ਮੰਤਵਾਂ ਦੀ ਘੋਖ ਕਰੀਏ ਤਾਂ ਪੰਜਾਬੀ ਯੂਨੀਵਰਸਿਟੀ ਬਾਰੇ ਲਿਖਿਆ ਗਿਆ ਹੈ ''ਮਾਨਵਿਕੀ ਵਿਸ਼ਿਆਂ, ਵਿਗਿਆਨਾਂ, ਵਿਦਵਾਨੀ ਪੇਸ਼ਿਆਂ ਅਤੇ ਵਿਦਿਆ ਦੀਆਂ ਹੋਰ ਸ਼ਾਖਾਵਾਂ ਅਤੇ ਅਧਿਐਨ ਕਾਰਜਾਂ ਦੇ ਨਾਲ-ਨਾਲ ਪੰਜਾਬੀ ਅਧਿਐਨ ਨੂੰ ਤਰੱਕੀ ਦੇਣਾ, ਪੰਜਾਬੀ ਸਾਹਿਤ ਦੀ ਖੋਜ ਲਈ ਵਿਵਸਥਾ ਕਰਨਾ, ਪੰਜਾਬੀ ਭਾਸ਼ਾ ਦੇ ਵਿਕਾਸ ਲਈ ਉਪਰਾਲੇ ਕਰਨਾ ਅਤੇ ਜਿਤਨੇ ਵਿਸ਼ਿਆਂ ਲਈ ਵੀ ਸੰਭਵ ਹੋ ਸਕੇ ਇਸ ਨੂੰ ਪ੍ਰਗਤੀਸ਼ੀਲ ਰੂਪ ਦਿੰਦੇ ਹੋਏ ਸਿੱਖਿਆ-ਦੀਖਿਆ ਅਤੇ ਪ੍ਰੀਖਿਆ ਦੇ ਮਧਿਅਮ ਵਜੋਂ ਅਪਨਾਉਣਾ ਯੂਨੀਵਰਸਿਟੀ ਦਾ ਉਦੇਸ਼ ਹੋਵੇਗਾ।'' ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਵੇਲੇ ਪੰਜਾਬ ਸਰਕਾਰ ਵੱਲੋਂ 30 ਅਪਰੈਲ 1962 ਨੂੰ ਇਹ ਆਰਡੀਨੈਂਸ ਜਾਰੀ ਕੀਤਾ ਗਿਆ ਸੀ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਲੰਡਰ (ਐਕਟ) ਵਿਚ, ਜਿਸ ਨੂੰ 1975 ਵਿਚ ਸੋਧਿਆ ਵੀ ਗਿਆ, ਲਿਖਿਆ ਗਿਆ ਹੈ ਕਿ "ਸਮਾਜ ਵਿਗਿਆਨਾਂ ਦੇ ਨਾਲ-ਨਾਲ ਪੰਜਾਬੀ ਅਧਿਐਨ ਨੂੰ ਉਤਸ਼ਾਹਿਤ ਕਰਨ, ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਖੋਜ ਕਰਨ ਦੇ ਕਾਰਜਾਂ ਨੂੰ ਪਹਿਲ ਦਿੱਤੀ ਜਾਵੇਗੀ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਅਧਿਐਨ ਅਤੇ ਖੋਜ ਕਾਰਜ ਕਰਦੇ ਹੋਏ, ਇਨ੍ਹਾਂ ਦੇ ਧਾਰਮਿਕ ਅਤੇ ਸੱਭਿਆਚਾਰਕ ਪ੍ਰਭਾਵਾਂ ਨੂੰ ਭਾਰਤੀ ਅਤੇ ਵਿਸ਼ਵ ਸੱਭਿਆਚਾਰਾਂ ਦੇ ਸੰਦਰਭ ਵਿਚ ਘੋਖਿਆ ਜਾਵੇਗਾ।''

ਇਨ੍ਹਾਂ ਆਸ਼ਿਆਂ ਨੂੰ ਧਿਆਨ ਵਿਚ ਰੱਖ ਕੇ ਦੋਹਾਂ ਯੂਨੀਵਰਸਿਟੀਆਂ ਦੀ ਵਰਤਮਾਨ ਹਾਲਤ ਦਾ ਲੇਖਾ-ਜੋਖਾ ਕਰੀਏ ਤਾਂ ਇਹ ਦੋਵੇਂ ਆਪਣੇ ਮੂਲ ਸਿਧਾਂਤਾਂ ਤੋਂ ਭਟਕਦੀਆਂ ਨਜ਼ਰ ਆ ਰਹੀਆਂ ਹਨ। ਸਮਾਜ-ਵਿਗਿਆਨਾਂ, ਸਾਹਿਤ, ਸੱਭਿਆਚਾਰਾਂ ਅਤੇ ਭਾਸ਼ਾਵਾਂ ਨਾਲ ਸਬੰਧਿਤ ਵਿਭਾਗਾਂ ਦੀ ਲਗਾਤਾਰ ਅਣਦੇਖੀ ਹੋ ਰਹੀ ਹੈ। ਹੁਣ ਜਦੋਂ ਇਹ ਯੂਨੀਵਰਸਿਟੀਆਂ ਵਾਈਸ ਚਾਂਸਲਰਾਂ ਤੋਂ ਵਿਰਵੀਆਂ ਹਨ ਤਾਂ ਵਾਈਸ ਚਾਂਸਲਰਾਂ ਦੀ ਚੋਣ ਲਈ ਆਪਣਾਈ ਜਾ ਰਹੀ ਪ੍ਰਕਿਰਿਆ ਨੂੰ ਵੀ ਅਤਿ-ਮਕਾਨਕੀ ਬਣਾਇਆ ਜਾ ਰਿਹਾ ਹੈ। ਇਸ ਵੱਕਾਰੀ ਅਹੁਦੇ ਲਈ ਕਲਰਕਾਂ ਦੀ ਭਰਤੀ ਵਾਂਗ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਅਹੁਦੇ ਲਈ ਬੇਨਤੀ ਪੱਤਰ ਭੇਜਣ ਵਾਲਿਆਂ ਵਿਚ ਉਹ ਸਾਰੇ 'ਵਿਦਵਾਨ' ਸ਼ਾਮਿਲ ਹਨ, ਜਿਨ੍ਹਾਂ ਨੇ ਕੁਝ ਸਾਲਾਂ ਤੱਕ ਵਿਭਾਗੀ ਤਰੱਕੀਆਂ ਪਾ ਕੇ ਪ੍ਰੋਫ਼ੈਸਰ ਦੇ ਅਹੁਦੇ ਦਾ ਆਨੰਦ ਮਾਣ ਲਿਆ ਹੈ। ਘੱਟੋ-ਘੱਟ ਯੋਗਤਾ ਦੀ ਸ਼ਰਤ ਪੂਰੀ ਹੋਣ ਕਰਕੇ ਖ਼ੁਦ ਨੂੰ ਵਾਈਸ ਚਾਂਸਲਰ ਲਈ ਯੋਗ ਸਮਝਣ ਦਾ ਭਰਮ ਪਾਲਣ ਦਾ ਹੱਕ, ਭਾਵੇਂ ਹਰ ਕਿਸੇ ਨੂੰ ਹੈ, ਪਰ ਇਸ ਵੱਕਾਰੀ ਅਹੁਦੇ ਦਾ ਗੌਰਵ ਪਾਉਣ ਵਾਲੇ ਵਿਦਵਾਨਾਂ ਦੀ ਚੋਣ ਦਾ ਆਧਾਰ ਅਤੇ ਤਰੀਕਾ ਅਜਿਹਾ ਹੋਣਾ ਕੋਈ ਚੰਗਾ ਸ਼ਗਨ ਨਹੀਂ ਹੈ। ਇਸ ਛੋਟੇ ਜਿਹੇ ਪੰਜਾਬ ਵਿਚੋਂ ਢਾਈ ਸੌ ਦੇ ਕਰੀਬ ਵਿਦਵਾਨ ਇਸ ਦੌੜ ਵਿਚ ਸ਼ਾਮਿਲ ਹਨ। ਜਿਸ ਪੰਜਾਬ ਵਿਚ ਪਿਛਲੇ ਕਈ ਸਾਲਾਂ ਵਿਚ ਕੋਈ ਮਿਆਰੀ ਕਿਤਾਬ ਛਪ ਕੇ ਸਾਹਮਣੇ ਨਾ ਆਈ ਹੋਵੇ ਅਤੇ ਜਿਸ ਪੰਜਾਬ ਵਿਚ ਸਮਾਜ-ਸੱਭਿਆਚਾਰ, ਸਾਹਿਤ ਅਤੇ ਭਾਸ਼ਾ ਦੇ ਖੇਤਰ ਵਿਚ ਕੋਈ ਮੌਲਿਕ ਖੋਜ ਕਾਰਜ ਧਿਆਨ ਨਾ ਖਿੱਚ ਸਕਿਆ ਹੋਵੇ, ਉਥੇ ਵਾਈਸ ਚਾਂਸਲਰ ਦੇ ਅਹੁਦੇ ਲਈ ਏਨੇ ਵਿਦਵਾਨ ਕਿਵੇਂ ਹੋ ਗਏ? ਇਹ ਸਭ ਕੁਝ ਇਸੇ ਕਰਕੇ ਹੋ ਰਿਹਾ ਹੈ ਕਿ ਅਸੀਂ ਸਿੱਖਿਆ ਦੇ ਖੇਤਰ ਵਿਚ ਨਵੇਂ-ਨਵੇਂ ਪ੍ਰਯੋਗ ਕਰਦੇ ਹੋਏ ਮਸ਼ੀਨੀਕ੍ਰਿਤ ਦੇ ਮਾਲਕ ਬਣ ਗਏ ਹਾਂ। ਸਿੱਖਿਆ ਵਿਚ ਮਿਆਰ ਪੈਦਾ ਕਰਨ ਦੀ ਬਜਾਏ ਮਿਕਦਾਰ ਉੱਤੇ ਵਧੇਰੇ ਕੇਂਦਰਿਤ ਹੋ ਰਹੇ ਹਾਂ। ਅਜਿਹੀ ਸਥਿਤੀ ਵਿਚ ਸਿੱਖਿਆ ਸਿਧਾਂਤਾਂ ਬਾਰੇ ਮੁੱਢ ਤੋਂ ਸੋਚਣ ਦੀ ਲੋੜ ਮਹਿਸੂਸ ਹੋ ਰਹੀ ਹੈ। ਪਰ ਸ਼ੁਰੂਆਤ ਤੱਦ ਹੀ ਹੋ ਸਕੇਗੀ ਜੇਕਰ ਯੂਨੀਵਰਸਿ-ਟੀਆਂ ਦੇ ਵਾਈਸ ਚਾਂਸਲਰ ਉਹ ਵਿਦਵਾਨ ਹੋਣਗੇ ਜਿਨ੍ਹਾਂ ਦੇ ਸੀਨੇ ਵਿਚ ਪੰਜਾਬ ਦੇ ਇਸ ਦਰਦ ਵਾਲਾ ਦਿਲ ਧੜਕਦਾ ਹੋਵੇਗਾ। ਜਿਨ੍ਹਾਂ ਨੂੰ ਪੰਜਾਬੀ ਸਾਹਿਤ, ਸੱਭਿਆਚਾਰ, ਭਾਸ਼ਾ ਅਤੇ ਭਵਿੱਖ ਦੀਆਂ ਲੋੜਾਂ ਦਾ ਪੰਜਾਬੀ ਜਨਜੀਵਨ ਦੀਆਂ ਰਹਿਤਲਾਂ ਤੱਕ ਅਹਿਸਾਸ ਹੋਵੇਗਾ। ਇਸ ਵੇਲੇ ਸ. ਪ੍ਰਤਾਪ ਸਿੰਘ ਕੈਰੋਂ ਵਰਗੀ ਰਾਜਨੀਤਕ ਦੂਰਅੰਦੇਸ਼ੀ, ਦ੍ਰਿੜ੍ਹਤਾ ਅਤੇ ਇੱਛਾ ਸ਼ਕਤੀ ਦੀ ਬੇਹੱਦ ਜ਼ਰੂਰਤ ਹੈ ਅਤੇ ਡਾ. ਮਹਿੰਦਰ ਸਿੰਘ ਰੰਧਾਵਾ ਵਰਗੀਆਂ ਮੌਲਿਕ ਅਤੇ ਸਰਬਾਂਗੀ ਸ਼ਖ਼ਸੀਅਤਾਂ ਦੀ ਵੀ ਯਾਦ ਆਉਂਦੀ ਹੈ। ਥੁੜ੍ਹਾਂ ਭਰੇ ਇਸ ਦੌਰ ਵਿਚ ਚੋਣ ਕਮੇਟੀ ਨੂੰ ਏਨਾ ਕੁ ਧਿਆਨ ਤਾਂ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਉਹ ਅਜਿਹੇ ਵਿਦਵਾਨ ਦੀ ਚੋਣ ਕਰਨ, ਜਿਹੜਾ ਇਸ ਅਹੁਦੇ ਨੂੰ ਨੌਕਰੀ ਦੀ ਬਜਾਏ ਮਿਸ਼ਨ ਸਮਝ ਸਕੇ, ਕਿਉਂਕਿ ਇਹ ਸਮਾਂ ਸਿੱਖਿਆ ਦੇ ਚਲਦੇ ਪਰਵਾਹ ਨੂੰ ਅੱਗੇ ਤੋਰਨ ਤੱਕ ਸੀਮਤ ਨਹੀਂ ਹੈ।

ਪ੍ਰਿੰਸੀਪਲਾਂ ਦੀ ਸਥਿਤੀ: ਸਰਕਾਰੀ ਕਾਲਜਾਂ ਵਿਚ ਪਦਉੱਨਤੀ ਨਾਲ ਬਣੇ ਪ੍ਰਿੰਸੀਪਲਾਂ ਦੀ ਯੋਗਤਾ ਨੂੰ ਯੂਜੀਸੀ ਦੇ ਯੋਗਤਾ ਨਿਯਮਾਂ ਦੀ ਅਣਦੇਖੀ ਕਰਕੇ ਘਟਾ ਦਿੱਤਾ ਗਿਆ ਹੈ। ਇਨ੍ਹਾਂ ਪ੍ਰਿੰਸੀਪਲਾਂ ਨੂੰ ਪੀਐਚ. ਡੀ. ਦੀ ਡਿਗਰੀ ਤੋਂ ਛੋਟ ਦੇ ਦਿੱਤੀ ਗਈ ਹੈ ਜਦੋਂ ਕਿ ਪ੍ਰਾਈਵੇਟ ਕਾਲਜਾਂ ਵਿਚ ਪਿਛਲੇ ਸਾਲਾਂ ਤੋਂ ਲਗਾਏ ਜਾ ਰਹੇ ਪ੍ਰਿੰਸੀਪਲਾਂ ਉੱਤੇ ਪੀਐਚ. ਡੀ. ਦੀ ਸ਼ਰਤ ਲਾਗੂ ਹੁੰਦੀ ਹੈ। ਪਰ ਗ਼ੈਰ-ਸਰਕਾਰੀ ਕਾਲਜਾਂ ਵਿਚ ਪ੍ਰਿੰਸੀਪਲਾਂ ਦੀ ਭਰਤੀ ਮੁਢਲੀ ਤਨਖਾਹ ਉੱਤੇ ਕੀਤੀ ਗਈ ਹੈ। ਉਨ੍ਹਾਂ ਨੂੰ 37,400 ਰੁਪਏ ਉੱਤੇ ਰੱਖਿਆ ਗਿਆ ਹੈ। ਜਿਹੜਾ ਲੈਕਚਰਾਰ ਕਿਸੇ ਕਾਲਜ ਵਿਚ ਦਸ ਤੋਂ ਪੰਦਰਾਂ ਸਾਲ ਤੱਕ ਦਾ ਤਜਰਬਾ ਹਾਸਲ ਕਰਕੇ ਅਸਿਸਟੈਂਟ ਪ੍ਰੋਫ਼ੈਸਰ ਤੋਂ ਐਸੋਸੀਏਟ ਪ੍ਰੋਫ਼ੈਸਰ ਤਕ ਪਹੁੰਚ ਕੇ ਲਗਪਗ ਸਵਾ ਲਖ ਰੁਪਏ ਤਨਖਾਹ ਲੈਂਦਾ ਸੀ, ਉਸ ਨੂੰ ਇਨ੍ਹਾਂ ਕਾਲਜਾਂ ਵਿਚ ਪ੍ਰਿੰਸੀਪਲ ਬਣਾ ਦਿੱਤਾ ਗਿਆ। ਜਦੋਂ ਇਨ੍ਹਾਂ ਅਸਾਮੀਆਂ ਦੇ ਇਸ਼ਤਿਹਾਰ ਦਿੱਤੇ ਗਏ ਤਾਂ ਮੁੱਢਲੀ ਤਨਖਾਹ ਦੇ ਨਾਲ ਭੱਤੇ ਦੇਣ ਦੀ ਗੱਲ ਵੀ ਕਹੀ ਗਈ ਸੀ, ਪਰ ਜਦੋਂ ਇਹ ਨਿਯੁਕਤੀਆਂ ਡੀਪੀਆਈ ਦਫ਼ਤਰ ਨੂੰ ਪ੍ਰਵਾਨਗੀ ਲਈ ਭੇਜੀਆਂ ਗਈਆਂ ਤਾਂ ਨਿਰਾਸ਼ਾ ਹੱਥ ਲੱਗੀ। ਕਿਹਾ ਗਿਆ ਕਿ ਸਰਕਾਰੀ ਨਿਯਮਾਂ ਅਨੁਸਾਰ ਇਨ੍ਹਾਂ ਨੂੰ ਦੋ ਸਾਲ ਤੱਕ ਸਿਰਫ਼ ਮੁੱਢਲੀ ਤਨਖ਼ਾਹ ਹੀ ਮਿਲੇਗੀ। ਸਿੱਖਿਆ ਮੰਤਰੀ ਅਤੇ ਵਿੱਤ ਮੰਤਰੀ ਨਾਲ ਕੀਤੀਆਂ ਗਈਆਂ ਮੁਲਾਕਾਤਾਂ ਵੀ ਅਜੇ ਕੋਈ ਰੰਗ ਨਹੀਂ ਵਿਖਾ ਸਕੀਆਂ।

ਅਜਿਹੀ ਸਥਿਤੀ ਵਿਚ ਕਾਲਜਾਂ ਨੂੰ ਚਲਾਉਣ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਇਹ ਪ੍ਰਿੰਸੀਪਲ, ਉਨ੍ਹਾਂ ਲੈਕਚਰਰਾਂ ਤੋਂ ਕੰਮ ਕਿਵੇਂ ਲੈ ਸਕਦੇ ਹਨ ਜਿਹੜੇ ਉਨ੍ਹਾਂ ਨਾਲੋਂ ਤਿੰਨ ਗੁਣਾ ਵਧ ਤਨਖਾਹਾਂ ਲੈ ਰਹੇ ਹੋਣ ਅਤੇ ਯੋਗਤਾ ਵਿਚ ਵੀ ਬਰਾਬਰ ਹੋਣ। ਇਸ ਸਥਿਤੀ ਨੂੰ ਸਮਝਣਾ ਅਤੇ ਪਿਛਲੇ

(ਬਾਕੀ ਸਫਾ 23 ਤੇ)

# ਰੰਗ-ਮੰਚ ਦੇ ਸੰਗਰਾਮੀਏ ਨੂੰ ਸਦਾ ਸਲਾਮ



ਪ੍ਰਿੰ. ਸਰਵਣ ਸਿੰਘ

ਅਜਮੇਰ ਸਿੰਘ ਔਲਖ ਨਿਮਨ ਕਿਸਾਨੀ ਦਾ ਜੁਝਾਰੂ ਨਾਟਕਕਾਰ ਸੀ। ਉਸ ਦੇ ਤਿੰਨ ਦਰਜਨ ਤੋਂ ਵੱਧ ਨਾਟਕਾਂ ਦੀਆਂ ਸੈਂਕੜੇ ਹਜ਼ਾਰਾਂ ਪੇਸ਼ਕਾਰੀਆਂ ਹੋਈਆਂ ਜਨ੍ਹਾਂ ਨੂੰ ਲੱਖਾਂ ਲੋਕਾਂ ਨੇ ਵੇਖਿਆ। ਅਜੇ ਪਿਛਲੇ ਸਾਲ ਹੀ ਹਜ਼ਾਰਾਂ ਲੋਕਾਂ ਦੇ ਇਕੱਠ ਨੇ ਉਹਦਾ ਲੋਕ ਸਨਮਾਨ ਕੀਤਾ ਸੀ। ਉਸ ਨੂੰ ਭਾਰਤੀ ਸਾਹਿਤ ਅਕੈਡਮੀ ਐਵਾਰਡ, ਭਾਰਤੀ ਸੰਗੀਤ ਤੇ ਨਾਟਕ ਅਕੈਡਮੀ ਐਵਾਰਡ, ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਨਾਟਕਕਾਰ ਐਵਾਰਡ, ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਐਵਾਰਡ, ਇੰਟਰਨੈਸ਼ਨਲ ਪਾਸ਼ ਮੈਮੋਰੀਅਲ ਐਵਾਰਡ ਅਤੇ ਹੋਰ ਕਈ ਮਾਣ- ਸਨਮਾਨ ਮਿਲੇ ਸਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਸ ਨੂੰ ਡੀ. ਲਿੱਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਪਰ ਉਹ ਸਨਮਾਨਾਂ ਤੋਂ ਉਤੇ ਸੀ। ਅਸਹਿਣਸ਼ੀਲਤਾ ਦੇ ਮੁੱਦੇ ਉਤੇ ਉਸ ਨੇ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਮੋੜ ਵੀ ਦਿੱਤਾ ਸੀ। ਉਸ ਦੇ ਨਾਟਕ ਪੰਜਾਬ ਤੇ ਹਰਿਆਣੇ ਦੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਤੋਂ ਲੈ ਕੇ, ਚੰਡੀਗੜ੍ਹ, ਦਿੱਲੀ, ਕੋਲਕਾਤਾ, ਮੁੰਬਈ ਅਤੇ ਅਮਰੀਕਾ Kਕੈਨੇਡਾ ਤਕ ਖੇਡੇ ਗਏ ਅਤੇ ਯੂਨੀਵਰਸਿਟੀਆਂ ਤੇ ਸਿੱਖਿਆ ਬੋਰਡਾਂ ਦੀਆਂ ਪਾਠ ਪੁਸਤਕਾਂ ਵਿਚ ਪੜ੍ਹਾਏ ਗਏ। ਉਨ੍ਹਾਂ ਬਾਰੇ ਅਨੇਕਾਂ ਖੋਜ ਲੇਖ ਤੇ ਖੋਜ ਪ੍ਰਬੰਧ ਲਿਖੇ ਗਏ। ਉਹ ਨਾਟਕ ਤੇ ਰੰਗ-ਮੰਚ ਦਾ ਤੁਰਿਆ ਫਿਰਦਾ ਐਨਸਾਈਕਲੋਪੀਡੀਆ ਸੀ।

ਉਸ ਦੇ ਪੂਰੇ ਨਾਟਕਾਂ ਦੇ ਨਾਂ ਹਨ: 'ਸੱਤ ਬਗਾਨੇ', 'ਕਿਹਰ ਸਿੰਘ ਦੀ ਮੌਤ', 'ਇੱਕ ਸੀ ਦਰਿਆ', 'ਸਲਵਾਨ', 'ਝਨਾਂ ਦੇ ਪਾਣੀ', 'ਨਿੱਕੇ ਸੂਰਜਾਂ ਦੀ ਲੜਾਈ', 'ਭੱਜੀਆਂ ਬਾਹਾਂ' ਤੇ 'ਨਿਉਂ ਜੜ੍ਹ'। ਇਕਾਂਗੀ ਨਾਟਕ ਹਨ: 'ਬਾਲ ਨਾਥ ਦੇ ਟਿੱਲੇ 'ਤੇ', 'ਮਿਰਜ਼ੇ ਦੀ ਮੌਤ', 'ਤੂੜੀ ਵਾਲਾ ਕੋਠਾ', 'ਜਦੋਂ ਬੋਹਲ ਰੋਂਦੇ ਹਨ', 'ਅੰਨ੍ਹੇ ਨਿਸ਼ਾਨਚੀ', 'ਸਿੱਧਾ ਰਾਹ ਵਿੰਗਾ ਰਾਹ', 'ਢਾਂਡਾ', 'ਐਸੇ ਰਚਿਉ ਖਾਲਸਾ', 'ਆਪਣਾ-ਆਪਣਾ ਹਿੱਸਾ', 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ', 'ਹਰਿਉ ਬੂਟ', 'ਅੰਨ੍ਹੇਰ-ਕੋਠੜੀ' ਤੇ 'ਹਾਏ ਨੀ ਮਨਮੀਤ ਕੁਰੇ'। ਲਘੂ ਨਾਟਕ ਹਨ: 'ਅਰਬਦ ਨਰਬਦ ਧੁੰਦੂਕਾਰਾ', 'ਬਗਾਨੇ ਬੋਹੜ ਦੀ ਛਾਂ', 'ਸੁੱਕੀ ਕੁੱਖ', 'ਇੱਕ ਰਮਾਇਣ ਹੋਰ', 'ਭੱਠ ਖੇੜਿਆਂ ਦਾ ਰਹਿਣਾ', 'ਗਾਨੀ', 'ਤੇੜਾਂ', 'ਲੋਹੇ ਦਾ ਪੁੱਤ', 'ਐਇੰ ਨੀ ਹੁਣ ਸਰਨਾ', 'ਉਈ-ਮੂੰਈਂ' ਦਾ ਕੁਸ ਨੀ ਹੁੰਦਾ', 'ਕਉ.ਲੇ ਉੱਤੇ ਰੱਖਿਆ ਕੌਲਾ', 'ਚੱਲ ਵੀਰਨਾ ਵੇ ਉਥੇ ਚੱਲੀਏ', 'ਬੰਦ ਬੂਹਿਆਂ ਵਾਲੀ ਹਵੇਲੀ' ਤੇ 'ਪੱਪੂ ਦੀ ਪੈਂਟ' ਆਦਿ। ਉਸ ਨੇ ਲੇਖਕਾਂ ਦੀਆਂ ਕੁਝ ਕਹਾਣੀਆਂ ਤੇ ਨਾਵਲਾਂ ਨੂੰ ਵੀ ਨਾਟਕੀ ਰੂਪ ਦਿੱਤਾ।

ਉਸ ਦਾ ਜਨਮ 19 ਅਗਸਤ 1942 ਨੂੰ ਜ਼ਿਲ੍ਹਾ ਸੰਗਰੂਰ ਦੇ ਪਿੰਡ ਕੁੰਭੜਵਾਲ ਵਿਚ ਪਿਤਾ ਕੌਰ ਸਿੰਘ ਤੇ ਮਾਤਾ ਹਰਨਾਮ ਕੌਰ ਦੇ ਘਰ ਹੋਇਆ। ਕੁੰਭੜਵਾਲ ਉਦੋਂ ਰਿਆਸਤੀ ਪਿੰਡ ਸੀ ਤੇ ਹਿੰਦੁਸਤਾਨ, ਅੰਗਰੇਜ਼ਾਂ ਦਾ ਗ਼ੁਲਾਮ ਸੀ। ਉਤੋਂ ਦੂਜੀ ਵਿਸ਼ਵ ਜੰਗ ਲੱਗੀ ਹੋਈ ਸੀ। ਕਿਸਾਨੀ ਦਾ ਬੁਰਾ ਹਾਲ ਸੀ। ਉਹਦਾ ਬਾਬਾ ਹਰਨਾਮ ਸਿੰਘ 1944-45 ਵਿਚ ਪਰਿਵਾਰ ਸਮੇਤ ਕੁੰਭੜਵਾਲ ਤੋਂ ਉੱਠ ਕੇ ਭੀਖੀ ਨੇੜੇ ਪਿੰਡ ਕਿਸ਼ਨਗੜ੍ਹ ਫਰਵਾਹੀ ਜਾ ਬੈਠਾ ਸੀ। ਅਜਮੇਰ ਸਿੰਘ ਕਿਸ਼ਨਗੜ੍ਹ ਫਰਵਾਹੀ ਤੋਂ ਚਾਰ, ਭੀਖੀ ਤੋਂ ਦਸ ਤੇ ਪੰਜਾਬੀ ਯੂਨੀਵਰਸਿਟੀ ਪਟਿਆਲੇ ਤੋਂ ਐਮ. ਏ. ਕਰ ਕੇ 1965 ਤੋਂ 20000 ਤਕ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਚ ਪੰਜਾਬੀ ਦਾ ਲੈਕਚਰਾਰ ਰਿਹਾ ਅਤੇ ਉਥੇ ਹੀ ਆਪਣਾ ਘਰ ਪਾ ਲਿਆ। ਉਥੇ ਹੀ ਉਹ ਨਾਟਕਕਾਰ, ਪ੍ਰੋਡਿਊਸਰ, ਡਾਇਰੈਕਟਰ ਤੇ ਅਦਾਕਾਰ ਬਣਿਆ ਅਤੇ ਆਪਣੀ ਪਤਨੀ ਮਨਜੀਤ ਕੌਰ ਤੇ ਤਿੰਨੇ ਧੀਆਂ ਨੂੰ ਅਦਾਕਾਰ ਬਣਾਇਆ। ਉਥੇ ਹੀ ਉਸ ਨੇ 1976 ਵਿਚ ਲੋਕ ਕਲਾ ਮੰਚ ਮਾਨਸਾ ਦੀ ਸਥਾਪਨਾ ਕੀਤੀ। ਘਰ ਤੋਂ ਬਿਨਾਂ ਉਹਦੀ ਕੋਈ ਜ਼ਮੀਨ ਜਾਇਦਾਦ ਨਹੀਂ ਸੀ। ਨਿਮਨ ਕਿਸਾਨੀ ਦਾ ਦੁੱਖ-ਦਰਦ ਉਸ ਨੇ ਆਪਣੇ ਹੱਡੀਂ ਹੰਢਾਇਆ ਸੀ।



ਸਵਰਗੀ ਅਜਮੇਰ ਸਿੰਘ ਔਲਖ

ਉਹ 2008 ਤੋਂ ਨਾਮੁਰਾਦ ਬਿਮਾਰੀ ਕੈਂਸਰ ਵਿਰੁੱਧ ਜੂਝਦਾ ਆ ਰਿਹਾ ਸੀ। ਕਦੇ ਮਾਨਸਾ, ਕਦੇ ਦਿੱਲੀ, ਕਦੇ ਫਰੀਦਕੋਟ ਤੇ ਕਦੇ ਫੋਰਟਿਸ ਹਸਪਤਾਲ ਮੁਹਾਲੀ ਵਿਚ ਉਹਦਾ ਇਲਾਜ ਹੁੰਦਾ ਰਿਹਾ। ਮਹਿੰਗੇ ਇਲਾਜ 'ਤੇ ਲੱਖਾਂ ਰੁਪਏ ਲੱਗੇ, ਜਿਸ ਵਿਚ ਸੰਗੀਆਂ ਸਾਥੀਆਂ ਤੇ ਸਰਕਾਰ ਨੇ ਪਰਿਵਾਰ ਦੀ ਬਣਦੀ ਸਰਦੀ ਮਾਇਕ ਮਦਦ ਕੀਤੀ। ਵਿਚ ਵਿਚਾਲੇ ਉਹ ਕੁਝ ਠੀਕ ਵੀ ਹੋ ਜਾਂਦਾ ਰਿਹਾ ਪਰ ਆਖ਼ਰ 15 ਜੂਨ 2017 ਦੇ ਵੱਡੇ ਤੜਕੇ ਉਹਦਾ ਦੇਹਾਂਤ ਹੋ ਗਿਆ।

ਕੈਂਸਰ ਫੇਫੜਿਆਂ ਵਿਚ ਪਹੁੰਚ ਜਾਣ ਅਤੇ ਆਸ ਮੁੱਕ ਜਾਣ 'ਤੇ 10 ਜੂਨ ਨੂੰ ਮੁਹਾਲੀ ਦੇ ਹਸਪਤਾਲ ਤੋਂ ਉਹਨੂੰ ਮਾਨਸਾ ਆਪਣੇ ਘਰ ਲਿਆਂਦਾ ਗਿਆ ਸੀ ਕਿ ਹੁਣ ਘਰ ਵਿਚ ਹੀ ਸੇਵਾ ਕਰੀਏ। ਜਿਹੜੇ ਹਾਲ-ਚਾਲ ਪੁੱਛਣ ਆਉਂਦੇ ਮੁਸਕਰਾ ਕੇ ਦੱਸਦਾ। ਜਾਂਦੀ ਵਾਰ ਦੀਆਂ ਤਿੰਨ ਇਛਾਵਾਂ ਦੱਸੀਆਂ। ਅਖੇ ਧੀਆਂ ਚਿਖਾ ਨੂੰ ਅਗਨੀ ਲਾਉਣ, ਕਿਸੇ ਧਾਰਮਿਕ ਰਸਮ ਦੀ ਲੋੜ ਨਹੀਂ, ਕੇਵਲ ਸਾਦਾ ਸ਼ਰਧਾਂਜਲੀ ਸਮਾਗਮ ਹੋਵੇ ਜਿਸ ਵਿਚ ਕੁਝ ਇਕ ਸਾਥੀ ਤੇ ਲੇਖਕ ਹੀ ਬੋਲਣ ਅਤੇ ਸਮਾਗਮ ਬੇਲੋੜਾ ਲੰਮਾ ਨਾ ਕੀਤਾ ਜਾਵੇ। ਜੀਵਨ ਸਾਥਣ ਮਨਜੀਤ ਕੌਰ ਦੇ ਵਾਰੇ ਜਾਈਏ ਜਿਹੜੀ ਆਪਣੇ ਜੀਵਨ ਸਾਥੀ ਦਾ ਇਲਾਜ ਕਰਾਉਣ ਲਈ ਉਸ ਨੂੰ ਥਾਂ ਥਾਂ ਲਈ ਫਿਰੀ। ਔਲਖ ਆਪਣੀ ਬਿਮਾਰੀ ਵੱਲੋਂ ਬੇਪਰਵਾਹ ਸੀ, ਉਸ ਨੂੰ ਤਾਂ ਹਰ ਵੇਲੇ ਦੱਬੇ-ਕੁਚਲੇ ਲੋਕਾਂ ਦੇ ਚੰਗੇ ਭਵਿੱਖ ਦੀ ਹੀ ਪਰਵਾਹ ਸੀ। ਦਵਾਈਆਂ ਦੇਣ ਦੀ ਪਰਵਾਹ ਪਤਨੀ ਨੂੰ ਹੀ ਕਰਨੀ ਪੈਂਦੀ ਸੀ। ਉਹ ਅਕਸਰ ਕਹਿੰਦਾ ਸੀ, ਬਿਮਾਰੀ-ਬਮੂਰੀ ਦਾ ਮੈਨੂੰ ਆਪ ਨੀ ਪਤਾ, ਮਨਜੀਤ ਨੂੰ ਪੁੱਛ ਲਓ। ਕੈਂਸਰ ਦਾ ਪਤਾ 2008 ਵਿਚ ਲੱਗਾ ਸੀ, ਕੀ ਪਤਾ ਜੜ੍ਹ ਕਦੋਂ ਦੀ ਲੱਗੀ ਹੋਵੇ? ਉਹ ਤਾਂ ਨਿਉਂ-ਜੜ੍ਹ ਵਰਗੇ ਨਾਟਕ ਖੇਡਣ ਵਿਚ ਹੀ ਮਗਨ ਸੀ। ਉਹ ਆਪਣੇ ਪਿਛੇ ਪਤਨੀ, ਧੀਆਂ, ਜੁਆਈਆਂ ਤੇ ਦੋਹਤੇ ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਿਆ ਹੈ।

ਆਪਣੀ ਸਵੈਜੀਵਨੀ ਦਾ ਨਾਂ ਉਸ ਨੇ 'ਨੰਗਾ ਢਿੱਡ' ਚਿਤਵਿਆ ਸੀ ਜਿਸ ਦੇ ਕੁਝ ਕੁ ਕਾਂਡ ਲਿਖੇ ਗਏ ਜੋ ਜੀਵਨ ਯਾਦਾਂ ਦੀ ਪੁਸਤਕ 'ਭੁੰਨੀ ਹੋਈ ਛੱਲੀ' ਵਿਚ ਛਪੇ ਹਨ। ਜਦੋਂ ਉਹਦਾ ਬਾਬਾ ਕਿਸ਼ਨਗੜ੍ਹ ਫਰਵਾਹੀ ਆਇਆ ਸੀ ਉਦੋਂ ਉਹ ਜਗੀਰਦਾਰਾਂ ਦਾ ਮੁਜ਼ਾਰਾ ਪਿੰਡ ਸੀ। ਪਿੰਡ ਦੀ ਸਾਰੀ ਜ਼ਮੀਨ ਦੇ ਮਾਲਕ ਦੋ ਜਗੀਰਦਾਰ ਸਨ। ਮਾਰੂਸੀ ਤੇ ਗ਼ੈਰ-ਮਾਰੂਸੀ ਕਿਸਾਨ ਉਨ੍ਹਾਂ ਦੇ ਮੁਜਾਰੇ ਬਣ ਕੇ ਖੇਤੀ ਕਰਦੇ ਸਨ। ਹਰਨਾਮ ਸਿੰਘ ਦਾ ਪਰਿਵਾਰ ਇਕ ਜਗੀਰਦਾਰ ਦੀ ਅੱਠ ਕਿੱਲੇ ਜ਼ਮੀਨ ਵਾਹੁਣ ਲੱਗਾ ਸੀ, ਜਿਸ 'ਚੋਂ ਜਗੀਰਦਾਰ ਦੀ ਵਟਾਈ ਦੇ ਕੇ ਪਰਿਵਾਰ ਦਾ ਗੁਜ਼ਾਰਾ ਮਸਾਂ ਚਲਦਾ। ਉਨ੍ਹਾਂ ਦਿਨਾਂ ਵਿਚ ਖੇਤਾਂ ਦੀ ਉਪਜ ਵੀ ਘੱਟ ਹੀ ਹੁੰਦੀ ਸੀ। ਕਿਸੇ ਖੇਤ ਨੂੰ ਪਾਣੀ ਲੱਗਦਾ ਕਿਸੇ ਨੂੰ ਨਹੀਂ ਸੀ ਲਗਦਾ। ਹਰਨਾਮ ਸਿੰਘ ਦੇ ਪਰਿਵਾਰ ਵਿਚ ਦੋ ਪੁੱਤਰ ਤੇ ਅੱਗੋਂ ਉਨ੍ਹਾਂ ਦੀ ਔਲਾਦ ਸੀ। ਅੱਠ ਕਿੱਲਿਆਂ ਵਾਲਾ ਮੁਜ਼ਾਰਾ ਥੁੜ੍ਹਿਆ-ਟੁੱਟਿਆ ਕਿਸਾਨ ਹੀ ਵੱਜਦਾ ਸੀ।

ਕਿਸੇ ਵੀ ਲੇਖਕ ਨੂੰ ਸਮਝਣ ਲਈ ਉਹਦਾ ਪਰਿਵਾਰਕ ਪਿਛੋਕੜ ਜਾਣਨਾ ਜ਼ਰੂਰੀ ਹੁੰਦਾ ਹੈ। ਲੇਖਕ ਦਾ ਬਚਪਨ ਜਨ੍ਹਾਂ ਹਾਲਤਾਂ ਵਿਚ ਦੀ ਗੁਜ਼ਰਿਆ ਹੋਵੇ ਉਨ੍ਹਾਂ ਦਾ ਅਸਰ ਉਹਦੀ ਸ਼ਖ਼ਸੀਅਤ ਅਤੇ ਉਹਦੀ ਸਾਹਿਤਕਾਰੀ 'ਤੇ ਵੀ ਪੈਂਦਾ ਹੈ। ਅਜਮੇਰ ਔਲਖ ਦਾ ਪਛੜੇ ਇਲਾਕੇ ਦੇ ਇਕ ਮੁਜ਼ਾਰਾ ਪਰਿਵਾਰ ਵਿਚ ਜੰਮ ਕੇ ਐਮ.ਏ. ਤਕ ਪੜ੍ਹ ਸਕਣਾ, ਲੈਕਚਰਾਰ ਲੱਗ ਸਕਣਾ ਅਤੇ ਸਫ਼ਲ ਨਾਟਕਕਾਰ ਬਣ ਸਕਣਾ, ਔਲਖ ਦੇ ਕਹਿਣ ਵਾਂਗ 'ਮਹਿਜ਼ ਇਤਫ਼ਾਕ' ਦੀ ਗੱਲ ਹੈ।

ਆਪਣੀ 75 ਸਾਲ ਦੀ ਉਮਰ ਵਿਚੋਂ ਉਸ ਨੇ 50 ਸਾਲ ਪੰਜਾਬੀ ਨਾਟਕ ਤੇ ਰੰਗ ਮੰਚ ਦੇ ਲੇਖੇ ਲਾਏ। ਨਾ ਦਿਨ ਦੇਖਿਆ ਨਾ ਰਾਤ, ਨਾ ਮੀਂਹ ਨਾ ਨ੍ਹੇਰੀ। ਸਦਾ ਚੱਲ ਸੋ ਚੱਲ ਰਹੀ। ਮੈਂ ਉਸ ਨੂੰ ਅਨੇਕੀਂ ਥਾਈਂ ਮਿਲਿਆ, ਕਦੇ ਮਾਨਸਾ, ਕਦੇ ਪਟਿਆਲੇ, ਕਦੇ ਲੁਧਿਆਣੇ, ਕਦੇ ਅੰਮ੍ਰਿਤਸਰ, ਕਦੇ ਲਾਹੌਰ ਜਿਥੇ ਅਸੀਂ ਕਈ ਦਿਨ 'ਕੱਠੇ ਰਹੇ ਤੇ ਕਦੇ ਟਰਾਂਟੋ ਜਿਥੇ ਮੈਂ ਅੱਜ-ਕੱਲ੍ਹ ਰਹਿ ਰਿਹਾਂ। ਜਦ ਉਹਦੇ ਚਲਾਣੇ ਦੀ ਖ਼ਬਰ ਸੁਣੀ ਤਾਂ ਕੁਝ ਪਲ ਮੇਰੇ ਆਉਸਾਨ ਮਾਰੇ ਗਏ ਤੇ ਮੈਂ ਸੁੰਨ ਹੋ ਗਿਆ। ਫਿਰ ਉਸ ਸੋਫੇ 'ਤੇ ਜਾ ਬੈਠਾ ਜਿਥੇ ਔਲਖ ਤੇ ਮਨਜੀਤ ਕੌਰ ਬਹਿ ਕੇ ਗਏ ਸਨ, ਡਾਈਨਿੰਗ ਟੇਬਲ ਦੀ ਉਸ ਕੁਰਸੀ 0ਤੇ ਬੈਠਾ ਜਿਥੇ ਉਹ ਖਾਣਾ ਖਾਂਦੇ ਰਹੇ ਤੇ ਉਸ ਬੈੱਡ 'ਤੇ ਪਿਆ ਸੋਚਦਾ ਰਿਹਾ ਜਿਥੇ ਉਨ੍ਹਾਂ ਵਿਸਰਾਮ ਕੀਤਾ ਸੀ। ਮੈਨੂੰ ਲਾਹੌਰ ਦੀਆਂ ਗੱਲਾਂ ਯਾਦ ਆਈਆਂ, ਨਨਕਾਣਾ ਸਾਹਿਬ ਦੇ ਕੀਤੇ ਦਰਸ਼ਨ ਯਾਦ ਆਏ, ਜੰਡਿਆਲੇ ਸ਼ੇਰ ਖਾਂ ਵਾਰਸ ਸ਼ਾਹ ਦੀ ਮਜਾਰ 'ਤੇ ਸਾਡਾ ਸਿਜਦਾ ਕਰਨਾ ਯਾਦ ਆਇਆ ਅਤੇ ਨੂਰ ਜਹਾਂ ਦਾ ਸਟੂਡੀਊ ਵੇਖਣਾ ਵੀ। ਬੜੀਆਂ ਯਾਦਾਂ ਹਨ ਅਜਮੇਰ ਔਲਖ ਦੀਆਂ। ਉਹ ਗੱਲਾਂ ਕਦੇ ਫੇਰ ਕਰਾਂਗੇ।

# ਪਰਿਵਾਰਵਾਦ 'ਚ ਉਲਝਿਆ ਉਦਾਰਵਾਦੀ ਭਾਰਤ ਦਾ ਸੰਕਲਪ



ਹਰੀਸ਼ ਖਰੇ

ਭਾਰਤ ਵਿਚ ਹੁਣ 2019 ਦੀਆਂ ਚੋਣਾਂ ਬਹੁਤਾ ਦੂਰ ਨਹੀਂ। ਸਾਨੂੰ ਭਾਰਤ ਦੇ ਖ਼ਾਸੇ ਤੇ ਵਿਚਾਰ ਦੀ ਰਾਖੀ ਲਈ ਹਰ ਹਾਲ ਤਿਆਰ ਰਹਿਣਾ ਚਾਹੀਦਾ ਹੈ, ਕਿਉਂਕਿ ਮੌਜੂਦਾ ਸਰਕਾਰ ਉਸ ਦਾ ਖ਼ਾਤਮਾ ਕਰਨ 'ਤੇ ਤੁਲੀ ਹੋਈ ਹੈ।'' ਇਹ ਨਸੀਹਤ ਕੁਝ ਦਿਨ ਪਹਿਲਾਂ ਸ੍ਰੀਮਤੀ ਸੋਨੀਆ ਗਾਂਧੀ ਨੇ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ 'ਚ ਦਿੱਤੀ। ਅਜਿਹਾ ਕਹਿਕੇ ਕਾਂਗਰਸ ਪ੍ਰਧਾਨ ਨੇ ਕਾਂਗਰਸੀਆਂ ਦੇ ਕਮਜ਼ੋਰ ਤੇ ਦੁਰਬਲ ਹੋ ਚੁੱਕੇ ਮੋਢਿਆਂ ਉੱਤੇ ਜ਼ਿੰਮੇਵਾਰੀ ਦਾ ਇੱਕ ਬਹੁਤ ਵੱਡਾ ਬੋਝ ਪਾ ਦਿੱਤਾ ਹੈ। ਇਹ ਬੋਝ ਹੋਰ ਵੀ ਜ਼ਿਆਦਾ ਭਾਰੀ ਇਸ ਕਰਕੇ ਲੱਗ ਰਿਹਾ ਹੈ ਕਿਉਂਕਿ ਕਾਂਗਰਸੀਆਂ ਨੂੰ ਤਾਂ ਇਹ ਪਤਾ ਹੀ ਨਹੀਂ ਕਿ 'ਭਾਰਤ ਦਾ ਵਿਚਾਰ' ਜਾਂ 'ਭਾਰਤ ਦਾ ਸੰਕਲਪ' ਕੀ ਹੈ, ਅਤੇ ਇਸ ਨੂੰ ਬਚਾਉਣ ਲਈ ਲੜਨ ਦੀ ਲੋੜ ਵੀ ਹੈ ਜਾਂ ਨਹੀਂ।

ਕਿਉਂਕਿ ਭਾਰਤ ਦੇ ਭਵਿੱਖ ਬਾਰੇ ਸ੍ਰੀਮਤੀ ਸੋਨੀਆ ਗਾਂਧੀ ਦਾ ਸੂਤਰੀਕਰਨ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਦੇ ਜਿੱਤਣ ਦੇ ਦਾਅਵੇ 'ਤੇ ਅਧਾਰਿਤ ਹੈ, ਇਸ ਲਈ ਕਾਂਗਰਸੀਆਂ ਨੂੰ ਸਮਝ ਹੀ ਨਹੀਂ ਰਹੀ ਕਿ ਉਹ ਕੀ ਕਰਨ। ਕਿਸੇ ਨੇ ਉਨ੍ਹਾਂ ਨੂੰ ਇਹ ਦੱਸਿਆ ਹੀ ਨਹੀਂ ਕਿ ਇੰਨੀ ਵੱਡੀ ਗਿਣਤੀ ਵਿੱਚ ਭਾਰਤ ਦੇ ਲੋਕ ਕਾਂਗਰਸੀK ਉਦਾਰਵਾਦੀK ਧਰਮ-ਨਿਰਪੇਖ ਆਧਾਰ 'ਤੇ ਪਰਿਭਾਸ਼ਿਤ ਵਿਚਾਰ ਤੋਂ ਲਾਂਭੇ ਕਿਉਂ ਹੋ ਗਏ ਹਨ। ਚੋਣਾਂ ਵਿੱਚ ਕਰਾਰੀ ਹਾਰ ਦੇ ਤਿੰਨ ਸਾਲ ਬਾਅਦ ਵੀ ਕਾਂਗਰਸੀਆਂ ਨੂੰ ਵਿਅਕਤੀਗਤ ਤੇ ਸਮੂਹਿਕ ਤੌਰ 'ਤੇ ਹਾਲੇ ਤਕ ਇਹੋ ਪਤਾ ਨਹੀਂ ਲੱਗ ਸਕਿਆ ਕਿ ਸਾਲ 2014 'ਚ ਪਾਰਟੀ ਨੇ ਕਿੱਥੇ ਖ਼ਤਾ ਖਾਧੀ ਅਤੇ ਆਖ਼ਿਰ ਉਹ ਚੁਣਾਵੀ ਖੇਡ ਹਾਰ ਕਿਉਂ ਗਈ ਸੀ।

ਕਾਂਗਰਸੀਆਂ ਤੇ ਹੋਰਨਾਂ ਦਾ ਨਾ ਤਾਂ ਨਰਿੰਦਰ ਮੋਦੀ ਦੀ ਨਿੰਦਾ ਕਰ ਕੇ ਕੁਝ ਬਣਨਾ ਹੈ ਤੇ ਨਾ ਹੀ ਉਨ੍ਹਾਂ ਨੂੰ ਇਸ ਆਸ ਨਾਲ ਜਿਊਣਾ ਚਾਹੀਦਾ ਹੈ ਕਿ ਛੇਤੀ ਹੀ ਜਾਂ ਕਦੇ ਨਾ ਕਦੇ ਤਾਂ ਲੋਕ ਭਾਜਪਾ ਤੋਂ ਵੀ ਅੱਕ ਜਾਣਗੇ। ਨਵੀਂ ਦਿੱਲੀ ਵਿੱਚ ਸੰਘ ਪਰਿਵਾਰ ਦੇ ਪਰਛਾਵੇਂ ਦੀ ਲੰਬੀ ਹੁੰਦੀ ਜਾ ਰਹੀ ਮੌਜੂਦਗੀ ਦੇ ਮੱਦੇਨਜ਼ਰ ਆਮ ਵੋਟਰ ਦੀ ਸਮਝ ਉੱਤੇ ਇਹ ਭਰੋਸਾ ਰੱਖਣਾ ਵੀ ਕੋਈ ਬਹੁਤੀ ਹਕੀਕੀ ਗੱਲ ਨਹੀਂ ਹੈ ਕਿ ਉਹ ਛੇਤੀ ਹੀ ਸੰਘ ਪਰਿਵਾਰ ਦੀ ਖੇਡ ਸਮਝ ਜਾਏਗਾ। ਉਨ੍ਹਾਂ ਨੂੰ ਇੱਕ ਹਕੀਕਤ ਭੁੱਲਣੀ ਨਹੀਂ ਚਾਹੀਦੀ: ਮੋਦੀ ਸਰਕਾਰ ਪੂਰੀ ਸਥਿਰਤਾ ਨਾਲ ਦ੍ਰਿੜ੍ਹ, ਉਤਸ਼ਾਹੀ ਤੇ ਊਰਜਾ ਨਾਲ ਭਰਪੂਰ ਹੈ। ਇਸ ਸਰਕਾਰ ਦੇ ਅੰਦਰ ਹਾਲੇ ਤਕ ਆਪਣੀ ਸਿਆਸੀ ਦਿਆਨਤਦਾਰੀ ਜਾਂ ਚੋਣਾਂ ਵਿੱਚ ਆਪਣੀ ਅਜਿੱਤਤਾ ਜਾਂ ਆਪਣੇ ਰਹਿਨੁਮਾ ਦੀਆਂ ਜੱਗ-ਭਰਮਾਊ ਖ਼ੂਬੀਆਂ ਪ੍ਰਤੀ ਕੋਈ ਆਤਮ-ਸ਼ੰਕਾ ਅਜੇ ਤਕ ਵਜੂਦ ਵਿੱਚ ਨਹੀਂ ਆਇਆ।

ਇਸ ਸਭ ਦੇ ਬਾਵਜੂਦ ਸ੍ਰੀਮਤੀ ਸੋਨੀਆ ਗਾਂਧੀ ਵੀ ਪੂਰੀ ਤਰ੍ਹਾਂ ਗ਼ਲਤ ਨਹੀਂ ਹਨ; ਭਾਰਤ ਦੇ ਖ਼ਾਸੇ ਨੂੰ ਬਚਾਉਣ ਲਈ ਲੜਨਾ ਕੋਈ ਬੁਰੀ ਗੱਲ ਨਹੀਂ, ਇਹ ਲੜਾਈ ਲੜੀ ਜਾ ਸਕਦੀ ਹੈ ਅਤੇ ਇਹ ਵਧੀਆ ਤੇ ਸ਼ਾਨਦਾਰ ਜੰਗ ਹੋਵੇਗੀ। ਪਰ ਨਾਲ ਹੀ ਇਸ ਸੁਆਲ 'ਤੇ ਵਿਚਾਰ ਕਰਨ ਦੀ ਲੋੜ ਹੈ ਕਿ ਕੀ ਕਾਂਗਰਸ ਇਹ ਜੰਗ ਲੜਨ ਦੇ ਯੋਗ ਹੋਵੇਗੀ। ਅਤੇ ਇਸ ਦੇ ਨਾਲ ਹੀ ਜੁੜਿਆ ਇੱਕ ਪ੍ਰਸ਼ਨ ਇਹ ਵੀ ਹੈ: ਭਾਰਤੀ ਖ਼ਾਸਾ ਜਾਂ 'ਭਾਰਤ ਦਾ ਵਿਚਾਰ' ਕੀ ਹੈ? ਇਹ ਤੱਤ ਬਹੁਗਿਣਤੀ ਭਾਰਤੀਆਂ ਨੂੰ ਬੇਹਾ ਜਿਹਾ ਕਿਉਂ ਜਾਪਦਾ ਹੈ? ਇਹ ਖ਼ਾਸਾ ਇਨ੍ਹਾਂ ਭਾਰਤੀਆਂ ਨੂੰ ਲੁਭਾਉਂਦਾ ਕਿਉਂ ਨਹੀਂ?

'ਭਾਰਤ ਦਾ ਵਿਚਾਰ' ਜਾਂ ਭਾਰਤ ਦਾ ਖ਼ਾਸਾ ਹਰ ਤਰ੍ਹਾਂ ਜਵਾਹਰਲਾਲ ਨਹਿਰੂ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਨੇ ਬਹੁਤ ਹੀ ਸ਼ਾਨਦਾਰ ਤੇ ਸ਼ਿਸ਼ਟ ਤਰੀਕੇ ਨਾਲ ਇਸ ਨੂੰ ਜਲੌਅ ਬਖ਼ਸ਼ਿਆ ਸੀ; ਉਦੋਂ ਇਸ ਖ਼ਾਸੇ ਨਾਲ ਬਹੁਤ ਕੁਝ ਬੌਧਿਕ ਤੇ ਵਿਦਵਤਾਪੂਰਨ ਜੁੜਿਆ ਹੋਇਆ ਸੀ। 'ਭਾਰਤ ਦਾ ਵਿਚਾਰ' ਦਰਅਸਲ ਇੱਕ ਕੋਡ-ਸ਼ਬਦ ਹੈ, ਜਿਸ ਨੂੰ ਅਸੀਂ 'ਨਹਿਰੂ ਯੁੱਗ ਦੀ ਆਮ ਸਹਿਮਤੀ' ਵਜੋਂ ਜਾਣਦੇ ਹਾਂ, ਜੋ ਪੂਰੀ ਤਰ੍ਹਾਂ ਸੰਵਿਧਾਨ ਦੀ ਭਾਵਨਾ ਅਨੁਸਾਰ ਸੀ ਅਤੇ ਇਹ ਆਧੁਨਿਕ ਭਾਰਤ ਦੇਸ਼ ਦੀ ਸਿਰਜਣਾ ਤੇ ਸੰਗਠਨ ਦੇ ਸਿਧਾਂਤ ਮੁਤਾਬਿਕ ਵੀ ਹੈ। ਇਹ ਸਿਧਾਂਤ ਮਨੁੱਖਤਾਵਾਦੀ, ਪ੍ਰਗਤੀਸ਼ੀਲ ਤੇ ਸਮਾਨਤਾ ਵਾਲੀ ਸਮਾਜਿਕ ਵਿਵਸਥਾ ਕਾਇਮ ਕਰਨ ਦਾ ਵਾਅਦਾ ਕਰਦਾ ਹੈ। 'ਭਾਰਤ ਦੇ ਵਿਚਾਰ' ਨੂੰ ਅਹਿਮ ਤੇ ਸਮੁੱਚੀ ਪ੍ਰਵਾਨਗੀ ਇਸ ਕਰਕੇ ਮਿਲ ਗਈ ਕਿਉਂਕਿ ਇਹ ਅਜਿਹੇ ਸਿਧਾਂਤਾਂ, ਵਿਸ਼ਵਾਸਾਂ, ਵਿਚਾਰਾਂ ਤੇ ਆਦਰਸ਼ਾਂ ਦਾ ਇੱਕ ਸੰਗ੍ਰਹਿ ਹੈ; ਜਿਹੜੇ ਬਰਤਾਨਵੀ ਬਸਤੀਵਾਦੀ ਹਕੂਮਤ ਵਿਰੁੱਧ ਆਜ਼ਾਦੀ ਦੇ ਸੰਘਰਸ਼ ਦੌਰਾਨ ਉਲੀਕੇ ਅਤੇ ਮਜ਼ਹਬੀ ਅਕੀਦਿਆਂ ਵਾਂਗ ਅਪਣਾਏ ਗਏ ਸਨ।

ਇਹ ਨਹਿਰੂ ਹੀ ਸਨ, ਜਿਨ੍ਹਾਂ ਨੇ 'ਭਾਰਤ ਦੇ ਖ਼ਾਸੇ' ਦੀ ਵਿਚਾਰਧਾਰਕ ਉੱਚਤਾ-ਸੁੱਚਤਾ ਕਾਇਮ ਕਰਨ ਵਿੱਚ ਆਪਣੀਆਂ ਬੌਧਿਕ, ਸਿਆਸੀ, ਨਿੱਜੀ ਤੇ ਪ੍ਰਸ਼ਾਸਕੀ ਸਭ ਤਾਕਤਾਂ ਲਾ ਦਿੱਤੀਆਂ ਸਨ: ਇਸੇ ਮਿਹਨਤ ਦੀ ਬਦੌਲਤ ਹੀ ਇਹ ਖ਼ਾਸਾ, ਇਹ ਵਿਚਾਰ ਭਾਰਤੀ ਸੋਚ ਤੇ ਸੁਹਜ ਵਿੱਚ ਸਹਿਜੇ ਹੀ ਸਮਾਅ ਗਿਆ। ਅਜਿਹਾ ਇਸ ਕਰਕੇ ਵੀ ਸੀ ਕਿਉਂਕਿ ਇਹ ਮਹਿਜ਼ ਕਾਂਗਰਸ ਦੀ ਸਿਆਸੀ ਸਰਦਾਰੀ ਜਾਂ ਨਹਿਰੂ ਦੀ ਕ੍ਰਿਸ਼ਮਈ ਮੌਜੂਦਗੀ ਉੱਤੇ ਨਹੀਂ ਸਗੋਂ ਸਮਾਜਿਕ ਆਮ-ਸਹਿਮਤੀ ਦੇ ਸੰਕਲਪ ਉੱਤੇ ਆਧਾਰਿਤ ਸੀ। ਕਾਂਗਰਸ ਦੇ ਉੱਚ ਆਗੂਆਂ ਨੇ ਇਸ ਨੂੰ ਅੰਤਿਮ ਰੂਪ ਦਿੱਤਾ ਸੀ ਤੇ ਉੱਚ-ਪੱਧਰ ਦੇ ਵਿਸ਼ਵਾਸ ਤੇ ਸਤਿਕਾਰ ਦੇ ਆਧਾਰ ਉੱਤੇ ਇੱਕਜੁਟਤਾ ਨਾਲ ਇਸ ਦਾ ਪ੍ਰਚਾਰ ਤੇ ਪਾਸਾਰ ਕੀਤਾ ਗਿਆ ਸੀ। ਅਤੇ, ਇਹ ਸਭ ਇੱਕ ਵਿਵਸਥਾ ਤੇ ਸਥਿਰਤਾ ਦੀ ਭਾਵਨਾ ਲਿਆਉਣ ਦੀ ਖ਼ੁਸ਼ੀ ਤੇ ਤਸੱਲੀ 'ਚੋਂ ਉਪਜਿਆ ਸੀ। ਵਿਵਸਥਾ ਤੇ ਸਥਿਰਤਾ ਵਾਲੀ ਭਾਵਨਾ ਜ਼ਰੂਰੀ ਵੀ ਸੀ ਕਿਉਂਕਿ ਇਹ ਸਾਰੀਆਂ ਗੱਲਾਂ ਸਦੀਆਂ ਤੋਂ ਸਾਡੀ ਪ੍ਰਾਚੀਨ ਮਾਤਭੂਮੀ ਤੋਂ ਦੂਰ ਹੀ ਰਹੀਆਂ ਸਨ।

ਸਾਰੀਆਂ ਵਿਚਾਰਧਾਰਕ ਧਾਰਨਾਵਾਂ ਵਾਂਗ 'ਭਾਰਤ ਦੇ ਵਿਚਾਰ' ਦੇ ਵੀ ਖੱਬੇ ਤੇ ਸੱਜੇ ਆਲੋਚਕ ਹੁੰਦੇ ਸਨ। ਜਦੋਂ ਇਹ ਲੱਗਣ ਲੱਗਾ ਕਿ ਇਸ ਦੀ ਚਮਕ ਤੇ ਦਿਸ਼ਾ ਗੁਆਚਣ ਲੱਗ ਪਈ ਹੈ; ਤਾਂ ਇੰਦਰਾ ਗਾਂਧੀ ਨੇ ਇਸ ਨੂੰ ਨਵਾਂ ਰੂਪ ਦੇ ਦਿੱਤਾ ਸੀ; ਰਾਜੀਵ ਗਾਂਧੀ ਅਧੀਨ ਇਹ ਸੁੰਗੜ ਕੇ ਤਕਨਾਲੋਜੀਕਲ ਯੋਜਨਾਵਾਂ ਤਕ ਸੀਮਤ ਹੋ ਕੇ ਰਹਿ ਗਿਆ ਸੀ। ਰਾਜੀਵ ਨੇ ਸਮਾਜ ਤੇ ਦੇਸ਼ ਦੇ ਬੁਨਿਆਦੀ ਮਸਲੇ ਹੱਲ ਕਰਨ ਲਈ ਗ਼ੈਰ-ਸਿਆਸੀ ਮਾਹਿਰਾਂ ਉੱਤੇ ਭਰੋਸਾ ਕਰਨਾ ਵਾਜਬ ਸਮਝਿਆ ਸੀ। ਇੱਕ ਵਾਰ ਤਾਂ ਇਹੋ ਪ੍ਰਭਾਵ ਬਣਿਆ ਸੀ ਕਿ ਭਾਰਤ ਇਸ ਨੌਜਵਾਨ, ਤੇ ਬਹੁਤ ਨਾਤਜਰ-ਬੇਕਾਰ, ਆਗੂ ਦੀ ਅਗਵਾਈ ਹੇਠ '21ਵੀਂ ਸਦੀ' ਵਿੱਚ ਅਵੱਸ਼ ਪ੍ਰਵੇਸ਼ ਕਰੇਗਾ।

ਕਾਂਗਰਸ ਪਾਰਟੀ ਨੇ ਖ਼ੁਦ ਨੂੰ 'ਭਾਰਤ ਦੇ ਵਿਚਾਰ' ਜਾਂ ਖ਼ਾਸੇ ਦੇ ਪਾਸਾਰ ਲਈ ਇੱਕ ਅਧਿਕਾਰਤ ਵਸੀਲਾ ਜਾਂ ਔਜ਼ਾਰ ਮੰਨ ਲਿਆ ਸੀ। ਜਦੋਂ ਤਕ ਇੰਦਰਾ ਗਾਂਧੀ ਜੀਵਿਤ ਸੀ, ਕਾਂਗਰਸੀ ਆਗੂ ਅਜਿਹੇ ਵਿਚਾਰਾਂ ਤੇ ਵਿਚਾਰਧਾਰਾ ਨਾਲ ਲੈਸ ਹੋਣਾ ਵਾਜਬ ਸਮਝਦੇ ਸਨ; ਉਹ ਇਹ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਨੂੰ ਕੋਈ ਨਾ ਕੋਈ ਸਟੈਂਡ ਲੈਣਾ ਹੀ ਪਵੇਗਾ, ਉਨ੍ਹਾਂ ਨੂੰ ਕਿਸੇ ਚੀਜ਼ ਦੇ ਹੱਕ ਤੇ ਕਿਸੇ ਚੀਜ਼ ਦੇ ਖ਼ਿਲਾਫ਼ ਸਟੈਂਡ ਲੈਣਾ ਹੋਵੇਗਾ। ਕਾਂਗਰਸ ਪਾਰਟੀ ਸਿਆਸੀ ਅਰਥ-ਵਿਵਸਥਾ ਦੀਆਂ ਮੰਗਾਂ ਪ੍ਰਤੀ ਉਦਾਸੀਨ ਨਹੀਂ ਸੀ ਰਹਿ ਸਕਦੀ; ਇਸ ਨੇ ਦੇਸ਼-ਵਿਦੇਸ਼ ਵਿੱਚ ਖ਼ੁਦ ਨੂੰ ਆਪਣੇ ਦੁਸ਼ਮਣਾਂ ਰਾਹੀਂ ਪਰਿਭਾਸ਼ਿਤ ਕੀਤਾ। ਅਕਤੂਬਰ 1984 'ਚ ਇੰਦਰਾ ਗਾਂਧੀ ਦੀ ਹੱਤਿਆ ਤੇ ਉਸ ਤੋਂ ਬਾਅਦ ਰਾਜੀਵ ਗਾਂਧੀ ਦਾ ਉਨ੍ਹਾਂ ਦੇ ਜਾਨਸ਼ੀਨ ਵਜੋਂ ਦੇਸ਼ ਦੀ ਵਾਗਡੋਰ ਨੂੰ ਸੰਭਾਲਣ ਤੇ ਫਿਰ ਦਸੰਬਰ 1984 ਦੀਆਂ ਚੋਣਾਂ 'ਚ ਭਾਰੀ ਜਿੱਤ ਨੇ ਕਾਂਗਰਸ ਨੂੰ ਮੁੜ ਇੱਕ ਪਰਿਵਾਰਕ ਜਥੇਬੰਦੀ ਵਿੱਚ ਤਬਦੀਲ ਕਰ ਕੇ ਰੱਖ ਦਿੱਤਾ। ਇਸ ਦੇ ਨਾਲ ਹੀ 'ਭਾਰਤ ਦਾ ਵਿਚਾਰ' ਕਿਤੇ ਨਾ ਕਿਤੇ 'ਪਰਿਵਾਰ ਦੇ ਵਿਚਾਰ' ਨਾਲ ਰਲਗੱਡ ਹੋਣ ਲੱਗਾ। ਇੰਜ 'ਭਾਰਤ ਦਾ ਵਿਚਾਰ' ਨਿੱਤ ਕਮਜ਼ੋਰ ਹੀ ਹੁੰਦਾ ਚਲਾ ਗਿਆ ਅਤੇ ਉਸ ਲਈ ਚੁਣੌਤੀਆਂ ਉੱਭਰਨ ਲੱਗੀਆਂ।

'ਪਰਿਵਾਰ ਦਾ ਵਿਚਾਰ' ਕਾਂਗਰਸ ਉੱਤੇ ਪਰਿਵਾਰ ਦੇ ਕੰਟਰੋਲ ਨਾਲ ਸਥਾਪਤ ਹੁੰਦਾ ਹੈ। ਦਰਅਸਲ, ਇਹ ਪਾਰਟੀ ਵੱਲੋਂ ਅਧਿਕਾਰਤ ਤੌਰ ਉੱਤੇ ਪ੍ਰਾਯੋਜਿਤ ਧਾਰਨਾ ਹੈ ਕਿ ਇੱਕ ਪਰਿਵਾਰ ਵਿਸ਼ੇਸ਼ ਤੋਂ ਬਿਨਾਂ ਕਾਂਗਰਸ ਖ਼ਤਮ ਹੋ ਜਾਵੇਗੀ। ਇਹ ਇੱਕ ਅਜਿਹਾ ਪ੍ਰਪੰਚ ਹੈ, ਜੋ ਪਰਿਵਾਰ ਤੇ ਕਾਂਗਰਸੀਆਂ ਦੋਵਾਂ ਲਈ ਸੁਵਿਧਾਜਨਕ ਹੈ। ਇਸ ਪ੍ਰਪੰਚ ਨਾਲ ਵੀ ਚਾਲਾਂ ਚੱਲੀਆਂ ਜਾ ਸਕਦੀਆਂ ਸਨ ਤੇ ਨਵਾਂ ਭਰਮ ਉਭਾਰਿਆ ਜਾ ਸਕਦਾ ਸੀ। ਪਰ ਉਸ ਨਾਲ ਸਿਆਸਤ ਲਈ ਇੱਕੋ ਪਰਿਵਾਰ ਦੀ ਹੱਕਦਾਰੀ ਦੀ ਭਾਵਨਾ ਤੇ ਕੰਟਰੋਲ ਕਾਰਨ ਜਨਤਕ ਉਦੇਸ਼ ਅਤੇ ਸੇਵਾ ਲਾਂਭੇ ਹੋ ਗਏ। ਇਸ ਪ੍ਰਕਿਰਿਆ ਦੌਰਾਨ 'ਭਾਰਤ ਦੇ ਵਿਚਾਰ' ਨੂੰ ਦੁਰਬਲ ਬਣਾਉਣ ਵਿੱਚ ਕਾਂਗਰਸ ਹੀ ਵੱਡੀ ਭੂਮਿਕਾ ਨਿਭਾਉਣ ਲੱਗ ਪਈ।

ਹੁਣ ਕਿਉਂਕਿ 'ਪਰਿਵਾਰ ਦੇ ਵਿਚਾਰ' ਨੇ ਕਾਂਗਰਸ ਪਾਰਟੀ ਨੂੰ ਪੂਰੀ ਗ੍ਰਿਫ਼ਤ ਵਿੱਚ ਲਿਆ ਹੋਇਆ ਹੈ, ਇਸੇ ਕਰਕੇ ਦੋ ਇਤਿਹਾਸਕ ਤਬਦੀਲੀਆਂ ਭਾਵ ਦੇਸ਼ ਵਿੱਚ 1991 ਦੇ 'ਆਰਥਿਕ ਸੁਧਾਰ' ਅਤੇ ਵਿਦੇਸ਼ ਵਿੱਚ '9K11' ਤੋਂ ਬਾਅਦ ਦੇ ਯੁੱਗ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ

(ਬਾਕੀ ਸਫਾ 22 ਤੇ)

# ਮਾਵਾਂ ਦੇ ਪਰਛਾਵੇਂ ਵਾਲਾ ਦੇਸ (ਪੰਜਾਬ)



Balbir Singh M.A.
Tel : 510-938-7771

ਜੈਪੁਰ ਸ਼ਹਿਰ ਵਿਚ ਇੰਨਾ ਕੁਝ ਵੇਖਣ ਨੂੰ ਹੈ ਕਿ ਤੁਸੀਂ ਥੱਕ ਜਾਓਗੇ ਪਰ ਉਥੇ ਵੇਖਣ ਵਾਲੀਆਂ ਥਾਵਾਂ ਨਹੀਂ ਮੁੱਕਦੀਆਂ। ਮੈਂ ਤੇ ਮੇਰੀ ਸੁਪਤਨੀ ਨੇ ਥਾਵਾਂ ਦੇਖਦੇ-ਦੇਖਦੇ ਸਵਾਏ ਮਾਧੋ ਸਿੰਘ ਦੇ ਕਿਲੇ ਨੁਮਾ ਮਹਿਲ ਨੂੰ ਵੇਖਣ ਗਏ। ਸਾਡੇ ਗਾਈਡ ਨੇ ਸਾਡੇ ਵਾਸਤੇ 200 ਰੁਪਏ ਟਿਕਟਾਂ ਲਿਆਉਣ ਲਈ ਮੇਰੇ ਕੋਲੋਂ 400 ਰੁਪਏ ਦੋਵਾਂ ਲਈ ਮੰਗੇ ਤੇ ਜੋ ਗਾਈਡ ਨਾਲ ਜਾਂਦਾ ਹੈ, ਉਸਦੀ ਟਿਕਟ ਨਹੀਂ ਹੁੰਦੀ, ਉਹ ਮੁਫਤ ਤੁਹਾਡੇ ਨਾਲ ਅੰਦਰ ਜਾ ਸਕਦਾਹੈ ਤੇ ਕਮਾਲ ਦੀ ਗੱਲ ਇਹ ਹੈ ਕਿ ਜਿਸ ਜਗ੍ਹਾ ਨੂੰ ਵੀ ਵਿਖਾਉਣ ਉਹ ਗਾਈਡ ਸਾਨੂੰ ਲੈ ਕੇ ਗਿਆ, ਉਹ ਜਗ੍ਹਾ ਬਾਰੇ ਬਹੁਤ ਹੀ ਜਾਣਕਾਰੀ ਰੱਖਦਾ ਸੀ ਤੇ ਉਸਦਾ ਮਨ ਹੁੰਦਾ ਸੀ ਕਿ ਹਰ ਚੀਜ਼ ਉਹ ਸਾਨੂੰ ਦੱਸ ਦੇਵੇ।

ਉਸ ਮਹਿਲ ਦੇ ਅੰਦਰ ਜਾ ਕੇ ਜਿਸ ਬਹੁਤ ਵੱਡੇ ਕਮਰੇ ਨੁਮਾ ਸ਼ੋਅਰੂਮ ਵਿਚ ਅਸੀਂ ਪਹੁੰਚੇ, ਉਥੇ ਟੰਗੇ ਹੋਏ ਕੰਧਾਂ ਵਿਚ ਸ਼ੀਸ਼ਿਆਂ 'ਚ ਜੜੇ ਹੋਏ ਉਹ ਲਿਬਾਸ ਜੋ ਰਾਜੇ ਪਹਿਨਦੇ ਸੀ, ਉਹ ਰੱਖੇ ਹੋਏ ਹਨ। ਸਿਵਾਏ ਮਾਧੋ ਸਿੰਘ ਦਾ ਭਾਰ 250 ਕਿਲੋ ਸੀ ਅਤੇ ਉਹਨਾਂ ਦਾ ਪਾਉਣ ਵਾਲਾ ਪਿਆ ਚੋਲਾਨੁਮਾ ਸ਼ਾਹੀ ਪੁਸ਼ਾਕ ਇੰਨਾ ਮਹਿੰਗਾ ਹੋਵੇਗਾ ਕਿ 9 ਕਿਲੋ ਦਾ ਸੋਨਾ ਜੜਿਆ ਹੋਇਆ ਹੈ ਤੇ ਸੋਨੇ ਦੀ ਜੜਾਈ-ਜਰੀ ਤਕਰੀਬਨ 7 ਕਿਲੋ ਭਾਰ ਦੀ ਹੈ। ਸਿਵਾਏ ਮਾਧੋ ਸਿੰਘ (ਦੂਜੇ) ਜੋ 1922-1970 ਤੱਕ ਜ਼ਿੰਦਗੀ ਜਿਉਂ ਕੇ ਗਏ।

ਇਕ ਖਾਸ ਗੱਲ ਹੈ ਜੈਪੁਰ ਦੇ ਤਖਤੋ ਤਾਜ਼ ਦੇ ਜਿੰਨੇ ਵੀ ਰਾਜੇ ਬਣੇ ਤਕਰੀਬਨ ਸਾਰੇ ਦੇ ਸਾਰੇ ਗੋਦ ਲਏ ਹੋਏ ਸਨ। ਇਹ ਸਭ ਮੁਬਾਰਕ ਮਹੱਲ ਟੈਕਸਟਾਈਲ ਗੈਲਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਥੇ ਬਹੁਤ ਹੀ ਮਹਿੰਗੇ-ਮਹਿੰਗੇ ਪਹਿਨਣ ਵਾਲੇ ਕੱਪੜੇ ਪਏ ਹਨ ਜੋ ਸ਼ਾਇਦ ਸਧਾਰਨ ਇਨਸਾਨ ਦੀ ਸੋਚ ਤੋਂ ਬਾਹਰ ਹਨ।

ਉਸੇ ਮਹਿਲ ਵਿਚ ਖੱਬੇ ਪਾਸੇ ਇਕ ਬਹੁਤ ਵੱਡਾ ਲੰਘ ਕੇ ਜੋ ਅੱਜਕਲ੍ਹ ਰਾਜਾ ਚੁਣਿਆ ਹੋਇਆ, ਉਹ ਇੰਗਲੈਂਡ ਵਚ ਪੜ੍ਹਦਾ 24-25 ਸਾਲ ਦੀ ਉਮਰ ਹੈ, ਪਿਛਲੇ ਸਾਲ ਦਸੰਬਰ 2016 ਵਿਚ ਉਹ ਜੈਪੁਰ ਆਪਣੇ ਮਹਿਲ ਵਿਚ ਆਇਆ ਹੋਇਆ। ਸਾਨੂੰ ਸਾਡੇ ਗਾਈਡ ਕੋਲੋਂ ਪਤਾ ਲੱਗਾ ਕਿ ਜੇ ਤੁਸੀਂ ਹੁਣ ਭਾਵੇਂ ਉਹ ਨਾਮ ਦਾ ਰਾਜਾ ਹੈ, ਮਿਲਣਾ ਹੈ ਤਾਂ ਦੋ ਹਜ਼ਾਰ ਰੁਪਏ ਦੀ ਟਿਕਟ ਲੈਣੀ ਪਵੇਗੀ। ਭਾਵੇਂ ਉਹ ਤੁਹਾਡੇ ਨਾਲ ਬੋਲੇ ਜਾਂ ਨਾ ਪਰ ਦਿਖਾਈ ਦੇ ਜਾਵੇਗਾ। ਮੈਂ ਸੋਚਿਆ ਫਿਰ ਕੀ ਫਾਇਦਾ ਇੰਨੇ ਪੈਸੇ ਦੇ ਕੇ ਵੀ ਸਿਰਫ ਰਾਜਾ ਵੇਖਣ ਨੂੰ ਹੀ ਇੰਨੇ ਪੈਸੇ ਦੇਣੇ ਪੈਣੇ ਸਨ। ਸਾਫ ਜ਼ਾਹਿਰ ਹੁੰਦਾ ਸੀ ਕਿ ਰਾਜਿਆਂ ਦੇ ਪ੍ਰੀਵੀ ਪਰਸ ਬੰਦ ਹੋਣ ਤੋਂ ਮਗਰੋਂ ਉਹਨਾਂ ਕੋਲ ਪੈਸੇ ਹੀ ਨਹੀਂ ਕਿ ਉਹਨਾਂ ਦੀ ਜ਼ਿੰਦਗੀ ਚੰਗੀ ਕੱਟੀ ਜਾਵੇ ਪਰ ਮੈਂ ਹਾਮੀ ਨਹੀਂ ਭਰੀ ਕਿ ਮੈਂ ਹੁਣ ਕਿਸੇ ਅੱਜ ਦੇ ਰਾਜੇ ਨੂੰ ਨਹੀਂ ਵੇਖਣਾ।

ਕਿਉਂਕਿ ਹੁਣ ਸਾਰਾ ਕੁਝ ਸਰਕਾਰ ਨੇ ਆਪਣੇ ਕਬਜੇ 'ਚ ਰੱਖਿਆ ਹੋਇਆ ਹੈ ਤੇ ਫੀਸ ਲਾ ਕੇ ਜਨਤਾ ਨੂੰ ਵੇਖਣ ਦਿੰਦੇ ਹਨ- ਉਸ ਸ਼ਹਿਰ ਦਾ ਹਵਾ ਮਹਿਲ ਵੀ ਇੰਨਾ ਸ਼ਾਨਦਾਰ ਹੈ ਕਿ ਵੇਖ ਕੇ ਇਨਸਾਨ ਅਸ਼ ਅਸ਼ ਕਰਦਾ ਹੈ। ਉਸ ਹਵਾ ਮਹਿਲ ਦੀ 964 ਖਿੜਕੀਆਂ ਜਾਲੀਆਂ ਹਨ, ਜਿਹਨਾਂ 'ਚੋਂ ਮਹਾਰਾਣੀਆਂ ਹਵਾ ਲੈਂਦੀਆਂ ਸਨ।

ਰਾਜੇ ਦੇ ਮਹਿਲ ਅੰਦਰ ਇਕ 'ਗੰਗਾਜਲੀ' ਭਾਂਡਾ ਜੋ ਗਾਗਰ ਵਰਗਾ ਹੈ, ਪਿਆ ਹੈ, ਜੋ ਕਿ ਸਾਰਾ ਹੀ ਚਾਂਦੀ ਦਾ ਬਣਿਆ ਹੋਇਆ ਹੈ। ਜਿਸ ਦਾ ਨਾਂ 'ਗਿਨੀਜ਼ ਬੁੱਕ' ਵਿਚ ਦਿੱਤਾ ਹੋਇਆ ਹੈ। ਇਸ ਨੂੰ ਮਿਸਤਰੀ ਖਾਨਾ ਜੋ ਕਿ 36 ਕਾਰਖਾਨਾ ਜੈਪੁਰ ਰਾਜ ਦੇ ਨਾਮ ਨਾਲ ਮਸ਼ਹੂਰ ਹੈ, ਵਿਚ ਬਣਾਇਆ ਗਿਆ। ਉਸ ਵੇਲੇ ਦੇ 14 ਹਜ਼ਾਰ ਚਾਂਦੀ ਦੇ ਵੱਡੇ ਸਿੱਕਿਆਂ ਨੂੰ ਢਾਲ ਕੇ 1894 ਵਿਚ ਇਸ ਨੂੰ ਬਣਾਇਆ ਗਿਆ ਹੈ। ਸਿੱਕਿਆਂ ਨੂੰ ਢਾਲ ਕੇ ਚਾਂਦੀ ਦੀ ਚਾਦਰ ਬਣਾਈ ਗਈ ਤੇ ਫਿਰ ਇਸ ਨੂੰ ਇਕ ਗਾਗਰ ਦੇ ਰੂਪ ਵਿਚ ਬਣਾਇਆ ਗਿਆ। ਇਸ ਨੂੰ ਬਣਾਉਣ ਲਈ ਦੋ ਸਾਲ ਦਾ ਵਕਤ ਲੱਗਿਆ। ਇਸ ਨੂੰ ਕਿਧਰੇ ਵੀ ਕਿਸੇ ਬਿਜਲੀ ਦੀ ਵੈਲਡਿੰਗ ਕਰਕੇ ਨਹੀਂ ਜੋੜਿਆ ਗਿਆ ਬਲਕਿ ਇਕ ਇਕ ਹਿੱਸਾ ਹੌਲੇ ਹੌਲੇ ਇਕ ਤੋਂ ਦੂਸਰੇ ਪਾਸੇ 'ਚ ਘੁੱਟ ਕੇ ਦੇ ਕੇ ਬਣਾਇਆ ਗਿਆ ਤੇ ਬਣ ਜਾਣ ਮਗਰੋਂ ਇਸ ਦਾ ਭਾਰ 345 ਕਿਲੋਗ੍ਰਾਮ ਤੋਲਿਆ ਗਿਆ। ਮਿਸਤਰੀਆਂ ਨੇ ਇਸ ਦੇ ਨਾਲ ਮੁੱਠਾ ਵੀ ਲਾਈਆਂ ਤਾਂ ਕਿ ਇਸ ਨੂੰ ਫੜ ਕੇ ਚੁੱਕਣ 'ਚ ਕੋਈ ਤਕਲੀਫ ਜਾਂ ਦਿੱਕਤ ਨਾ ਹੋਵੇ।

ਇਕ ਪੌੜੀ ਵੀ ਬਣਾਈ ਗਈ ਤਾਂ ਕਿ ਇਸ ਦੇ ਮੂੰਹ ਤੱਕ ਅੱਪੜਿਆ ਜਾ ਸਕੇ। ਇਸ ਦਾ ਆਕਾਰ ਤੇ ਭਾਰ ਇਵੇਂ ਹੈ:

ਪਾਰ- 345 ਕਿਲੋ
ਉਚਾਈ- 5 ਫੁੱਟ ਤਿੰਨ ਇੰਚ
ਘੇਰਾ- 14 ਫੁੱਟ 10 ਇੰਚ
ਇਸ ਵਿਚ 900 ਗੈਲਨ (4091 ਲੀਟਰ ਪਾਣੀ ਭਰ ਜਾਂਦਾ ਹੈ।


ਇਸ ਵਿਚ ਗੰਗਾਜਲ ਭਰ ਕੇ ਮਹਾਰਾਜਾ ਸਵਾਏ ਮਾਧੋ ਸਿੰਘ ਦੂਜੇ ਜੀ ਨੇ ਇੰਗਲੈਂਡ ਦੇ ਐਡਵਰਡ ਸੱਤਵੇਂ ਦੀ ਮੌਤ ਤੋਂ ਬਾਅਦ ਉਸਦੇ ਸਸਕਾਰ ਵੇਲੇ ਗੰਗਾ ਜਲ ਉਸ ਉਪਰ ਪਾਉਣ ਲਈ 1902 ਵਿਚ ਲੈ ਕੇ ਇੰਗਲੈਂਡ ਪਹੁੰਚੇ। ਇਸ ਨੂੰ ਵੇਖ ਕੇ ਤੁਸੀਂ ਹੈਰਾਨ ਵੀ ਹੋਵੋਗੇ ਤ ਹਿੰਦੁਸਤਾਨੀ ਕਾਰੀਗਰਾਂ ਦੀ ਤਾਰੀਫ ਵੀ ਕਰੋਗੇ।


ਇਹ ਸਭ ਵੇਖ ਕੇ ਸ਼ਾਮ ਨੂੰ ਅਸੀਂ ਉਥੇ ਦੇ ਮਸ਼ਹੂਰ ਇਕ ਰੈਸਟੋਰੈਂਟ ਤੇ ਮੇਲਾ ਨੁਮਾ ਜਗ੍ਹਾ ਜਿਸ ਨੂੰ (ਚੌਕੀ ਧਾਨੀ ਰਿਜੋਰਟ) ਕਹਿੰਦੇ ਹਨ, ਚਲੇ ਗਏ, ਉਥੇ 600 ਰੁਪਏ ਦੀ ਇਕ ਟਿਕਟ ਹੈ, ਭਾਵ 600 ਦੇ ਕੇ ਰੋਟੀ ਪਾਣੀ, ਦੁੱਧ ਚਾਹ ਤੇ ਮੇਲੇ ਦਾ ਆਨੰਦ ਮਾਣੋ। ਇਵੇਂ ਲੱਗਦਾ ਹੈ ਜਿਵੇਂ ਰਾਤ ਨੂੰ ਹਿੰਦੂ ਸਮਾਜ ਵਿਚ ਬਰਾਤ ਆਈ ਹੁੰਦੀ ਹੈ ਦਾ ਨਜ਼ਾਰਾ ਪੇਸ਼ ਹੁੰਦਾ ਹੈ। ਇਵੇਂ ਢੋਲ-ਢਮੱਕੇ ਤੇ ਰੌਣਕ ਵੇਖ ਕੇ ਇਨਸਾਨ ਇਹ ਭੁੱਲ ਜਾਂਦਾ ਹੈ ਕਿ ਕੋਈ ਜ਼ਿੰਦਗੀ ਵਿਚ ਦੁੱਖ ਵੀ ਹੈ।

ਰੋਟੀ ਖਾਣ ਲਈ ਜਦੋਂ ਤੁਹਾਡਾ ਨੰਬਰ ਲੱਗਦਾ ਹੈ, ਉਸ ਦੇ ਨਾਲ ਤੁਹਾਨੂੰ ਜ਼ਮੀਨ ਤੇ ਮੂੜਿਆਂ ਤੇ ਬਿਠਾ ਕੇ ਰੋਟੀ ਪਰੋਸੀ ਜਾਂਦੀ ਹੈ, ਜਿਸ ਵਿਚ ਤਕਰੀਬਨ 24 ਕਿਸਮ ਦਾ ਭੋਜਨ ਤੇ ਘਿਓ ਤੋਂ ਬਣੀਆਂ ਚੀਜ਼ਾਂ ਸਵਾਦ ਲਈ ਦਿੱਤੀਆਂ ਜਾਂਦੀਆਂ ਹਨ। ਥਾਲੀਆਂ ਵੀ ਪੱਤਿਆਂ ਦੀਆਂ ਹੀ ਬਣੀਆਂ ਹੋਈਆਂ ਦਿੱਤੀਆਂ ਜਾਂਦੀਆਂ ਹਨ ਤੇ ਘਿਓ ਦੀਆਂ ਕੜਛੀਆਂ ਇਵੇਂ ਪਾਉਂਦੇ ਹਨ, ਜਿਵੇਂ ਮੁਫਤ ਦਾ ਹੋਵੇ। ਉਹ ਘਿਓ ਥਾਲੀ ਵਿਚ ਪਾ ਕੇ ਕੁਝ ਦੇਰ ਫਿਰ ਹੋਰ ਪਾ ਜਾਂਦੇ ਹਨ। ਮੈਂ ਹਾੜੇ ਕੱਢੀਂ ਜਾਵਾ, ਹੱਥ ਜੋੜੀ ਜਾਵਾਂ ਕਿ 'ਬਾਈ ਜੀ ਔਰ ਨਹੀਂ ਡਾਲੋ' ਉਹ ਕਹਿੰਦੇ ਸਰਦਾਰ ਹੋ ਰੱਜ ਕੇ ਖਾਓ, ਆਪ ਕੀ ਖੁਰਾਕ ਹੈ। ਕਦੇ ਉਹ ਮੱਕੀ ਦੀ ਰੋਟੀ ਕਣਕ ਦੀ ਰੋਟੀ, ਬਾਜਰੇ ਦੀ ਰੋਟੀ ਤੇ ਤਰਾਂ ਤਰਾਂ ਦੀਆਂ ਦਾਲਾਂ, ਸਬਜ਼ੀਆਂ ਘਿਓ 'ਚ ਲੱਥਪੱਥ ਹਲਵਾ, ਘਿਓ 'ਚ ਹੋਰ ਬਹੁਤ ਕੁਝ ਤਕਰੀਬਨ 24-25 ਚੀਜ਼ਾਂ ਤੋਂ ਬਾਅਦ ਜਾ ਕੇ ਕਿਧਰੇ ਉਹ ਤੁਹਾਨੂੰ ਉਠਣ ਦਿੰਦੇ ਹਨ। ਉਦੋਂ ਤੱਕ ਤੁਹਾਨੂੰ ਲੱਗਦਾ ਹੈ ਭਰਾਵੋ ਕਿਧਰੇ ਮੰਜਾ ਹੁਣ ਇੱਥੇ ਹੀ ਦੇ ਦਿਓ ਤਾਂ ਕਿ ਸੌਂ ਸਕੀਏ। ਰਾਜਸਥਾਨੀ ਲੋਕ ਸ਼ਰੀਫ ਹਨ ਤੇ ਤੁਹਾਡੀ ਖਿਦਮਤ ਕਰਨ 'ਚ ਲੱਗੇ ਰਹਿੰਦੇ ਹਨ ਤੇ ਮਹਿਮਾਨ ਨਿਵਾਜੀ ਬਹੁਤ ਹੀ ਕਰਦੇ ਹਨ।


**(ਬਾਕੀ ਆਖਰੀ ਤੇ ਅਗਲੀ ਕਿਸ਼ਤ)**












ਸਵਾਏ ਮਾਧੋ ਸਿੰਘ ਦਾ ਮਹਿਲ



ਰੱਥ ਜਿਹਨਾਂ ਤੇ ਰਾਜੇ ਅਤੇ ਰਾਣੀਆਂ ਸਫਰ ਕਰਦੇ ਸਨ

ਡੋਲੀ ਅਤੇ ਰੱਥ



# ਪਾਕਿਸਤਾਨ ਨੂੰ 7-1 ਨਾਲ ਹਰਾ ਕੇ ਭਾਰਤ ਕੁਆਰਟਰ ਫਾਈਨਲ ’ਚ ਪਹੁੰਚਿਆ




ਲੰਡਨ- ਭਾਰਤ ਨੇ ਇਥੇ ਹਾਕੀ ਵਰਲਡ ਲੀਗ ਦੇ ਗਰੁੱਪ ਬੀ ਦੇ ਮੁਕਾਬਲੇ ’ਚ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 7-1 ਦੀ ਕਰਾਰੀ ਹਾਰ ਦਿੰਦਿਆਂ ਕੁਆਰਟਰ ਫਾਈਨਲ ’ਚ ਥਾਂ ਪੱਕੀ ਕਰ ਲਈ। ਭਾਰਤ ਦੀ ਟੂਰਨਾਮੈਂਟ ’ਚ ਇਹ ਲਗਾਤਾਰ ਤੀਜੀ ਜਿੱਤ ਹੈ ਤੇ ਉਹ ਅੰਕ ਸੂਚੀ ਵਿੱਚ ਨੀਦਰਲੈਂਡ ਨੂੰ ਪਛਾੜ ਕੇ ਪਹਿਲੇ ਨੰਬਰ ’ਤੇ ਪੁੱਜ ਗਈ ਹੈ। ਉਂਜ ਪੂਰੇ ਮੈਚ ਦੌਰਾਨ ਭਾਰਤ ਨੇ ਪਾਕਿਸਤਾਨ ’ਤੇ ਆਪਣਾ ਦਾਬਾ ਬਣਾਈ ਰੱਖਿਆ। ਲੀ ਵੈਲੀ ਹਾਕੀ ਤੇ ਟੈਨਿਸ ਸੈਂਟਰ ਵਿੱਚ ਖੇਡੇ ਮੁਕਾਬਲੇ ਦੌਰਾਨ ਭਾਰਤ ਲਈ ਡਰੈਗ ਫਲਿੱਕਰ ਹਰਮਨਪ੍ਰੀਤ ਸਿੰਘ (13ਵੇਂ ਤੇ 33ਵੇਂ ਮਿੰਟ), ਤਲਵਿੰਦਰ ਸਿੰਘ (21ਵੇਂ ਤੇ 24ਵੇਂ), ਅਕਾਸ਼ਦੀਪ ਸਿੰਘ (47ਵੇਂ ਤੇ 59ਵੇਂ) ਤੇ ਪ੍ਰਦੀਪ ਮੋਰ(49ਵੇਂ ਮਿੰਟ) ਨੇ ਗੋਲ ਕੀਤੇ। ਪਾਕਿਸਤਾਨ ਲਈ ਇਕੋ ਇਕ ਗੋਲ ਮੁਹੰਮਦ ਉਮਰ ਭੁੱਟਾ ਦੀ ਹਾਕੀ ਤੋਂ 57ਵੇਂ ਮਿੰਟ ਵਿੱਚ ਨਿਕਲਿਆ। ਪੂਲ ਬੀ ਵਿੱਚ ਤਿੰਨ ਤਿੰਨ ਜਿੱਤਾਂ ਨਾਲ ਭਾਰਤ ਤੇ ਨੀਦਰਲੈਂਡ ਭਾਵੇਂ ਬਰਾਬਰ ਹਨ, ਪਰ ਪਾਕਿਸਤਾਨ ਖ਼ਿਲਾਫ਼ ਮਿਲੀ 7-1 ਦੀ ਜਿੱਤ ਕਰਕੇ ਉਸ ਤੋਂ ਅੱਗੇ ਨਿਕਲ ਗਿਆ ਹੈ। ਭਾਰਤ ਹੁਣ ਮੰਗਲਵਾਰ ਨੂੰ ਨੀਦਰਲੈਂਡ ਖ਼ਿਲਾਫ਼ ਖੇਡੇਗਾ ਜਦਕਿ ਪਾਕਿਸਤਾਨ ਭਲਕੇ ਸਕੌਟਲੈਂਡ ਨਾਲ ਮੱਥਾ ਲਾਏਗਾ।

ਇਸ ਤੋਂ ਪਹਿਲਾਂ ਮੈਚ ਦੀ ਸ਼ੁਰੂਆਤ ਤੋਂ ਹੀ ਭਾਰਤ ਨੇ ਚੰਗਾ ਹਾਕੀ ਦਾ ਪ੍ਰਦਰਸ਼ਨ ਕਰਦਿਆਂ ਪਾਕਿਸਤਾਨ ’ਤੇ ਦਬਾਅ ਬਣਾ ਲਿਆ। ਹਰਮਨਪ੍ਰੀਤ ਨੇ ਪਹਿਲੇ ਕੁਆਰਟਰ ਦੇ 13ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਨੂੰ ਗੋਲ ’ਚ ਤਬਦੀਲ ਕਰਕੇ ਭਾਰਤ ਦਾ ਖਾਤਾ ਖੋਲ੍ਹਿਆ। 21ਵੇਂ ਮਿੰਟ ਵਿੱਚ ਤਲਵਿੰਦਰ ਨੇ ਸਤਿਬੀਰ ਸਿੰਘ ਤੇ ਐਸ.ਵੀ.ਸੁਨੀਲ ਵੱਲੋਂ ਦਿੱਤੇ ਪਾਸ ਨੂੰ ਗੋਲ ’ਚ ਬਦਲ ਕੇ ਗੋਲ 2-0 ਕਰ ਦਿੱਤਾ। ਤਿੰਨ ਮਿੰਟਾਂ ਦੇ ਮਗਰੋਂ ਤਲਵਿੰਦਰ ਨੇ ਪਾਕਿਸਤਾਨੀ ਗੋਲਕੀਪਰ ਨੂੰ ਝਕਾਨੀ ਦਿੰਦਿਆਂ ਗੋਲ 3-0 ਕਰ ਦਿੱਤਾ। ਦੂਜੇ ਅੱਧ ਵਿੱਚ ਗੋਲ ਪੋਸਟਾਂ ਬਦਲਣ ਤੋਂ ਬਾਅਦ ਹਰਮਨਪ੍ਰੀਤ ਨੇ ਇਕ ਹੋਰ ਗੋਲ ਕਰਕੇ ਚਾਰ ਗੋਲਾਂ ਤੋਂ ਅੱਗੇ ਹੋ ਗਿਆ। ਇਸ ਦੌਰਾਨ ਪਾਕਿਸਤਾਨ ਨੇ ਕਈ ਮੌਕੇ ਬਣਾਏ, ਪਰ ਉਹ ਭਾਰਤੀ ਗੋਲਕੀਪਰ ਆਕਾਸ਼ ਚਿਕਤੇ ਨੂੰ ਪਾਰ ਨਹੀਂ ਪਾ ਸਕੇ। ਮਗਰੋਂ ਅਕਾਸ਼ਦੀਪ ਤੇ ਪ੍ਰਦੀਪ ਮੋਰ ਨੇ ਉਪਰੋਥੱਲੀ ਗੋਲ ਕਰਕੇ ਮੈਚ ਲਗਪਗ ਇਕ ਪਾਸੜ ਕਰ ਦਿੱਤਾ। ਖੇਡ ਦੇ 57ਵੇਂ ਮਿੰਟ ਵਿੱਚ ਉਮਰ ਭੁੱਟਾ ਨੇ ਇਕਮਾਤਰ ਗੋਲ ਕਰਕੇ ਟੀਮ ਦੀ ਕੁਝ ਲਾਜ ਰੱਖੀ। ਆਕਾਸ਼ਦੀਪ ਨੇ ਬਾਅਦ ਵਿੱਚ ਹੂਟਰ ਵੱਜਣ ਤੋਂ ਇਕ ਮਿੰਟ ਪਹਿਲਾਂ ਗੋਲ ਕਰਕੇ 7-1 ਨਾਲ ਮੈਚ ਭਾਰਤ ਦੀ ਝੋਲੀ ਪਾ ਦਿੱਤਾ।

# ਪੰਜਾਬ ਨੂੰ ਆੜ੍ਹਤੀ ਸਿਸਟਮ ਦੀ ਲੋੜ: ਮਨਪ੍ਰੀਤ ਬਾਦਲ ਦੀ ਸਲਾਹ

ਚੰਡੀਗੜ੍ਹ- ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਆੜ੍ਹਤੀ ਸਿਸਟਮ ਜਾਰੀ ਰੱਖਣਾ ਪੰਜਾਬ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਆੜ੍ਹਤੀਆਂ ਅਤੇ ਕਿਸਾਨਾਂ ਦਰਮਿਆਨ ਨਿੱਘੇ ਸਬੰਧ ਹਨ। ਸ਼ਾਹੂਕਾਰਾ ਕਰਜ਼ਾ ਨਿਬੇੜਾ ਕਾਨੂੰਨ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਹੀ ਰੂਪ ਵਿੱਚ ਲਾਗੂ ਕਰੇਗੀ। ਉਨ੍ਹਾਂ ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ਼ ਕਰਨ ਬਾਰੇ ਕੋਈ ਠੋਸ ਜਵਾਬ ਨਹੀਂ ਦਿੱਤਾ।

ਵਿਧਾਨ ਸਭਾ ਵਿੱਚ ਬਜਟ ਪੇਸ਼ ਕਰਨ ਤੋਂ ਬਾਅਦ ਪ੍ਰੈਸ ਕਾਨਫਰੰਸ ਦੌਰਾਨ ਵਿੱਤ ਮੰਤਰੀ ਨੇ ਕਿਸਾਨਾਂ ਦੀ ਆੜ੍ਹਤੀ ਸਿਸਟਮ ਰਾਹੀਂ ਹੁੰਦੀ ਲੁੱਟ ਬਾਰੇ ਸਵਾਲ ਦੇ ਜਵਾਬ ਵਿੱਚ ਕਿਹਾ, ’’ਆੜ੍ਹਤੀ ਕਿਸਾਨ ਦੇ ਉਸ ਵੇਲੇ ਕੰਮ ਆਉਂਦਾ ਹੈ, ਜਦੋਂ ਭਰਾ ਵੀ ਜਵਾਬ ਦੇ ਦਿੰਦਾ ਹੈ। ਜਿੱਥੋਂ ਤੱਕ ਸ਼ਾਹੂਕਾਰਾ ਕਰਜ਼ੇ ਦੇ ਨਿਬੇੜੇ ਦਾ ਸਬੰਧ ਹੈ, ਇਸ ਬਾਰੇ ਪਿਛਲੀ ਸਰਕਾਰ (ਅਕਾਲੀ-ਭਾਜਪਾ) ਨੇ ਕਾਨੂੰਨ ਤਾਂ ਬਣਾਇਆ ਸੀ ਪਰ ਲਾਗੂ ਨਹੀਂ ਕੀਤਾ। ਸਾਡੀ ਸਰਕਾਰ ਇਸ ਨੂੰ ਠੀਕ ਰੂਪ ਵਿੱਚ ਲਾਗੂ ਕਰੇਗੀ ਅਤੇ ਤਹਿਸੀਲ ਪੱਧਰ ਉੱਤੇ ਕਰਜ਼ਾ ਨਿਬੇੜਾ ਬੋਰਡ ਬਣਾਏ ਜਾਣਗੇ।’’ ਉਨ੍ਹਾਂ ਕਿਹਾ ਕਿ ਬਜਟ ਵਿੱਚ ਕਰਜ਼ਾ ਮੁਆਫ਼ੀ ਲਈ 1500 ਕਰੋੜ ਰੁਪਏ ਰੱਖੇ ਗਏ ਹਨ। ਪੂਰੀ ਰਕਮ ਕਿੰਨੀ ਬਣੇਗੀ, ਅਜੇ ਪਤਾ ਨਹੀਂ ਪਰ ਸਰਕਾਰ ਦਾ ਵਾਅਦਾ ਹਰ ਹਾਲਤ ਵਿੱਚ ਲਾਗੂ ਕੀਤਾ ਜਾਵੇਗਾ। ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਵਕਾਲਤ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਉਹ ਸੂਬੇ ਦੇ ਵੱਡੇ ਕਿਸਾਨ ਹਨ ਪਰ ਉਨ੍ਹਾਂ ਕੋਲ ਕੋਈ ਟਿਊਬਵੈੱਲ ਨਹੀਂ ਹੈ। ਨਹੀਂ ਤਾਂ ਉਹ ਸਵੈ-ਇੱਛੁਕ ਤਰੀਕੇ ਨਾਲ ਮੁਫ਼ਤ ਬਿਜਲੀ ਦੀ ਸਹੂਲਤ ਤਿਆਗ ਦਿੰਦੇ। ਮੁਫ਼ਤ ਬਿਜਲੀ ਦਾ ਬਿੱਲ 10 ਹਜ਼ਾਰ ਕਰੋੜ ਰੁਪਏ ਤੋਂ ਟੱਪਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਅਸਲ ਵਿੱਚ 2300 ਕਰੋੜ ਦੇ ਲਗਪਗ ਤਾਂ ਪਿਛਲੀ ਦੇਣਦਾਰੀ ਹੈ, ਬਾਕੀ ਸਬਸਿਡੀ ਪਿਛਲੇ ਸਾਲ ਜਿੰਨੀ ਹੈ। ਬੁਢਾਪਾ, ਵਿਧਵਾ ਤੇ ਬੇਸਹਾਰਾ ਪੈਨਸ਼ਨ 2 ਹਜ਼ਾਰ ਰੁਪਏ ਕਰਨ ਦਾ ਵਾਅਦਾ ਪੂਰਾ ਨਾ ਕਰਨ ਬਾਰੇ ਉਨ੍ਹਾਂ ਕਿਹਾ ਕਿ ਵਿੱਤੀ ਹਾਲਤ ਇਸ ਤਰ੍ਹਾਂ ਦੀ ਨਹੀਂ ਹੈ। 500 ਤੋਂ ਵਧਾ ਕੇ 750 ਰੁਪਏ ਮਹੀਨਾ ਕਰਨ ਨਾਲ ਵੀ ਲਗਪਗ ਸਾਢੇ ਛੇ ਸੌ ਕਰੋੜ ਰੁਪਏ ਸਾਲਾਨਾ ਹੋਰ ਚਾਹੀਦੇ ਹਨ। ਅਗਲੇ ਸਾਲਾਂ ਦੌਰਾਨ ਇਸ ਵਾਅਦੇ ਨੂੰ ਪੂਰਾ ਕਰਨਾ ਸੰਭਵ ਹੋ ਸਕੇਗਾ।



ਸਮਾਰਟ ਫੋਨ ਦੇ ਵਾਅਦੇ ਨੂੰ ਲੋਕ ਲੁਭਾਊ ਦੀ ਬਜਾਇ ਗਿਆਨ ਦੇਣ ਦੇ ਪੱਖ ਤੋਂ ਪੇਸ਼ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਇਕ ਕੰਪਨੀ ਮੁਫ਼ਤ ਵਿੱਚ ਸਮਾਰਟ ਫੋਨ ਦੇਣ ਲਈ ਤਿਆਰ ਹੈ ਤਾਂ ਹਰਜ਼ ਕੀ ਹੈ। ਕੰਪਨੀ ਦੇ ਲਾਲਚ ਬਾਰੇ ਪੁੱਛੇ ਜਾਣ ’ਤੇ ਉਨ੍ਹਾਂ ਕਿਹਾ ਕਿ ਉਹ ਇਸ ਕਰ ਕੇ ਮੁਫ਼ਤ ਫੋਨ ਦੇਵੇਗੀ ਕਿਉਂਕਿ ਉਸ ਨੂੰ ਪੰਜਾਬ ਵਿੱਚ ਮਾਰਕੀਟ ਮਿਲ ਜਾਵੇਗੀ।

ਕਾਂਗਰਸ ਸਰਕਾਰ ਦਾ ਪਹਿਲਾ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਆਰਥਿਕ ਨੁਕਤਿਆਂ ਦੇ ਨਾਲ-ਨਾਲ ਫਲਸਫੇ ਤੇ ਸ਼ੇਅਰੋ-ਸ਼ਾਇਰੀ ਦਾ ਵੀ ਭਰਪੂਰ ਇਸਤੇਮਾਲ ਕੀਤਾ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਪੰਜਾਬ ਦੀ ਮਾੜੀ ਮਾਲੀ ਹਾਲਤ ਨੂੰ ਹਿੰਮਤੀ ਪੰਜਾਬੀ ਛੇਤੀ ਹੀ ਸੁਧਾਰ ਲੈਣਗੇ। ਉਨ੍ਹਾਂ ਇਸ ਸਬੰਧੀ ਮਹਾਨ ਯੂਨਾਨੀ ਫਿਲਾਸਫਰ ਸੁਕਰਾਤ ਦੇ ਹਵਾਲੇ ਤੋਂ ਲੈ ਕੇ ਪੰਜਾਬੀਆਂ ਨੂੰ ਹੂਲਣ ਦੇਣ ਵਾਲੀ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਆਪਣੇ ਪਸੰਦੀਦਾ ਉਰਦੂ ਸ਼ਾਇਰ ਮੁਹੰਮਦ ਇਕਬਾਲ ਦੇ ਸ਼ੇਅਰ ਪੜ੍ਹੇ। ਉਨ੍ਹਾਂ ਕਿਹਾ, “ਪ੍ਰਾਚੀਨ ਯੂਨਾਨ ਵਿੱਚ ਸੁਕਰਾਤ ਨੂੰ ਯੂਨਾਨੀ ਲੋਕਾਂ ਨੂੰ ਜਗਾਉਣ ਲਈ ਜ਼ਹਿਰ ਦਾ ਪਿਆਲਾ ਪੀਣਾ ਪਿਆ ਸੀ। ਕਰੀਬ ਇਕ ਸਦੀ ਪਹਿਲਾਂ ਇਸ (ਪੰਜਾਬੀ) ਧਰਤੀ ਦੇ ਜੰਮੇ ਨੌਜਵਾਨ ਸ਼ਹੀਦ ਭਗਤ ਸਿੰਘ ਨੇ ਫਾਂਸੀ ਦਾ ਰੱਸਾ ਚੁੰਮਿਆ ਤਾਂ ਕਿ ਉਹ ਲੋਕਾਂ ਨੂੰ ਜਗਾ ਸਕੇ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਇਨ੍ਹਾਂ ਤੋਂ ਪ੍ਰੇਰਨਾ ਲੈਂਦੀ ਹੋਈ ਪੰਜਾਬੀਆਂ ਨੂੰ ਜਗਾਉਣਾ ਚਾਹੁੰਦੀ ਹੈ।’’ ਪੰਜਾਬ ਦੀ ਮਾੜੀ ਮਾਲੀ ਹਾਲਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਸ਼ੇਅਰ ਪੜ੍ਹਿਆ: “ਸ਼ਕ ਨਾ ਕਰ ਮੇਰੀ ਸੂਖੀ ਆਂਖੋਂ ਪੇ, ਆਂਸੂ ਯੂੰ ਭੀ ਬਹਾਏ ਜਾਤੇ ਹੈਂ।’’ ਉਨ੍ਹਾਂ ਨਾਲ ਹੀ ਕਿਹਾ ਕਿ ਸਿੱਖ ਕਦੇ ਵੀ ਢਹਿੰਦੀ ਕਲਾ ਵਿੱਚ ਨਹੀਂ ਜਾ ਸਕਦੇ ਤੇ ਉਹ ਵੀ ਨਹੀਂ ਜਾਣਗੇ।






# ਜਥੇਦਾਰ ਦੀ ਨਸੀਹਤ ਤੇ ਸ਼੍ਰੋਮਣੀ ਕਮੇਟੀ ਦੀ ਭੂਮਿਕਾ

**ਜਗਤਾਰ ਸਿੰਘ**

ਸ਼੍ਰੋਮਣੀ ਅਕਾਲੀ ਦਲ ਨੇ ਇਸ ਸੋਮਵਾਰ ਨੂੰ ਭ੍ਰਿਸ਼ਟਾਚਾਰ ਅਤੇ ਢਿੱਲੀ ਪ੍ਰਸ਼ਾਸਿਨਕ ਕਾਰਗੁਜ਼ਾਰੀ ਨੂੰ ਲੈ ਕੇ ਪੰਜਾਬ ਵਿਚ ਤਿੰਨ ਮਹੀਨੇ ਪਹਿਲਾਂ ਬਣੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿਰੁੱਧ ਸੂਬੇ ਦੇ ਜ਼ਿਲ੍ਹਾ ਸਦਰ ਮੁਕਾਮਾਂ ਉੱਤੇ ਧਰਨੇ ਦਿੱਤੇ। ਇਨ੍ਹਾਂ ਧਰਨਿਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਦੀ ਸ਼ਮੂਲੀਅਤ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੀ ਭੂਮਿਕਾ ਸਬੰਧੀ ਸਿਆਸੀ ਅਤੇ ਸਿੱਖ ਹਲਕਿਆਂ ਵਿੱਚ ਬਹਿਸ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 7 ਜੁਲਾਈ 1925 ਨੂੰ ਪੰਜਾਬ ਵਿਧਾਨ ਸਭਾ, ਜਿਹੜੀ ਉਸ ਵੇਲੇ ਪੰਜਾਬ ਲੈਜਿਸਲੇਟਿਵ ਕੌਂਸਲ ਵਜੋਂ ਜਾਣੀ ਜਾਂਦੀ ਸੀ, ਵੱਲੋਂ ਬਣਾਏ ਗਏ ਸਿੱਖ ਗੁਰਦੁਆਰਾ ਐਕਟ ਤਹਿਤ ਹੋਂਦ ਵਿੱਚ ਆਈ ਸੀ। ਸਾਰੇ ਵਿਵਾਦਾਂ ਦੇ ਬਾਵਜੂਦ ਇਸ ਨੂੰ ਧਾਰਮਿਕ ਮਾਮਲਿਆਂ ਬਾਰੇ ਸਿੱਖਾਂ ਦੀ ਪਾਰਲੀਮੈਂਟ ਮੰਨਿਆ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੂੰ ਧਰਨਿਆਂ ਵਰਗੀਆਂ ਰਾਜਸੀ ਸਰਗਰਮੀਆਂ ਤੋਂ ਦੂਰ ਰਹਿਣ ਦੀ ਨਸੀਹਤ ਦੇ ਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ ਵੀ ਸ਼੍ਰੋਮਣੀ ਕਮੇਟੀ ਬਾਰੇ ਬਹਿਸ ਵਿੱਚ ਸ਼ਾਮਲ ਹੋ ਗਏ ਹਨ।

ਇਸੇ ਬਹਿਸ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼ਿਰਕਤ ਕੀਤੀ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਖ਼ਿਲਾਫ਼ ਸਟੈਂਡ ਲਿਆ ਹੈ। ਸ਼੍ਰੋਮਣੀ ਕਮੇਟੀ ਦਾ ਆਪਣਾ ਅਤੇ ਸਿੱਖ ਧਰਮ ਤੇ ਸਿੱਖ ਸਿਆਸਤ ਦੇ ਅੰਤਰ-ਸਬੰਧਾਂ ਦਾ ਇਤਿਹਾਸ ਵੀ ਜਥੇਦਾਰ ਗੁਰਬਚਨ ਸਿੰਘ ਵੱਲੋਂ ਦਿੱਤੀ ਗਈ ਸਲਾਹ ਦੇ ਬਿਲਕੁਲ ਉਲਟ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਸ੍ਰੀ ਅਕਾਲ ਤਖ਼ਤ ਉੱਤੇ 15 ਨਵੰਬਰ 1920 ਨੂੰ ਹੋਏ ਸਿੱਖਾਂ ਦੇ ਇੱਕ ਨੁਮਾਇੰਦਾ ਇਕੱਠ ਵਿੱਚ ਹੋਈ ਸੀ ਜਿਸ ਵਿੱਚ ਸਿੱਖ ਰੈਜੀਮੈਂਟਾਂ ਦੇ ਨੁਮਾਇੰਦਿਆਂ ਨੇ ਵੀ ਹਿੱਸਾ ਲਿਆ ਸੀ। ਇਹ ਇਕੱਠ ਸਿੱਖਾਂ ਵੱਲੋਂ ਗੁਰਧਾਮਾਂ ਨੂੰ ਆਜ਼ਾਦ ਕਰਾਉਣ ਲਈ ਵਿੱਢੀ ਗਈ ਲਹਿਰ ਦਾ ਸਿੱਟਾ ਸੀ ਜਿਸ ਦਾ ਖ਼ਾਸਾ ਸਾਮਰਾਜ ਵਿਰੋਧੀ ਵੀ ਸੀ। ਇਸੇ ਜਥੇਬੰਦੀ ਨੇ 14 ਦਸੰਬਰ 1920 ਨੂੰ ਆਪਣੀ ਵਲੰਟੀਅਰ ਕੋਰ ਵਜੋਂ ਅਕਾਲੀ ਦਲ ਦੀ ਸਥਾਪਨਾ ਕੀਤੀ ਤਾਂ ਕਿ ਮਹੰਤਾਂ ਤੋਂ ਗੁਰਦੁਆਰਿਆਂ ਦਾ ਕਬਜ਼ਾ ਲੈ ਕੇ ਨਵੀਂ ਬਣੀ ਸ਼੍ਰੋਮਣੀ ਕਮੇਟੀ ਨੂੰ ਦਿਵਾਇਆ ਜਾ ਸਕੇ। ਅਕਾਲੀ ਦਲ ਨਾਲ 'ਸ਼੍ਰੋਮਣੀ' ਸ਼ਬਦ ਇਸ ਤੋਂ ਦੋ ਸਾਲ ਬਾਅਦ ਜੋੜਿਆ ਗਿਆ ਸੀ।

1925 ਵਿੱਚ ਬਣੇ ਸਿੱਖ ਗੁਰਦੁਆਰਾ ਐਕਟ ਤੋਂ ਪਹਿਲਾਂ ਗੁਰਦੁਆਰਾ ਐਕਟ ਦੇ ਦੋ ਖਰੜੇ ਸਿੱਖਾਂ ਵੱਲੋਂ ਰੱਦ ਕੀਤੇ ਜਾ ਚੁੱਕੇ ਸਨ। ਇਹ ਐਕਟ ਬਣਨ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੋਵਾਂ ਉੱਤੇ ਹੀ ਪਾਬੰਦੀ ਲੱਗੀ ਹੋਈ ਸੀ ਅਤੇ ਤਕਰੀਬਨ ਸਾਰੇ ਪ੍ਰਮੁੱਖ ਸਿੱਖ ਆਗੂ ਲਾਹੌਰ ਦੇ ਕਿਲ੍ਹੇ ਵਿੱਚ ਡੱਕੇ ਹੋਏ ਸਨ। ਸਿਰਫ਼ ਬਾਬਾ ਖੜਕ ਸਿੰਘ ਡੇਰਾ ਗਾਜ਼ੀ ਖਾਨ ਜੇਲ੍ਹ ਵਿੱਚ ਬੰਦ ਸਨ। ਅੰਗਰੇਜ਼ ਸਰਕਾਰ ਨੇ ਰਿਹਾਈ ਲਈ ਇਸ ਐਕਟ ਨੂੰ ਮੰਨਣ ਦੀ ਸ਼ਰਤ ਲਾ ਦਿੱਤੀ ਤਾਂ 15 ਸਿੱਖ ਆਗੂਆਂ ਨੇ ਇਸ ਨੂੰ ਮੰਨ ਕੇ ਰਿਹਾਅ ਹੋਣ ਦੀ ਥਾਂ ਜੇਲ੍ਹ ਵਿੱਚ ਬੰਦ ਰਹਿਣ ਨੂੰ ਪਹਿਲ ਦਿੱਤੀ। ਸਿੱਖ ਗੁਰਦੁਆਰਾ ਐਕਟ ਦੇ ਹੋਂਦ ਵਿੱਚ ਆਉਣ ਦਾ ਇਹ ਪਿਛੋਕੜ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਗੁਰਦੁਆਰਾ ਸਾਹਿਬਾਨ ਨੂੰ ਅੰਗਰੇਜ਼ਾਂ ਦੇ ਪਿੱਠੂ ਬਣੇ ਹੋਏ ਮਹੰਤਾਂ ਤੋਂ ਆਜ਼ਾਦ ਕਰਾਉਣ ਲਈ ਸੰਘਰਸ਼ ਤਾਂ ਕਰ ਰਹੇ ਸਨ, ਪਰ ਸਿੱਖ ਗੁਰਦੁਆਰਾ ਐਕਟ ਬਣਾਉਣਾ ਉਨ੍ਹਾਂ ਦੀ ਮੰਗ ਨਹੀਂ ਸੀ। ਇਹੀ ਐਕਟ ਹੁਣ ਤਕ ਸਿੱਖ ਪੰਥ ਦੀ ਚਾਲਕ ਸ਼ਕਤੀ ਬਣਿਆ ਹੋਇਆ ਹੈ। ਇਹ ਐਕਟ ਹੁਣ ਤਕ ਸੋਧ ਲਿਆ ਜਾਣਾ ਚਾਹੀਦਾ ਸੀ ਤਾਂ ਕਿ ਇਸ ਵਿੱਚੋਂ ਬਸਤੀਵਾਦੀ ਭਾਵਨਾ ਖ਼ਤਮ ਕਰ ਕੇ ਇਸ ਨੂੰ ਸਿੱਖ ਸਿਧਾਂਤਾਂ, ਸੱਭਿਆਚਾਰ ਅਤੇ ਸਿੱਖ ਧਰਮ ਦੀ ਭਾਵਨਾ ਅਨੁਸਾਰ ਢਾਲ ਲਿਆ ਜਾਂਦਾ। ਸ਼੍ਰੋਮਣੀ ਕਮੇਟੀ ਦਾ ਰੋਲ ਬਸਤੀਵਾਦੀ ਹੁਕਮਰਾਨਾਂ ਵੱਲੋਂ ਬਣਾਏ ਗਏ ਇਸ ਕਾਨੂੰਨ ਦੇ ਦਾਇਰੇ ਅੰਦਰ ਰਹਿ ਕੇ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ।



ਇਹ ਕਾਨੂੰਨ ਸ੍ਰੀ ਅਕਾਲ ਤਖ਼ਤ ਨੂੰ ਗੁਰਦੁਆਰਾ ਮੰਨਦਾ ਹੈ ਜੋ ਅਸਲ ਵਿੱਚ ਹੈ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਇੱਕ ਸੰਸਥਾ ਦਾ ਦੁਨੀਆਂ ਭਰ ਦੇ ਸਿੱਖਾਂ ਦੀ ਆਸਥਾ ਦਾ ਕੇਂਦਰ ਬਣਨਾ ਸ਼੍ਰੋਮਣੀ ਕਮੇਟੀ ਉੱਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ ਨੂੰ ਸੂਤ ਬੈਠਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਨੂੰ ਪਰਿਭਾਸ਼ਤ ਕਰਨ ਲਈ ਸਿੱਖ ਧਰਮ ਦੇ ਮੂਲ ਸੰਕਲਪਾਂ ਤੇ ਖਾਸੇ ਨੂੰ ਸਮਝਣਾ ਪਵੇਗਾ। ਇਸ ਧਰਮ ਦੀ ਸਥਾਪਨਾ ਮੀਰੀ-ਪੀਰੀ ਦੀ ਇੱਕੋ ਸਾਂਝੀ ਸੰਸਥਾ ਵਜੋਂ ਕੀਤੀ ਗਈ ਹੈ ਅਤੇ ਸਿੱਖ ਭਾਈਚਾਰੇ ਦੀ ਇਹ ਪਛਾਣ ਵਿਲੱਖਣ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਇਸ ਵਿਲੱਖਣ ਪਛਾਣ ਅਤੇ ਸਿਧਾਂਤ ਦਾ ਪ੍ਰਤੀਕ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਧਰਨੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸ਼ਮੂਲੀਅਤ ਨੂੰ ਲੈ ਕੇ ਨੁਕਤਾਚੀਨੀ ਕਰਨ ਵਾਲੇ ਵਿਅਕਤੀ ਸ਼੍ਰੋਮਣੀ ਕਮੇਟੀ ਦੇ ਇਸ ਇਤਿਹਾਸਕ ਰੋਲ ਦੀ ਅਣਦੇਖੀ ਕਰ ਰਹੇ ਹਨ। ਸਿੱਖ ਗੁਰਦੁਆਰਾ ਐਕਟ 1925 ਤਹਿਤ ਹੋਂਦ ਵਿੱਚ ਆਈ ਇਸ ਸੰਸਥਾ ਦਾ ਸੰਖੇਪ ਇਤਿਹਾਸ ਅਤੇ ਬਣਤਰ ਇਸ ਪ੍ਰਕਾਰ ਦੀ ਹੈ। ਇਸ ਕਾਨੂੰਨ ਵਿੱਚ ਵਿਵਸਥਾ ਹੈ ਕਿ ਕਾਨੂੰਨ ਤਹਿਤ ਬਣਨ ਵਾਲਾ ਗੁਰਦੁਆਰਾ ਬੋਰਡ ਆਪਣਾ ਪਹਿਲਾਂ ਚਲਿਆ ਆ ਰਿਹਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਰੱਖ ਸਕਦਾ ਹੈ ਅਤੇ ਇਹ ਕਾਰਜ ਕਾਨੂੰਨ ਤਹਿਤ ਚੁਣੇ ਗਏ ਪਹਿਲੇ ਜਨਰਲ ਹਾਊਸ ਦੀ 4 ਨਵੰਬਰ 1926 ਨੂੰ ਹੋਈ ਮੀਟਿੰਗ ਵਿੱਚ ਅਹੁਦੇਦਾਰਾਂ ਦੀ ਚੋਣ ਤੋਂ ਬਾਅਦ ਨੇਪਰੇ ਚਾੜ੍ਹਿਆ ਗਿਆ।

ਆਜ਼ਾਦੀ ਸੰਗਰਾਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਵੱਲੋਂ ਅਪਣਾਏ ਗਏ ਤਿਰੰਗੇ ਝੰਡੇ ਉੱਤੇ ਇਤਰਾਜ਼ ਪ੍ਰਗਟਾਇਆ ਤਾਂ ਇਹ ਮੁੱਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵਿੱਚ ਵੀ ਉਠਿਆ ਸੀ। ਸ਼੍ਰੋਮਣੀ ਕਮੇਟੀ ਦੀ 20 ਅਗਸਤ 1930 ਨੂੰ ਹੋਈ ਜਨਰਲ ਹਾਊਸ ਦੀ ਮੀਟਿੰਗ ਵਿੱਚ ਕਿਹਾ ਗਿਆ ਸੀ, ''ਸ਼੍ਰੋਮਣੀ ਅਕਾਲੀ ਦਲ ਵੱਲੋਂ ਇਤਰਾਜ਼ ਪ੍ਰਗਟਾਇਆ ਗਿਆ ਹੈ ਕਿ ਕਾਂਗਰਸ ਵੱਲੋਂ ਅਪਣਾਏ ਗਏ ਤਿੰਨ ਰੰਗੇ ਝੰਡੇ ਵਿੱਚ ਖ਼ਾਲਸਾ ਪੰਥ ਦਾ ਰੰਗ ਸ਼ਾਮਿਲ ਨਹੀਂ ਕੀਤਾ ਗਿਆ। ਖ਼ਾਲਸਾ ਪੰਥ ਇਸ ਸਬੰਧੀ ਆਪਣਾ ਤਿੱਖਾ ਰੋਸ ਪ੍ਰਗਟਾਉਂਦਾ ਹੈ। ਪਰ ਕਿਉਂਕਿ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਸੰਗਰਾਮ ਲੜਿਆ ਜਾ ਰਿਹਾ ਹੈ ਇਸ ਲਈ ਖ਼ਾਲਸਾ ਪੰਥ ਦੇਸ਼ ਦੀ ਇਸ ਸੇਵਾ ਵਿੱਚ ਪਿੱਛੇ ਨਹੀਂ ਰਹਿਣਾ ਚਾਹੁੰਦਾ। ਇਸ ਲਈ ਇਹ ਫ਼ੈਸਲਾ ਕੀਤਾ ਜਾਂਦਾ ਹੈ ਕਿ ਸਿੱਖ ਮੁਲਕ ਦੀ ਆਜ਼ਾਦੀ ਲਈ ਜੋ ਵੀ ਸਰਗਰਮੀਆਂ ਕਰਨਗੇ ਉਹ ਕਾਂਗਰਸ ਦੀ ਥਾਂ ਖ਼ਾਲਸਾ ਪੰਥ ਦੇ ਝੰਡੇ ਹੇਠ ਕਰਨਗੇ।''

ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਮੁਲਕ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਸਿਆਸੀ ਰੋਲ ਨਿਭਾਉਂਦੀ ਆ ਰਹੀ ਹੈ। ਇਸ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਅਤੇ ਸਿਆਸੀ ਹਿੱਤਾਂ ਦੀ ਰਾਖੀ ਲਈ 1 ਮਾਰਚ 1932 ਨੂੰ ਇਹ ਮਤਾ ਪਾਸ ਕੀਤਾ ਗਿਆ, ''ਬਹੁਗਿਣਤੀ ਵੋਟਾਂ ਦੇ ਅਧਾਰ ਉੱਤੇ ਹੋਂਦ ਵਿੱਚ ਆਉਣ ਵਾਲੀ ਸਟੇਟ ਵਿੱਚ ਇੱਕ ਭਾਈਚਾਰੇ ਦੀ ਹੀ ਹਕੂਮਤ ਹੋਵੇਗੀ ਅਤੇ ਇਹ ਘੱਟ ਗਿਣਤੀਆਂ ਖ਼ਾਸਕਰ ਸਿੱਖ ਧਰਮ ਅਤੇ ਗੁਰਧਾਮਾਂ ਲਈ ਵੱਡੇ ਖ਼ਤਰੇ ਖੜ੍ਹੇ ਕਰੇਗੀ। ਇਸ ਲਈ ਬਹੁਗਿਣਤੀ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਹੋਣ ਕਰਕੇ ਸ਼੍ਰੋਮਣੀ ਕਮੇਟੀ ਮਹਿਸੂਸ ਕਰਦੀ ਹੈ ਕਿ ਇਹ ਸਪਸ਼ਟ ਕਰਨਾ ਬਹੁਤ ਜ਼ਰੂਰੀ ਹੈ ਕਿ ਸਿੱਖਾਂ ਨੂੰ ਅਜਿਹਾ ਰਾਜ (ਸਟੇਟ) ਮਨਜ਼ੂਰ ਨਹੀਂ ਹੋਵੇਗਾ ਜਿਸ ਵਿੱਚ ਉਨ੍ਹਾਂ ਦੇ ਹਿੱਤ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੋਣਗੇ। ਸਿੱਖਾਂ ਦੀਆਂ ਮੰਗਾਂ ਨੂੰ ਪੂਰੇ ਜ਼ੋਰ ਨਾਲ ਉਠਾਉਂਦਿਆਂ, ਇਹ ਮੀਟਿੰਗ ਇਹ ਪੂਰੀ ਤਰ੍ਹਾਂ ਸਪਸ਼ਟ ਕਰਦੀ ਹੈ ਕਿ ਸਿੱਖ ਇੱਕ ਭਾਈਚਾਰੇ ਦੇ ਦਬਦਬੇ ਵਾਲੀ ਕੋਈ ਵੀ ਸਟੇਟ ਜਾਂ ਰਾਜ ਪ੍ਰਬੰਧ ਕਾਇਮ ਕਰਨ ਵਾਲੇ ਕਿਸੇ ਵੀ ਕਾਨੂੰਨ ਨਾਲ ਸਹਿਮਤ ਨਹੀਂ ਹੋਣਗੇ। ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸਿਆਸਤ ਵਿੱਚ ਨਿਭਾਏ ਗਏ ਰੋਲ ਦੀ ਇਹ ਸ਼ੁਰੂਆਤ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਾਇਦ ਮੁਲਕ ਦੀ ਪਹਿਲੀ ਜਥੇਬੰਦੀ ਸੀ ਜਿਸ ਨੇ 1940 ਵਿੱਚ ਮੁਸਲਿਮ ਲੀਗ ਦੇ ਪਾਕਿਸਤਾਨ ਬਣਾਉਣ ਦੇ ਮਤੇ ਦਾ ਵਿਰੋਧ ਕੀਤਾ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਨਿਭਾਏ ਗਏ ਇਸ ਰੋਲ ਉੱਤੇ ਕਿਸੇ ਨੇ ਅੱਜ ਤਕ ਉਂਗਲ ਨਹੀਂ ਉਠਾਈ।

ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ 27 ਫ਼ਰਵਰੀ 1943 ਨੂੰ ਸਿੱਖ ਸੂਬਾ ਬਣਾਏ ਜਾਣ ਦਾ ਇਹ ਅਤਿਅੰਤ ਮਹੱਤਵਪੂਰਨ ਮਤਾ ਪਾਸ ਕੀਤਾ, "ਸਿੱਖ ਧਰਮ ਦੀ ਰੱਖਿਆ ਲਈ ਇਹ ਜ਼ਰੂਰੀ ਹੈ ਕਿ ਕਿ ਇੱਕ ਅਜਿਹਾ ਸੂਬਾ ਬਣਾਉਣ ਦਾ ਯਤਨ ਕੀਤਾ ਜਾਵੇ ਜਿਸ ਵਿੱਚ ਵੱਧ ਤੋਂ ਵੱਧ ਸਿੱਖ ਵਸੋਂ ਆ ਸਕੇ ਅਤੇ ਇਸ ਸੂਬੇ ਵਿੱਚ ਸਿੱਖ, ਹਿੰਦੂ, ਮੁਸਲਮਾਨ ਕਿਸੇ ਇੱਕ ਫ਼ਿਰਕੇ ਦੀ ਬਹੁਗਿਣਤੀ ਨਾ ਹੋਵੇ। ਇਸ ਸਮਾਗਮ ਦੀ ਰਾਇ ਹੈ ਕਿ ਪਾਕਿਸਤਾਨ ਬਣਨਾ ਸਖ਼ਤ ਨੁਕਸਾਨਦੇਹ ਹੈ। ਉਕਤ ਕਿਸਮ ਦਾ ਸਿੱਖ ਸੂਬਾ ਬਣਨ ਕਾਰਨ ਮੁਸਲਿਮ ਬਹੁਗਿਣਤੀ ਵਾਲੇ ਜ਼ਿਲ੍ਹੇ ਪੰਜਾਬ ਤੋਂ ਵੱਖ ਕੀਤੇ ਜਾਣ। ਇਨ੍ਹਾਂ ਜ਼ਿਲ੍ਹਿਆਂ ਦੇ ਆਧਾਰ ਉੱਤੇ ਬਣਨ ਵਾਲੇ ਨਵੇਂ ਸੂਬੇ ਜਾਂ ਜਿਹੜੇ ਪੁਰਾਣੇ ਸੂਬੇ ਵਿੱਚ ਇਹ ਸ਼ਾਮਲ ਕੀਤੇ ਜਾਣਗੇ ਉਸ ਵਿੱਚ ਘੱਟ ਗਿਣਤੀ ਦੇ ਉਹੀ ਹੱਕ ਹੋਣੇ ਚਾਹੀਦੇ ਹਨ ਜੋ ਸੂਬਾ ਸਰਹੱਦ ਵਿੱਚ ਸਿੱਖਾਂ, ਹਿੰਦੂਆਂ ਅਤੇ ਕੇਂਦਰੀ ਸੂਬੇ ਵਿੱਚ ਮੁਸਲਮਾਨਾਂ ਨੂੰ ਮਿਲੇ ਹੋਏ ਹਨ। ਸਾਰੇ ਹਿੰਦੋਸਤਾਨ ਵਿੱਚ ਅਲੱਗ ਅਲੱਗ ਫ਼ਿਰਕਿਆਂ ਦੀ ਧਾਰਮਿਕ ਰਾਖੀ ਲਈ ਪੱਕੇ ਕਾਇਦੇ ਬਣਾਏ ਜਾਣ।''

ਇਸੇ ਤਰ੍ਹਾਂ 9 ਮਾਰਚ 1946 ਨੂੰ ਸ਼੍ਰੋਮਣੀ ਕਮੇਟੀ ਨੇ ਸਿੱਖ ਸਟੇਟ ਸਬੰਧੀ ਇੱਕ ਹੋਰ ਮਤਾ ਇਸ ਤਰ੍ਹਾਂ ਪਾਸ ਕੀਤਾ, ''ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਲਾਨ ਕਰਦੀ ਹੈ ਕਿ ਸਿੱਖ ਆਪਣੇ ਆਪ ਵਿੱਚ ਇੱਕ ਵੱਖਰੀ ਕੌਮ ਹਨ ਅਤੇ ਇਸ ਇਜਲਾਸ ਦੀ ਰਾਇ ਹੈ ਕਿ ਸਿੱਖਾਂ ਦੇ ਮੁੱਖ ਧਾਰਮਿਕ ਸਥਾਨਾਂ, ਸਭਿਆਚਾਰ ਅਤੇ ਸਿੱਖ ਰਿਵਾਜਾਂ ਦੀ ਕਾਇਮੀ, ਸਿੱਖ ਸਵੈਮਾਣ ਤੇ ਆਜ਼ਾਦੀ ਦੀ ਰਾਖੀ ਤੇ ਭਵਿੱਖ ਵਿੱਚ ਸਿੱਖਾਂ ਦੀ ਤਰੱਕੀ ਲਈ ਸਿੱਖ ਸਟੇਟ ਜ਼ਰੂਰੀ ਹੈ। ਇਸ ਲਈ ਇਹ ਇਜਲਾਸ ਸਿੱਖ ਸੰਗਤਾਂ ਪਾਸ ਅਪੀਲ ਕਰਦਾ ਹੈ ਕਿ ਉਹ ਇਸ ਦੀ ਪ੍ਰਾਪਤੀ ਲਈ ਵੱਧ ਤੋਂ ਵੱਧ ਉਪਰਾਲਾ ਕਰਨ।''

ਇਸ ਤੋਂ ਇਲਾਵਾ 1955 ਦੇ ਪਹਿਲੇ ਪੰਜਾਬੀ ਸੂਬੇ ਮੋਰਚੇ ਵਿੱਚ ਜਿਨ੍ਹਾਂ ਆਗੂਆਂ ਨੇ ਗ੍ਰਿਫ਼ਤਾਰੀ ਦਿੱਤੀ ਸੀ ਉਨ੍ਹਾਂ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਅੱਛਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਹਰਭਜਨ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਕਿੰਨੇ ਹੀ ਮੈਂਬਰ ਸ਼ਾਮਲ ਸਨ। ਅਜਿਹੇ ਇਤਿਹਾਸ ਦੇ ਮੱਦੇਨਜ਼ਰ ਗਿਆਨੀ ਗੁਰਬਚਨ ਸਿੰਘ ਦੀ ਮੌਜੂਦਾ ਨਸੀਹਤ ਬਹੁਤੀ ਜਾਇਜ਼ ਹੋਣ ਦਾ ਪ੍ਰਭਾਵ ਨਹੀਂ ਦਿੰਦੀ।

# ਮਿਆਂਮਾਰ ਦਾ ਕਿਉਂ ਵਧਿਆ ਚੀਨ ਵੱਲ ਝੁਕਾਅ?



**ਜੀ. ਪਾਰਥਾਸਾਰਥੀ**

ਮਿਆਂਮਾਰ ਦੀਆਂ ਕੌਮੀ ਚੋਣਾਂ ਵਿੱਚ ਆਂਗ ਸਾਂ ਸੂ ਕੀ ਜਦੋਂ ਜੇਤੂ ਹੋ ਕੇ ਉੱਭਰੀ ਤਾਂ ਹਰ ਕਿਸੇ ਨੂੰ ਇਹੀ ਆਸ ਸੀ ਕਿ ਨੈਸ਼ਨਲ ਲੀਗ ਆਫ਼ ਡੈਮੋਕਰੇਸੀ (ਐਨਐਲਡੀ) ਪਾਰਟੀ ਦੀ ਆਗੂ ਦੀ ਪੱਛਮ ਵਿੱਚ ਬਣੀ ਭੱਲ ਸਦਕਾ ਉਸ ਦੀ ਸਰਕਾਰ ਨੂੰ ਅਮਰੀਕਾ ਤੇ ਯੂਰੋਪੀਅਨ ਯੂਨੀਅਨ (ਈਯੂ) ਤੋਂ ਠੋਸ ਵਿੱਤੀ ਇਮਦਾਦ ਮਿਲੇਗੀ। ਸਰਕਾਰ ਬਣਨ 'ਤੇ ਸੂ ਕੀ ਦੀਆਂ ਦੋ ਮੁੱਖ ਤਰਜੀਹਾਂ ਸਨ। ਇਨ੍ਹਾਂ 'ਚੋਂ ਪਹਿਲੀ ਤਰਜੀਹ ਮਿਆਂਮਾਰ ਵਿੱਚ ਨਸਲੀ ਅਮਨ ਦੀ ਸਥਾਪਤੀ ਸੀ, ਜਿੱਥੇ ਘੱਟਗਿਣਤੀ ਜਥੇਬੰਦੀਆਂ ਹਥਿਆਰਬੰਦ ਬਗ਼ਾਵਤ ਦਾ ਆਸਰਾ ਲੈਣ ਲਈ ਮਜਬੂਰ ਸਨ। ਰਾਸ਼ਟਰਪਤੀ ਥੀਨ ਸੀਨ, ਜੋ ਕਿ ਪਹਿਲਾਂ ਸਰਕਾਰ ਦੀ ਅਗਵਾਈ ਕਰਦੇ ਰਹੇ ਸਨ, ਨੇ ਜੰਗਬੰਦੀ ਸਮਝੌਤੇ ਲਈ ਇਨ੍ਹਾਂ 'ਚੋਂ ਕਈ ਜਥੇਬੰਦੀਆਂ ਨਾਲ ਗੱਲਬਾਤ ਤੋਰੀ ਸੀ। ਪਰ ਇਨ੍ਹਾਂ ਵਿੱਚੋਂ ਕੁਝ ਪ੍ਰਭਾਵਸ਼ਾਲੀ ਤੇ ਜ਼ੋਰਾਵਰ ਜਥੇਬੰਦੀਆਂ ਨੇ ਹਥਿਆਰਬੰਦ ਵਿਦਰੋਹ ਦਾ ਰਾਹ ਫੜੀ ਰੱਖਿਆ। ਸੂ ਕੀ ਦੀ ਤਰਜੀਹ ਮੁਲਕ ਦੇ ਆਰਥਿਕ ਵਿਕਾਸ ਦੀ ਰਫ਼ਤਾਰ ਨੂੰ ਤੇਜ਼ ਕਰਨ ਵਾਸਤੇ ਸਾਜ਼ਗਾਰ ਮਾਹੌਲ ਸਿਰਜਣਾ ਸੀ। ਐਨਐਲਡੀ ਆਗੂ ਦਾ ਪੱਛਮੀ ਜਗਤ ਤੋਂ ਭਰਵੀਂ ਵਿੱਤੀ ਇਮਦਾਦ ਆਉਣ ਦਾ ਭਰਮ ਕਦੇ ਪੂਰਾ ਨਹੀਂ ਹੋਇਆ। ਹਾਂ, ਮਿਆਂਮਾਰ ਨੇ ਖੇਤੀ ਉਤਪਾਦਨ ਵਿੱਚ ਵੰਨ-ਸੁਵੰਨਤਾ ਲਿਆਉਂਦਿਆਂ 8 ਫ਼ੀਸਦੀ ਦੇ ਵਿਕਾਸ ਟੀਚੇ ਨੂੰ ਪ੍ਰਾਪਤ ਕਰਕੇ ਸੂ ਕੀ ਦੀ ਦੂਜੀ ਤਰਜੀਹ ਨੂੰ ਪੂਰਾ ਕਰਨ ਵੱਲ ਅਹਿਮ ਪੇਸ਼ਕਦਮੀ ਜ਼ਰੂਰ ਕੀਤੀ ਹੈ।

ਪੱਛਮੀ ਤਾਕਤਾਂ ਤੇ ਜਾਣਬੁੱਝ ਕੇ ਦੂਜਿਆਂ ਦੇ ਮਾਮਲੇ ਵਿੱਚ ਦਖ਼ਲਅੰਦਾਜ਼ੀ ਕਰਨ ਵਾਲੇ ਤੁਰਕੀ ਤੇ ਮਲੇਸ਼ੀਆ ਜਿਹੇ ਮੁਸਲਿਮ ਮੁਲਕਾਂ ਨੇ ਨਸਲੀ ਅਮਨ ਦੇ ਯਤਨਾਂ ਵਿੱਚ ਲੱਗੀ ਸੂ ਕੀ ਦੀ ਕਦਰ ਤਾਂ ਕੀ ਕਰਨੀ ਸੀ ਬਲਕਿ ਰੋਹਿੰਗੀਆ ਮੁਸਲਮਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਕਥਿਤ ਉਲੰਘਣਾ ਨੂੰ ਲੈ ਕੇ ਸੂ ਕੀ ਉੱਤੇ ਬੇਲੋੜਾ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ, ਜਪਾਨ ਤੇ ਭਾਰਤ ਨੇ ਦਰਸਾਇਆ ਹੈ ਕਿ ਉਨ੍ਹਾਂ ਨੂੰ ਮਿਆਂਮਾਰ ਦੀਆਂ ਅੰਦਰੂਨੀ ਮੁਸ਼ਕਿਲਾਂ ਦੀ ਪੂਰੀ ਸਮਝ ਹੈ। ਚੀਨ ਨੇ 'ਰੋਹਿੰਗੀਆ' ਮੁੱਦੇ 'ਤੇ 'ਵਿਚੋਲਗੀ' ਦੀ ਪੇਸ਼ਕਸ਼ ਕਰਕੇ ਆਪਣੇ ਦੱਖਣ ਵਿਚਲੇ ਗੁਆਂਢੀ ਨੂੰ ਉਲਝਣ ਵਿੱਚ ਪਾ ਦਿੱਤਾ। ਇਹ ਮਿਆਂਮਾਰ ਦੀਆਂ ਨਸਲੀ ਮੁਸ਼ਕਿਲਾਂ ਪ੍ਰਤੀ ਚੀਨ ਦੀ ਪਹੁੰਚ ਦਾ ਹੀ ਸਿੱਟਾ ਹੈ ਕਿ ਉਹ ਚੀਨ ਦੀ ਗਲਵੱਕੜੀ 'ਚ ਜਾਣ ਲਈ ਮਜਬੂਰ ਹੋਇਆ। ਇਸੇ ਕਾਰਨ ਸੂ ਕੀ ਦੋ ਵਾਰ ਚੀਨ ਦੀ ਫੇਰੀ ਉੱਤੇ ਜਾ ਚੁੱਕੀ ਹੈ ਅਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਪ੍ਰਧਾਨ ਮੰਤਰੀ ਲੀ ਚੀ ਚਿਆਂਗ ਨੂੰ ਮਿਲ ਚੁੱਕੀ ਹੈ।

ਮਿਆਂਮਾਰ ਵਿੱਚ ਲੰਮੇ ਸਮੇਂ ਤੋਂ ਜਾਰੀ ਨਸਲੀ ਵਿਦਰੋਹ ਵਿੱਚ ਬਹੁਗਿਣਤੀ ਬਾਮਾਰਾਂ ਨੂੰ ਨਸਲੀ ਘੱਟ ਗਿਣਤੀਆਂ ਦੀ ਸ਼ਮੂਲੀਅਤ ਵਾਲੀਆਂ 22 ਹਥਿਆਰਬੰਦ ਜਥੇਬੰਦੀਆਂ ਨਾਲ ਮੱਥਾ ਲਾਉਣਾ ਪੈ ਰਿਹਾ ਹੈ। ਇਨ੍ਹਾਂ ਜਥੇਬੰਦੀਆਂ 'ਚੋਂ ਭਾਰਤ-ਚੀਨ-ਮਿਆਂਮਾਰ ਦੀਆਂ ਸਰਹੱਦਾਂ ਦੇ ਤੀਹਰੇ ਜੰਕਸ਼ਨ 'ਤੇ ਸਰਗਰਮ 25 ਹਜ਼ਾਰ ਦੇ ਕਰੀਬ ਹਥਿਆਰਬੰਦ ਲੜਾਕਿਆਂ ਦੀ ਨਫ਼ਰੀ ਵਾਲੀ ਯੂਨਾਈਟਿਡ ਡਬਲਿਊਏ ਸਟੇਟ ਆਰਮੀ (ਯੂਡਬਲਿਊਐਸਏ) ਤੇ 5 ਹਜ਼ਾਰ ਲੜਾਕਿਆਂ ਵਾਲੀ ਕਾਚਿਨ ਇੰਡੀਪੈਂਡੈਂਸ ਆਰਮੀ (ਕੇਆਈਏ) ਸਭ ਤੋਂ ਤਾਕਤਵਰ ਹਨ। ਇਨ੍ਹਾਂ ਦੋਵਾਂ ਜਥੇਬੰਦੀਆਂ ਨੂੰ ਹਥਿਆਰ ਤੇ ਫ਼ੌਜੀ ਯੋਜਨਾਬੰਦੀ ਸਬੰਧੀ ਹਮਾਇਤ ਚੀਨ ਤੋਂ ਮਿਲਦੀ ਹੈ। ਭਾਰਤ ਦੇ ਉੱਤਰ ਪੂਰਬ ਵਿੱਚ ਸਰਗਰਮ 'ਉਲਫ਼ਾ' ਤੇ ਐਨਐਸਸੀਐਨ (ਖਾਪਲਾਂਗ) ਵਰਗੀਆਂ ਵੱਖਵਾਦੀ ਜਥੇਬੰਦੀਆਂ ਨੂੰ ਚੀਨ ਦੇ ਗੁਆਂਢੀ ਯੁਨਨਾਨ ਸੂਬੇ ਵਿੱਚ ਸਰਕਾਰੀ ਅਧਿਕਾਰੀਆਂ ਦੇ ਸਲਾਹ ਮਸ਼ਵਰੇ 'ਤੇ ਕੇਆਈਏ ਦੀ ਪੂਰੀ ਹਮਾਇਤ ਮਿਲਦੀ ਆਈ ਹੈ। ਚੀਨ ਨੇ ਯੂਡਬਲਿਊਐਸਏ ਨੂੰ ਅਤਿਆਧੁਨਿਕ ਹਥਿਆਰਾਂ ਨਾਲ ਲੈਸ ਕੀਤਾ ਹੈ, ਜਿਨ੍ਹਾਂ ਦੀ ਵਰਤੋਂ ਵਿਦਰੋਹ ਦੀ ਮਾਰ ਝੱਲ ਰਹੇ ਮਿਆਂਮਾਰੀ ਸ਼ਾਨ ਸੂਬੇ ਵਿੱਚ ਖੁੱਲ੍ਹ ਕੇ ਹੁੰਦੀ ਹੈ। ਇਸੇ ਜਥੇਬੰਦੀ ਵੱਲੋਂ ਸਰਹੱਦ ਪਾਰ ਜਾ ਕੇ ਕੀਤੇ ਜਾਂਦੇ ਹਮਲੇ ਮਿਆਂਮਾਰ ਉੱਤੇ ਦਬਾਅ ਬਣਾਉਣ ਲਈ ਚੀਨ ਦਾ ਪ੍ਰਮੁੱਖ ਹਥਿਆਰ ਹਨ।

ਚੀਨ, ਮਿਆਂਮਾਰ ਉੱਤੇ ਇਸ ਗੱਲੋਂ ਵੀ ਦਬਾਅ ਬਣਾਈ ਰੱਖਣਾ ਚਾਹੁੰਦਾ ਹੈ ਕਿਉਂਕਿ ਇਹ ਮੁਲਕ ਚੀਨ ਲਈ ਹਿੰਦ ਮਹਾਸਾਗਰ ਤਕ ਜ਼ਮੀਨੀ ਪੁਲ ਦਾ ਕੰਮ ਦਿੰਦਾ ਹੈ। ਸੂ ਕੀ ਦੇ ਪੱਛਮੀ ਮੁਲਕਾਂ ਦੇ ਵਧੇਰੇ ਨੇੜੇ ਹੋਣ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ ਚੀਨ ਸ਼ੁਰੂਆਤ ਵਿੱਚ ਐਨਐਲਡੀ ਆਗੂ ਦੀ ਚੋਣ ਜਿੱਤ ਤੋਂ ਫ਼ਿਕਰਮੰਦ ਸੀ। ਪਰ ਕੁਝ ਵੀ ਹੋਵੇ, ਪੇਇਚਿੰਗ ਨੇ ਆਪਣੀ ਹੁਨਰਮੰਦੀ ਨਾਲ ਸੁਰੱਖਿਆ ਤੇ ਆਰਥਿਕ ਦਾਅਪੇਚ ਵਰਤ ਕੇ ਸੂ ਕੀ ਨੂੰ ਹਥਿਆਰਬੰਦ ਵੱਖਵਾਦੀ ਜਥੇਬੰਦੀਆਂ ਨਾਲ ਸ਼ਾਂਤੀ ਸਮਝੌਤੇ ਮੌਕੇ ਚੀਨੀ ਦਖ਼ਲ ਵਾਸਤੇ ਰਾਜ਼ੀ ਕਰ ਲਿਆ। ਚੀਨ ਨੇ ਸੰਯੁਕਤ ਰਾਸ਼ਟਰ ਵਿੱਚ ਰੋਹਿੰਗੀਆ ਮੁਸਲਮਾਨਾਂ ਦੇ ਮੁੱਦੇ 'ਤੇ ਢਾਲ ਬਣ ਕੇ ਮਿਆਂਮਾਰ ਨੂੰ ਪੱਛਮੀ ਆਲੋਚਕਾਂ ਤੋਂ ਬਚਾਇਆ। ਮਿਆਂਮਾਰ ਲਈ ਸਿਆਸੀ ਤੇ ਆਰਥਿਕ ਪੱਖੋਂ ਅਹਿਮ ਮੁੱਦਿਆਂ ਨੂੰ ਘਰੇਲੂ ਪੱਧਰ 'ਤੇ ਅਸਰਅੰਦਾਜ਼ ਕਰਨ ਲਈ ਚੀਨ ਨੇ ਪੱਛਮ ਦੀਆਂ ਤੰਗਨਜ਼ਰੀ ਇਮਦਾਦ ਨੀਤੀਆਂ ਨੂੰ ਵੀ ਰੱਜ ਕੇ ਵਰਤਿਆ। ਚੀਨ ਨੇ ਆਪਣੇ ਅਸਰ ਰਸੂਖ਼ ਨਾਲ ਹਾਲ ਹੀ ਵਿੱਚ ਯੂਨਾਈਟਿਡ ਡਬਲਿਊਏ ਸਟੇਟ ਆਰਮੀ (ਯੂ ਡਬਲਿਊ ਐਸ ਏ) ਨੂੰ ਗੋਲੀਬੰਦੀ ਲਈ ਰਾਜ਼ੀ ਕਰ ਲਿਆ। ਕਾਚਿਨ ਇੰਡੀਪੈਂਡੈਂਸ ਆਰਗੇਨਾਈਜ਼ੇਸ਼ਨ (ਕੇਆਈਓ) ਨਾਲ ਵੀ ਚੀਨ ਵੱਲੋਂ ਕੁਝ ਅਜਿਹਾ ਹੀ ਦਿਖਾਵਾ ਕੀਤਾ ਜਾ ਰਿਹਾ ਹੈ। ਮਿਆਂਮਾਰ ਵਿੱਚ ਚੀਨੀ ਰਾਜਦੂਤ ਵੱਲੋਂ ਕੇਆਈਓ ਨਾਲ ਗੱਲਬਾਤ ਲਈ ਕੀਤੇ ਜਾ ਰਹੇ ਯਤਨਾਂ 'ਤੇ, ਭਾਰਤ ਨੂੰ ਨੇੜਿਓਂ ਹੋ ਕੇ ਨਜ਼ਰ ਰੱਖਣ ਦੀ ਲੋੜ ਹੈ। ਚੀਨ ਅੱਜ ਜਿਸ ਸਥਿਤੀ ਵਿੱਚ ਹੈ, ਉੱਥੋਂ ਉਹ ਮਿਆਂਮਾਰ ਦੀਆਂ ਬਾਗ਼ੀ ਜਥੇਬੰਦੀਆਂ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੈ।

ਮਿਆਂਮਾਰ ਵਿੱਚ ਚੀਨ ਦੇ ਵੱਡੇ ਬੁਨਿਆਦੀ ਢਾਂਚਾ ਤੇ ਖਣਨ ਪ੍ਰਾਜੈਕਟਾਂ ਦੀ ਸ਼ੁਰੂਆਤ 90ਵਿਆਂ ਦੇ ਸ਼ੁਰੂ ਵਿੱਚ ਹੋਈ ਸੀ। ਇਨ੍ਹਾਂ ਪ੍ਰਾਜੈਕਟਾਂ ਲਈ ਵਾਤਾਵਰਣ ਵਿੱਚ ਪੈਣ ਵਾਲੇ ਵਿਗਾੜਾਂ ਤੇ ਲੋਕਾਂ ਦੇ ਵੱਡੇ ਪੱਧਰ 'ਤੇ ਘਰੋਂ ਬੇਘਰ ਹੋਣ ਜਿਹੇ ਮੁੱਦਿਆਂ ਨੂੰ ਨਾਂਮਾਤਰ ਹੀ ਵਿਚਾਰਿਆ ਗਿਆ। ਮਿਆਂਮਾਰ ਦੇ ਪਹਿਲੇ ਜਮਹੂਰੀ ਤਰੀਕੇ ਨਾਲ ਚੁਣੇ ਰਾਸ਼ਟਰਪਤੀ ਥੀਨ ਸੀਨ ਨੂੰ ਜਨਤਕ ਪ੍ਰਦਰਸ਼ਨਾਂ ਦੇ ਚਲਦਿਆਂ 3.6 ਅਰਬ ਡਾਲਰ ਦੀ ਲਾਗਤ ਵਾਲੇ ਪਣਬਿਜਲੀ ਪ੍ਰਾਜੈਕਟ (ਮਾਇਟਸੋਨ ਡੈਮ) ਨੂੰ ਰੱਦ ਕਰਨ ਲਈ ਮਜਬੂਰ ਹੋਣਾ ਪਿਆ। ਇਸ ਪ੍ਰਾਜੈਕਟ ਕਰਕੇ ਜਿੱਥੇ ਹਜ਼ਾਰਾਂ ਲੋਕਾਂ 'ਤੇ ਉਜਾੜੇ ਦੀ ਤਲਵਾਰ ਲਟਕਣੀ ਸੀ, ਉੱਥੇ ਇਸ ਪ੍ਰਾਜੈਕਟ ਰਾਹੀਂ ਪੈਦਾ ਹੋਣ ਵਾਲੀ ਬਿਜਲੀ 'ਚੋਂ 90 ਫ਼ੀਸਦ ਚੀਨ ਨੂੰ ਜਾਣੀ ਸੀ। ਸੂ ਕੀ ਨੇ ਹਾਲਾਂਕਿ ਮੁਕਾਮੀ ਵਿਰੋਧ ਦੇ ਦਰਮਿਆਨ ਹੀ ਚੀਨ ਦੀ ਹਮਾਇਤ ਵਾਲੇ ਤਾਂਬਾ ਖਣਨ ਪ੍ਰਾਜੈਕਟ 'ਚ ਚੀਨੀ ਭਾਈਵਾਲ ਨੂੰ ਮੁਨਾਫ਼ੇ 'ਚੋਂ 30 ਫ਼ੀਸਦ ਹਿੱਸਾ ਦੇਣ ਨੂੰ ਨਿੱਜੀ ਤੇ ਵਿਵਾਦਤ ਤੌਰ 'ਤੇ ਪ੍ਰਵਾਨਗੀ ਦਿੱਤੀ।

ਬੰਗਾਲ ਦੀ ਖਾੜੀ ਵਿੱਚ ਕਿਯੋਕ ਪਾਇਓ ਬੰਦਰਗਾਹ ਦਾ ਵਿਕਾਸ ਚੀਨ ਦਾ ਇੱਕ ਹੋਰ ਵਿਵਾਦਤ ਪ੍ਰਾਜੈਕਟ ਹੈ, ਜਿਸ 'ਤੇ ਉਸ ਨੇ ਅੰਦਾਜ਼ਨ 7.3 ਅਰਬ ਡਾਲਰ ਦਾ ਨਿਵੇਸ਼ ਕੀਤਾ ਹੈ। ਪੇਇਚਿੰਗ ਇਸ ਪ੍ਰਾਜੈਕਟ ਵਿੱਚ 70 ਤੋਂ 80 ਫ਼ੀਸਦੀ ਹਿੱਸੇਦਾਰੀ ਉੱਤੇ ਨਜ਼ਰਾਂ ਲਾਈ ਬੈਠਾ ਹੈ। ਬੰਦਰਗਾਹ ਦੇ ਨਾਲ 4289 ਏਕੜ ਵਿੱਚ 'ਕਿਯੋਕ ਪਾਇਓ ਆਰਥਿਕ ਜ਼ੋਨ' ਬਣਾਏ ਜਾਣ ਦੀ ਤਜਵੀਜ਼ ਹੈ, ਜਿਸ ਵਿੱਚ 2.1 ਅਰਬ ਡਾਲਰ ਦੇ ਨਿਵੇਸ਼ ਨਾਲ ਚੀਨ 51 ਫ਼ੀਸਦੀ ਹਿੱਸੇਦਾਰੀ ਚਾਹੁੰਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜੇਕਰ ਮਿਆਂਮਾਰ ਕਿਯੋਕ ਪਾਇਓ ਪ੍ਰਾਜੈਕਟ ਲਈ ਚੀਨੀ ਸ਼ਰਤਾਂ ਮੰਨਣ ਲਈ ਹਾਮੀ ਭਰਦਾ ਹੈ ਤਾਂ ਉਹ (ਚੀਨ) ਮਾਇਟਸੋਨ ਪਣ ਬਿਜਲੀ ਪ੍ਰਾਜੈਕਟ ਬਾਬਤ ਆਪਣੀਆਂ ਮੰਗਾਂ

(ਬਾਕੀ ਸਫਾ 22 ਤੇ)




# ਮਸਲਜ਼ ਵਿਚ ਵਾਰ-ਵਾਰ ਹੁੰਦਾ ਹੈ ਦਰਦ ਤਾਂ ਹੋ ਸਕਦੀਆਂ ਨੇ ਇਹ ਬਿਮਾਰੀਆਂ

ਦਿਨ ਭਰ ਦੀ ਦੌੜ-ਭੱਜ ਅਤੇ ਥਕਾਵਟ ਦੇ ਕਾਰਨ ਕਈ ਵਾਰ ਮਸਲਜ਼ ਪੇਨ ਹੋਣ ਲੱਗਦਾ ਹੈ। ਪਰ ਜੇਕਰ ਇਹ ਸਮੱਸਿਆ ਲੰਮੇ ਸਮੇਂ ਤੱਕ ਬਣੀ ਰਹੇ ਤਾਂ ਇਹ ਕਿਸੇ ਸੀਰੀਅਸ ਸਿਹਤ ਸਮੱਸਿਆ ਦਾ ਸੰਕੇਤ ਵੀ ਹੋ ਸਕਦੀ ਹੈ। ਸਮੱਸਿਆ ਵਧਣ ਤੇ ਤੁਰੰਤ ਡਾਕਟਰੀ ਇਲਾਜ ਲਓ।

**ਡਾਇਬਟੀਜ਼–** ਸਰੀਰ ਵਿਚ ਇੰਸੁਲਿਨ ਦਾ ਬੇਲੈਂਸ ਵਿਗੜਨ ਕਾਰਨ ਡਾਇਬਟੀਜ਼ ਦੀ ਸਮੱਸਿਆ ਹੋਣ ਲੱਗਦੀ ਹੈ। ਇਸ ਵਿਚ ਮਸਲਜ਼ ਪੇਨ ਵੀ ਹੁੰਦਾ ਹੈ।

**ਮਲੇਰੀਆ–** ਸਰੀਰ ਵਿਚ ਮਲੇਰੀਆ ਦਾ ਵਾਇਰਸ ਆਉਣ ਕਾਰਨ ਮਸਲਜ਼ ਵਿਚ ਖਿਚਾਅ ਹੋਣ ਲੱਗਦਾ ਹੈ। ਇਸ ਕਾਰਨ ਮਸਲਜ਼ ਪੇਨ ਵੀ ਹੋਣ ਲੱਗਦਾ ਹੈ।

**ਗਠੀਆ–** ਗਠੀਆ ਦੀ ਸਮੱਸਿਆ ਹੋਣ ਕਾਰਨ ਸਰੀਰ ਦਾ ਬਲੱਡ ਸਰਕੂਲੇਸ਼ਨ ਵਿਗੜ ਜਾਂਦਾ ਹੈ। ਇਸ ਕਾਰਨ ਮਸਲਜ਼ ਪੇਨ ਹੁੰਦਾ ਹੈ।

**ਸਟ੍ਰੈਸ–** ਸਰੀਰ ਵਿਚ ਕਾਰਟੀਸੋਲ ਨਾਮੀ ਹਾਰਮੋਨ ਵਧਣ ਕਾਰਨ ਸਟ੍ਰੈਸ ਵਧਣ ਲੱਗਦਾ ਹੈ। ਇਸ ਦੇ ਕਾਰਨ ਮਸਲਜ਼ ਪੇਨ ਵੀ ਹੋਣ ਲੱਗਦਾ ਹੈ।

**ਪ੍ਰੋਟੀਨ ਦੀ ਕਮੀ–** ਸਰੀਰ ਵਿਚ ਪ੍ਰੋਟੀਨ ਦੀ ਕਮੀ ਦੇ ਕਾਰਨ ਮਸਲਜ਼ ਵਿਚ ਕਮਜ਼ੋਰੀ ਆ ਜਾਂਦੀ ਹੈ। ਅਜਿਹੇ ਵਿਚ ਮਸਲਜ਼ ਪੇਨ ਦੀ ਸ਼ਿਕਾਇਤ ਵੀ ਹੋਣ ਲੱਗਦੀ ਹੈ।

**ਡੀਹਾਈਡ੍ਰੇਸ਼ਨ–** ਸਰੀਰ ਵਿਚ ਪਾਣੀ ਦੀ ਕਮੀ ਦੇ ਕਾਰਨ ਮਸਲਜ਼ ਵਿਚ ਖਿਚਾਅ ਹੋਣ ਲੱਗਦਾ ਹੈ। ਨਾਲ ਹੀ ਮਸਲਜ਼ ਵਿਚ ਪੇਨ ਵੀ ਹੋਣ ਲੱਗਦਾ ਹੈ।

**ਫਲੂ–** ਫਲੂ ਦੇ ਕਾਰਨ ਸਰੀਰ ਦਾ ਬਲੱਡ ਸਰਕੂਲੇਬਨ ਵਿਗੜ ਜਾਂਦਾ ਹੈ। ਅਜਿਹੇ ਵਿਚ ਮਸਲਜ਼ ਪੇਨ ਹੋਣ ਲੱਗਦਾ ਹੈ।

### ਮਸਲਜ਼ ਮਜ਼ਬੂਤ ਬਣਾਉਣ ਲਈ ਕੀ ਖਾਈਏ

**ਮੂੰਗਫਲੀ–** ਮੂੰਗਫਲੀ ਵਿਚ ਲੋੜੀਂਦੀ ਮਾਤਰਾ ਵਿਚ ਪ੍ਰੋਟੀਨ, ਜ਼ਿੰਕ ਅਤੇ ਹੈਲਦੀ ਫੈਟ ਪਾਇਆ ਜਾਂਦਾ ਹੈ। ਇਸਨੂੰ ਰੈਗੂਲਰ ਡਾਈਟ ਵਿਚ ਸ਼ਾਮਲ ਕਰਨ ਨਾਲ ਮਸਲਜ਼ ਮਜ਼ਬੂਤ ਹੁੰਦੇ ਹਨ ਅਤੇ ਕਮਜ਼ੋਰੀ ਦੂਰ ਹੁੰਦੀ ਹੈ।

**ਅੰਡੇ–** ਇਹਨਾਂ ਵਿਚ ਭਰਪੂਰ ਮਾਤਰਾ ਵਿਚ ਪ੍ਰੋਟੀਨ, ਲਿਊਟੇਨ ਅਤੇ ਅਮੀਨੋ ਐਸਿਡ ਪਾਇਆ ਜਾਂਦਾ ਹੈ। ਇਹ ਤੱਤ ਸਰੀਰ ਨੂੰ ਲੋੜੀਂਦੀ ਐਨਰਜੀ ਦਿੰਦੇ ਹਨ ਤੇ ਮਸਲਜ਼ ਮਜ਼ਬੂਤ ਬਣਾਉਂਦੇ ਹਨ।

**ਡ੍ਰਾਈ ਫਰੂਟ–** ਡ੍ਰਾਈ ਫਰੂਟਸ ਅਤੇ ਨਟਸ ਦੋਵਾਂ ਵਿਚ ਹੀ ਭਰਪੂਰ ਮਾਤਰਾ ਵਿਚ ਪ੍ਰੋਟੀਨ, ਵਿਟਾਮਿਨ ਅਤੇ ਐਂਟੀ ਆਕਸੀਡੈਂਟਸ ਪਾਏ ਜਾਂਦੇ ਹਨ। ਇਹਨਾਂ ਨੂੰ ਰੈਗੂਲਰ ਡਾਈਟ ਵਿਚ ਸ਼ਾਮਲ ਕਰਨ ਨਾਲ ਮਸਲਜ਼ ਮਜ਼ਬੂਤ ਹੁੰਦੇ ਹਨ।

**ਸਪ੍ਰਾਊਟਸ–** ਇਹਨਾਂ



ਵਿਚ ਜ਼ਿੰਕ ਅਤੇ ਪ੍ਰੋਟੀਨ ਦੀ ਲੋੜੀਂਦੀ ਮਾਤਰਾ ਪਾਈ ਜਾਂਦੀ ਹੈ। ਇਹਨਾਂ ਨੂੰ ਰੈਗੂਲਰ ਖਾਣ ਨਾਲ ਮਸਲਜ਼ ਮਜ਼ਬੂਤ ਹੁੰਦੇ ਹਨ।

**ਲੋਅ ਫੈਟ ਡੇਅਰੀ ਪ੍ਰਾਡਕਟਸ–** ਲੋਅ ਫੈਟ ਡੇਅਰੀ ਪ੍ਰਾਡਕਟਸ ਜਿਵੇਂ ਦੁੱਧ, ਦਹੀਂ, ਲੱਸੀ ਵਿਚ ਪ੍ਰੋਟੀਨ, ਕਾਰਬੋਹਾਈਡ੍ਰੇਟਸ ਅਤੇ ਵਿਟਾਮਿਨ ਡੀ ਚੰਗੀ ਮਾਤਰਾ ਵਿਚ ਪਾਏ ਜਾਂਦੇ ਹਨ। ਇਹਨਾਂ ਨਾਲ ਮਸਲਜ਼ ਮਜ਼ਬੂਤ ਹੁੰਦੇ ਹਨ।

**ਕੱਦੂ–** ਇਹਨਾਂ ਵਿਚ ਜ਼ਿੰਕ, ਵਿਟਾਮਿਨਸ ਅਤੇ ਐਂਟੀ ਆਕਸੀਡੈਂਟਸ ਲੋੜੀਂਦੀ ਮਾਤਰਾ ਵਿਚ ਪਾਏ ਜਾਂਦੇ ਹਨ। ਇਨਾਂ ਨੂੰ ਡਾਈਟ ਵਿਚ ਸ਼ਾਮਲ ਕਰਨ ਨਾਲ ਮਸਲਜ਼ ਮਜਬੂਤ ਹੁੰਦੇ ਹਨ।

**ਨੌਨਵੈਜ–** ਮਟਨ, ਚਿਕਨ, ਮੱਛੀ ਪ੍ਰੋਟੀਨ ਅਤੇ ਅਮੀਨੋ ਐਸਿਡ ਦਾ ਸਭ ਤੋਂ ਚੰਗਾ ਸਰੋਤ ਹੁੰਦੇ ਹਨ। ਇਹਨਾਂ ਨੂੰ ਡਾਈਟ ਵਿਚ ਸ਼ਾਮਲ ਕਰਨ ਨਾਲ ਮਸਲਜ਼ ਮਜ਼ਬੂਤ ਹੁੰਦੇ ਹਨ।

**ਦੁੱਧ–** ਦੁੱਧ ਪ੍ਰੋਟੀਨ ਅਤੇ ਕੈਲਸ਼ੀਅਮ ਦਾ ਕਾਫੀ ਚੰਗਾ ਸਰੋਤ ਹੁੰਦਾ ਹੈ। ਰੈਗੂਲਰ ਸਵੇਰੇ-ਸ਼ਾਮ ਇਕ ਗਿਲਾਸ ਦੁੱਧ ਪੀਣ ਨਾਲ ਮਸਲਜ਼ ਮਜ਼ਬੂਤ ਹੁੰਦੇ ਹਨ।

**ਮੁਨੱਕਾ–** 10-15 ਮੁਨੱਕਾ ਨੂੰ ਗਰਮ ਪਾਣੀ ਨਾਲ ਧੋ ਕੇ ਰਾਤ ਨੂੰ ਭਿਉਂ ਦਿਓ। ਸਵੇਰੇ ਇਸਦਾ ਪਾਣੀ ਪੀਓ ਅਤੇ ਦਾਣਿਆਂ ਨੂੰ ਵੀ ਖਾਓ।


**ਛੋਲਿਆਂ ਦੀ ਦਾਲ–** ਰਾਤ ਨੂੰ 6-7 ਚਮਚੇ ਛੋਲਿਆਂ ਦੀ ਦਾਲ ਨੂੰ ਇਕ ਗਿਲਾਸ ਕੱਚੇ ਦੁੱਧ ਵਿਚ ਭਿਉਂ ਕੇ ਰੱਖ ਦਿਓ। ਸਵੇਰੇ ਇਸ ਵਿਚ 5-6 ਕਿਸ਼ਮਿਸ਼ ਅਤੇ ਮਿਸ਼ਰੀ ਮਿਲਾ ਕੇ ਖਾਓ।

# ਅੱਖਾਂ ਦੇ ਇਹਨਾਂ ਸੰਕੇਤਾਂ ਦੀ ਨਾ ਕਰੋ ਅਣਦੇਖੀ

## ਹੋ ਸਕਦੀ ਹੈ ਕੋਈ ਵੱਡੀ ਬਿਮਾਰੀ

ਬਦਲਦੀ ਲਾਈਫ ਸਟਾਈਲ ਅਤੇ ਭੱਜ ਦੌੜ ਦੇ ਕਾਰਨ ਅਸੀਂ ਇੱਛਾ ਰੱਖ ਕੇ ਵੀ ਅੱਖਾਂ ਦੀ ਸੰਭਾਲ ਨਹੀਂ ਕਰ ਪਾਉਂਦੇ। ਕਈ ਵਾਰ ਅਸੀਂ ਇਹ ਨਹੀਂ ਜਾਣ ਸਕਦੇ ਕਿ ਸਾਨੂੰ ਕਿਹੜੀ ਬਿਮਾਰੀ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਅੱਖਾਂ ਦੇ ਰੰਗਾਂ ਤੋਂ ਵੀ ਬਿਮਾਰੀਆਂ ਦਾ ਪਤਾ ਲਗਾਇਆ ਜਾ ਸਕਦਾ ਹੈ।

**ਲਾਲ ਰੰਗ–** ਅੱਖਾਂ ਦਾ ਲਾਲ ਹੋਣਾ ਕੰਜਕਟੀਵਾਈਟਿਸ ਨਾਂ ਦੀ ਬਿਮਾਰੀ ਦਾ ਲੱਛਣ ਹੈ, ਜਿਸ



ਵਿਚ ਅੱਖਾਂ ਆਉਣਾ, ਇਨਫੈਕਸ਼ਨ ਅਤੇ ਐਲਰਜੀ ਦੀ ਸਮੱਸਿਆ ਹੋਣ ਲੱਗਦੀ ਹੈ।

**ਕਿਵੇਂ ਬਚੀਏ–** ਇਸ ਤੋਂ ਬਚਣ ਦੇ ਲਈ ਸਾਫ ਅਤੇ ਠੰਡੇ ਪਾਣੀ ਨਾਲ ਅੱਖਾਂ ਨੂੰ ਦਿਨ ਵਿਚ 3-4 ਵਾਰ ਧੋਵੋ। ਕਾਲਾ ਚਸ਼ਮਾ ਲਗਾਓ ਅਤੇ ਅੱਖਾਂ ਵਿਚ ਧੂੜ, ਗਰਮ ਹਵਾ ਜਾਣ ਤੋਂ ਬਚਾਓ।

**ਪੁਤਲੀ ਦਾ ਸਫੈਦ ਰੰਗ–** ਇਹ ਮੋਤੀ-ਆਬਿੰਦ ਹੋਣ ਦਾ ਸੰਕੇਤ ਹੁੰਦਾ ਹੈ। ਇਸ ਵਿਚ ਅੱਖਾਂ ਦਾ ਲੈਨਜ਼ ਖਰਾਬ ਹੋਣ ਦਾ ਖਤਰਾ ਵੱਧ ਜਾਂਦਾ ਹੈ।

**ਕਿਵੇਂ ਬਚੀਏ–** ਅੱਖਾਂ ਦੇ ਮਾਹਿਰ ਤੋਂ ਸਲਾਹ ਲਓ। ਜ਼ਰੂਰਤ ਪੈਣ 'ਤੇ ਅੱਖਾਂ ਦੀ ਸਰਜਰੀ ਕਰਵਾ ਕੇ ਇਸ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ।

**ਪੂਰੀ ਅੱਖ ਦਾ ਸਫੈਦ ਹੋਣਾ–** ਇਹ ਅਨੀਮੀਆ ਨਾਮੀ ਬਿਮਾਰੀ ਹੋਣ ਦਾ ਸੰਕੇਤ ਹੁੰਦਾ ਹੈ। ਇਸ ਵਿਚ ਖੂਨ ਦੀ ਕਮੀ, ਥਕਾਵਟ, ਕਮਜ਼ੋਰੀ, ਸਾਹ ਲੈਣ ਵਿਚ ਤਕਲੀਫ ਅਤੇ ਛਾਤੀ ਵਿਚ ਦਰਦ ਹੋਣ ਲੱਗਦਾ ਹੈ।

**ਕਿਵੇਂ ਬਚੀਏ–** ਇਸ ਤੋਂ ਬਚਣ ਦੇ ਲਈ ਹਰੀਆਂ ਪੱਤੇਦਾਰ ਸਬਜ਼ੀਆਂ, ਮੂੰਗੀ, ਤਿਲ, ਬਾਜਰਾ, ਵਿਟਾਮਿਨਸ ਅਤੇ ਮਿਨਰਲਸ ਵਾਲੇ ਫਲ ਅਤੇ ਖੂਨ ਵਧਾਉਣ ਵਾਲੀਆਂ ਚੀਜ਼ਾਂ ਖਾਓ।

**ਪੀਲਾ ਰੰਗ–** ਅੱਖਾਂ ਦਾ ਪੀਲਾਪਣ ਵੱਧ ਜਾਣਾ ਪੀਲੀਆ ਹੋਣ ਦਾ ਸੰਕੇਤ ਹੁੰਦਾ ਹੈ। ਇਸ ਵਿਚ ਲੀਵਰ ਖਰਾਬ ਹੋਣਾ, ਕਮਜ਼ੋਰੀ ਅਤੇ ਡਾਈਜੇਸ਼ਨ ਦੀ ਸਮੱਸਿਆ ਹੋ ਜਾਂਦੀ ਹੈ।

**ਕਿਵੇਂ ਬਚੀਏ–** ਖੁੱਲ੍ਹੇ ਵਿਚ ਵਿਕਣ ਵਾਲੀਆਂ ਚੀਜ਼ਾਂ ਖਾਣ ਤੋਂ ਬਚਾਅ ਕਰੋ। ਸਾਫ ਪਾਣੀ ਪੀਓ। ਸਮੱਸਿਆ ਜ਼ਿਆਦਾ ਹੋਣ ਤੇ ਡਾਕਟਰੀ ਸਲਾਹ ਲਓ।

**ਗੁਲਾਬੀ ਰੰਗ–** ਅੱਖਾਂ ਦਾ ਰੰਗ ਹਲਕਾ ਗੁਲਾਬੀ ਹੋਣਾ ਕੰਪਿਊਟਰ ਵਿਜਨ ਸਿੰਡਰੋਮ ਹੋਣ ਦਾ ਸੰਕੇਤ ਹੈ। ਇਸ ਵਿਚ ਅੱਖਾਂ ਵਿਚ ਦਰਦ, ਸੋਜਿਸ਼ ਅਤੇ ਜਲਣ ਹੋਣ ਲੱਗਦੀ ਹੈ।

**ਕਿਵੇਂ ਬਚੀਏ–** ਕੰਪਿਊਟਰ, ਲੈਪਟਾਪ ਅਤੇ ਮੋਬਾਇਲ ਤੇ ਲਗਾਤਾਰ ਕੰਮ ਨਾ ਕਰੋ। ਵਿਚਕਾਰ ਬਰੇਕ ਲਓ। 7-8 ਘੰਟੇ ਦੀ ਨੀਂਦ ਲਾਜ਼ਮੀ ਲਓ।

# 8 ਟਿਪਸ ਅਪਣਾਓ, ਮਹੀਨੇ ਭਰ ਵਿਚ ਹੋ ਜਾਓਗੇ ਪਤਲੇ

ਬਿਜ਼ੀ ਲਾਈਫ ਸਟਾਈਲ ਦੇ ਕਾਰਨ ਤੁਸੀਂ ਦਿਨ ਵਿਚ ਵਜਨ ਘਟਾਉਣ ਦੀਆਂ ਕੋਸ਼ਿਸ਼ਾਂ 'ਤੇ ਅਮਲ ਨਹੀਂ ਕਰ ਪਾਉਂਦੇ ਤਾਂ ਕੋਈ ਗੱਲ ਨਹੀਂ। ਰਾਤ ਦੇ ਵਕਤ ਕੁਝ ਗੱਲਾਂ 'ਤੇ ਅਮਲ ਕਰਕੇ ਤੇਜੀ ਨਾਲ ਵਜਨ ਘਟਾਉਣ ਵਿਚ ਤੁਹਾਨੂੰ ਮਦਦ ਮਿਲ ਸਕਦੀ ਹੈ। ਡਾਈਟ ਕਲੀਨਿਕ ਹੈਲਥ ਕੇਅਰ ਪ੍ਰਾਈਵੇਟ ਲਿਮਟਿਡ ਦਿੱਲੀ ਦੀ ਡਾਇਰੈਕਟਰ ਅਤੇ ਵੇਟ ਲਾਸ ਸਪੈਸ਼ਲਿਸਟ ਡਾਈਟੀਸ਼ੀਅਨ ਸ਼ੀਲਾ ਸ਼ਹਿਰਾਵਤ ਦਾ ਕਹਿਣਾ ਹੈ ਕਿ ਰਾਤ ਨੂੰ ਸੌਣ ਤੋਂ ਕਿੰਨੀ ਦੇਰ ਪਹਿਲਾਂ ਖਾਣਾ ਖਾਧਾ, ਡਿਨਰ ਵਿਚ ਕੀ ਲਿਆ, ਆਦਿ ਗੱਲਾਂ ਤੁਹਾਡੇ ਮੋਟਾਪੇ ਦੇ ਲਈ ਜ਼ਿੰਮੇਵਾਰ ਹੋ ਸਕਦੀਆਂ ਹਨ। ਇਸ ਕਰਕੇ ਵਜਨ ਘਟਾਉਣ ਦੇ ਲਈ ਰਾਤ ਦਾ ਵਕਤ ਵੀ ਬਹੁਤ ਖਾਸ ਮੰਨਿਆ ਜਾਂਦਾ ਹੈ। ਇਸ ਦੌਰਾਨ ਕੁਝ ਟਿਪਸ ਅਪਣਾ ਕੇ ਤੁਸੀਂ ਮਹੀਨੇ ਕੁ ਵਿਚ ਵਜਨ ਘਟਾ ਸਕਦੇ ਹੋ।



**1 ਕਟੋਰੀ ਦਹੀਂ–** ਡਿਨਰ ਦੇ ਨਾਲ ਫੈਟ ਫ੍ਰੀ ਦੁੱਧ ਦੀ ਬਣੀ ਇਕ ਕਟੋਰੀ ਦਹੀਂ ਜ਼ਰੂਰ ਖਾਓ। ਇਸ ਨਾਲ ਪੇਟ ਜਲਦੀ ਭਰ ਜਾਵੇਗਾ ਅਤੇ ਡਾਈਜੇਸ਼ਨ ਸੁਧਰੇਗੀ। ਦਹੀਂ ਵਿਚ ਮੌਜੂਦ ਪ੍ਰੋਟੀਨ ਸੌਣ ਦੇ ਦੌਰਾਨ ਬਾਡੀ ਫੈਟ ਘਟਾਉਣ ਵਿਚ ਵੀ ਮਦਦ ਕਰੇਗਾ।

**ਹਲਕਾ ਹੋਵੇ ਡਿਨਰ–** ਰਾਤ ਨੂੰ ਤੇਲ, ਮਸਾਲੇ ਵਾਲੇ ਭਾਰੀ ਫੂਡ ਦੀ ਬਜਾਏ ਸੂਪ, ਦਲੀਆ, ਦਾਲ, ਓਟਸ, ਖਿਚੜੀ ਆਦਿ ਹਲਕੇ ਆਪਸ਼ਨ ਲਓ। ਇਹਨਾਂ ਨਾਲ ਕੈਲੋਰੀ ਦੀ ਮਾਤਰਾ ਘੱਟ, ਪਰ ਭਰਪੂਰ ਨਿਊਟ੍ਰੀਸ਼ੀਅਨ ਮਿਲੇਗਾ। ਇਸ ਨਾਲ ਵਜਨ ਘਟਾਉਣ ਵਿਚ ਮਦਦ ਮਿਲੇਗੀ।

**ਜਲਦੀ ਖਾਣਾ ਖਾਓ–** 8 ਵਜੇ ਤੱਕ ਰਾਤ ਦਾ ਖਾਣਾ ਖਾ ਲਓ। ਸੌਣ ਤੋਂ ਘੱਟ ਤੋਂ ਘੱਟ 3-4 ਘੰਟੇ ਪਹਿਲਾਂ ਡਿਨਰ ਕਰਨ ਨਾਲ ਡਾਈਜੇਸ਼ਨ ਸੁਧਰਦਾ ਹੈ। ਇਸ ਨਾਲ ਵਜਨ ਕੰਟਰੋਲ ਕਰਨ ਵਿਚ ਕਾਫੀ ਮਦਦ ਮਿਲਦੀ ਹੈ।

**ਪ੍ਰੋਟੀਨ ਫੂਡ–** ਰਾਤ ਨੂੰ ਅੰਡਾ, ਪਨੀਰ ਟਿੱਕਾ, ਫਿਸ਼, ਡ੍ਰਾਈ ਚਿਕਨ ਵਰਗੇ ਫੂਡ ਖਾਓ। ਇਹਨਾਂ ਵਿਚ ਲੋੜੀਂਦਾ ਪ੍ਰੋਟੀਨ ਮਿਲੇਗਾ, ਜਿਸ ਨਾਲ ਡਾਈਜੇਸ਼ਨ ਕਰਨ ਦੇ ਲਈ ਸਰੀਰ ਜ਼ਿਆਦਾ ਕੈਲੋਰੀ ਖਰਚ ਕਰੇਗਾ।

**ਗ੍ਰੀਨ ਟੀ–** ਸੌਣ ਤੋਂ ਪਹਿਲਾਂ ਇਕ ਕੱਪ ਗ੍ਰੀਨ ਟੀ ਪੀਓ। ਇਸ ਵਿਚ ਮੌਜੂਦ ਐਂਟੀਆਕਸੀਡੈਂਟਸ ਸੌਣ ਦੇ ਦੌਰਾਨ ਤੇਜ਼ੀ ਨਾਲ ਬਾਡੀ ਫੈਟ ਘਟਾਉਣ ਵਿਚ ਮਦਦ ਕਰਨਗੇ।

**ਹਲਦੀ ਵਾਲਾ ਦੁੱਧ–** ਰਾਤ ਨੂੰ ਸੌਣ ਤੋਂ ਪਹਿਲਾਂ ਇਕ ਗਿਲਾਸ ਹਲਦੀ ਵਾਲਾ ਦੁੱਧ ਵੀ ਪੀ ਸਕਦੇ ਹੋ। ਇਸ ਨਾਲ ਡਾਈਜੇਸ਼ਨ ਚੰਗਾ ਹੋਵੇਗਾ ਅਤੇ ਬਾਡੀ ਫੈਟ ਤੇਜ਼ੀ ਨਾਲ ਘਟੇਗਾ।

**ਡਾਰਕ ਰੂਮ–** ਸੌਣ ਦੇ ਦੌਰਾਨ ਕਮਰੇ ਵਿਚ ਨਾਈਟ ਲੈਂਪ ਦੀ ਵਰਤੋਂ ਨਾ ਕਰੋ। ਕਮਰਾ ਪੂਰੀ ਤਰ੍ਹਾਂ ਡਾਰਕ ਹੋਵੇਗਾ ਤਾਂ ਨੀਂਦ ਚੰਗੀ ਆਵੇਗੀ। ਇਸ ਨਾਲ ਵਜਨ ਘਟਾਉਣ ਵਿਚ ਮਦਦ ਮਿਲੇਗੀ। (ਦਾ ਅਮੈਰਿਕਨ ਜਰਨਲ ਆਫ ਇਪੀਜੀਓਮਿਲਾਜੀ ਦੀ ਰਿਪੋਰਟ)।

**ਮਿਰਚ ਖਾਓ–** ਰਾਤ ਦੇ ਖਾਣੇ ਵਿਚ ਮਿਰਚ ਜਾਂ ਕੁਝ ਤਿੱਖਾ ਜ਼ਰੂਰ ਖਾਓ। ਮਿਰਚ ਵਿਚ ਮੌਜੂਦ ਕੈਪਸੀਕਿਨ ਬਾਡੀ ਦਾ ਮੈਟਾਬਾਲਿਜ਼ਮ ਘਟਾਉਂਦਾ ਹੈ। ਇਸ ਨਾਲ ਸਰੀਰ ਜ਼ਿਆਦਾ ਮਾਤਰਾ ਵਿਚ ਕੈਲੋਰੀ ਖੋਚ ਕਰਦਾ ਹੈ ਅਤੇ ਵਜਨ ਘਟਣ ਲੱਗਦਾ ਹੈ।

**ਕਾਬਰਸ ਨਾ ਖਾਓ–** ਰਾਤ ਦੇ ਵਕਤ ਰੋਟੀ, ਚਾਵਲ, ਇਡਲੀ, ਪੋਹਾ ਵਰਗੀਆਂ ਚੀਜ਼ਾਂ ਖਾਣ ਤੋਂ ਬਚਾਅ ਕਰੋ। ਇਹਨਾਂ ਵਿਚ ਕਾਰਬੋਹਾਈਡ੍ਰੇਟਸ ਜ਼ਿਆਦਾ ਹੁੰਦਾ ਹੈ, ਇਸ ਕਰਕੇ ਇਹਨਾਂ ਨੂੰ ਰਾਤ ਨੂੰ ਖਾਣ ਨਾਲ ਵਜਨ ਆਸਾਨੀ ਨਾਲ ਨਹੀਂ ਘਟਦਾ।

**ਕਾਫੀ ਨਾ ਪੀਓ–** ਰਾਤ ਨੂੰ ਸੌਣ ਤੋਂ ਘੱਟੋ ਘੱਟ 2 ਘੰਟੇ ਪਹਿਲਾਂ ਤੱਕ ਕਾਫੀ ਨਾ ਪੀਓ। ਇਹਨਾਂ ਵਿਚ ਮੌਜੂਦ ਕੈਫੀਨ ਨੀਂਦ ਡਿਸਟਰਬ ਕਰਦਾ ਹੈ। ਰਾਤ ਨੂੰ ਠੀਕ ਤਰੀਕੇ ਨਾਲ ਨਾ ਸੌਣ ਕਾਰਨ ਬਾਡੀ ਵਿਚ ਵਜਨ ਵਧਾਉਣ ਵਾਲੇ ਹਾਰਮੋਨਜ਼ ਦਾ ਪੱਧਰ ਵਧਦਾ ਹੈ।

**ਮਿੱਠੇ ਫਲ–** ਰਾਤ ਦੇ ਵਕਤ ਕੇਲਾ, ਅਨਾਜ ਵਰਗੇ ਫਰੂਟ ਨਾ ਖਾਓ। ਇਹਨਾਂ ਵਿਚ ਕੈਲੋਰੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਇਸ ਕਰਕੇ ਇਹਨਾਂ ਨੂੰ ਰਾਤ ਨੂੰ ਖਾਣ ਤੇ ਵਜਨ ਵਧਦਾ ਹੈ।

**ਜ਼ਿਆਦਾ ਸ਼ੂਗਰ ਵਾਲੇ ਡ੍ਰਿੰਕਸ–** ਰਾਤ ਦੇ ਵਕਤ ਕੋਲਡ ਡ੍ਰਿੰਕ, ਕੇਨ ਅਤੇ ਆਰਟੀਫਿਸ਼ੀਅਲ ਜੂਸ ਤੋਂ ਬਚਾਅ ਕਰੋ। ਇਹਨਾਂ ਵਿਚ ਸ਼ੂਗਰ ਅਤੇ ਪ੍ਰੀਜਰਵੇਟਿਵ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ। ਇਹਨਾਂ ਨੂੰ ਰਾਤ ਨੂੰ ਲੈਣ ਨਾਲ ਵਜਨ ਤੇਜੀ ਨਾਲ ਵਧਦਾ ਹੈ।

# ਕਿਵੇਂ ਲਿਖੀ ਜਾਵੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਜੀਵਨ-ਕਥਾ

ਹਰਿਮੰਦਰ ਸਾਹਿਬ ਦੇ ਰਾਹ ਵੱਲ ਜਾਣ ਵਾਲੇ ਮਰਦ ਅਗੰਮੜੇ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਕੇਵਲ ਇਤਿਹਾਸਕ ਨਜ਼ਰੀਏ ਤੋਂ ਹੀ ਨਹੀਂ ਵੇਖਿਆ ਜਾਣਾ ਚਾਹੀਦਾ ਹੈ। ਉਹਨਾਂ ਨੂੰ ਵੇਖਣ ਲਈ ਵਿਸਮਾਦੀ ਅੱਖ ਦੀ ਵੀ ਜ਼ਰੂਰਤ ਪਵੇਗੀ। ਵਿਸਮਾਦੀ ਅੱਖ ਅਤੇ ਇਤਿਹਾਸਕ ਅੱਖ ਵਿਚ ਬਹੁਤ ਫ਼ਰਕ ਹੁੰਦਾ ਹੈ। ਬਹੁਤ ਵੱਡਾ ਅਤੇ ਬਹੁਤ ਡੂੰਘਾ ਵੀ। ਇਤਿਹਾਸ ਸਾਡੀ ਰੂਹ ਦਾ ਸਾਥੀ ਨਹੀਂ। ਬਹੁਤੀ ਵਾਰ ਇਤਿਹਾਸ ਹਿੰਦ-ਵਿਹੂਣੇ ਤੱਥਾਂ ਦੀ ਹੀ ਪੂਜਾ ਕਰਦਾ ਹੈ। ਬੁੱਧੀ-ਮੰਡਲ ਦੀ ਕੈਦ ਭੁਗਤ ਰਹੀ ਇਤਿਹਾਸਕ ਅੱਖ ਕੀ ਜਾਣੇ ਕਿ ਬੰਦ-ਬੰਦ ਕਟਵਾ ਸਕਣ ਦੇ ਰਾਜ਼ ਕਿਸ ਗੁੰਮ-ਨਾਮ ਦੇਸ਼ ਵਿਚੋਂ ਪਤਾ ਲੱਗਦੇ ਹਨ। ਇਨਸਾਨੀ ਅਕਲ ਜੀਵਨ ਦੇ ਅਰਥਾਂ ਦੀ ਉਪਰਲੀ ਤਹਿ ਤੱਕ ਹੀ ਪਹੁੰਚ ਸਕਦੀ ਹੈ, ਪਰ ਵਿਸਮਾਦੀ ਅੱਖ ਆਤਮਕ ਮੰਡਲ ਦੇ ਵਾਸੀਆਂ ਦਾ ਸਹੀ ਥਹੁ-ਪਤਾ ਦੱਸਦੀ ਹੈ। ਇਥੇ ਤਾਂ ਇਹੋ ਹੀ ਕਹਿਣਾ ਬਣਦਾ ਹੈ,

ਬਿਸਮ ਬਿਸਮ ਬਿਸਮ ਹੀ ਭਈ ਹੈ,
ਲਾਲ ਗੁਲਾਰ ਰੰਗਾਰੈ॥
ਕਹੁ ਨਾਨਕ ਸੰਤਨ ਰਸੁ ਆਈ ਹੈ,
ਜਿਉ ਚਾਖ ਗੁੰਗਾ ਮੁਸਕਾਰੈ॥

ਕਿਸੇ ਅਜਿਹੀ ਹਸਤੀ ਬਾਰੇ, ਜਿਸ ਨੇ ਇਤਿਹਾਸ ਵਿਚ ਅਮਿੱਟ ਪੈੜਾਂ ਛੱਡੀਆਂ ਹੋਣ, ਜਿਸ ਨੇ ਕੌਮ ਦੀ ਹਰੇਕ ਪਰਤ ਨੂੰ ਰੂਹ ਤੱਕ ਝੰਜੋੜ ਕੇ ਰੱਖ ਦਿੱਤਾ ਹੋਵੇ ਅਤੇ ਜੋ ਆਪਣੀ ਕੌਮ ਤੋਂ ਬਾਹਰ ਹੋਰਨਾਂ ਲੋਕਾਂ ਲਈ ਵੀ ਗੰਭੀਰ ਅਧਿਐਨ ਦਾ ਕੇਂਦਰ ਬਣ ਜਾਏ, ਉਸ ਦਾ ਜੀਵਨ ਲਿਖਣਾ ਕੋਈ ਸੌਖੀ ਜਿਹੀ ਗੱਲ ਨਹੀਂ। ਇਹੋ ਜਿਹੀ ਹੀ ਮਹਾਨ ਤੇ ਹਰਮਨ ਪਿਆਰੀ ਹਸਤੀ ਸੀ-ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ। ਬਹੁਤ ਚਿਰ ਪਿੱਛੋਂ ਸਿੱਖ ਕੌਮ ਨੂੰ ਕਿਸੇ ਦੀਦਾਵਰ ਦੇ ਦਰਸ਼ਨ ਨਸੀਬ ਹੋਏ ਸਨ। ਢੇਰ ਚਿਰ ਪਿੱਛੋਂ ਇਕ ਉੱਖੜੀ ਕੌਮ ਨੇ ਰੂਹਾਨੀ ਸਾਦਗੀ ਵਿਚ ਰੰਗੀ ਹੋਈ ਸਪੱਸ਼ਟਤਾ ਅਤੇ ਦ੍ਰਿੜ੍ਹਤਾ ਦੇ ਰੰਗਾਂ ਨੂੰ ਸਾਕਾਰ ਰੂਪ ਵਿਚ ਇਤਿਹਾਸ ਦੇ ਵਿਹੜੇ ਵਿਚ ਉਤਰਦਿਆਂ ਦੇਖਿਆ ਸੀ।

ਖ਼ਾਲਸਾ ਪੰਥ ਦੇ ਅਵਚੇਤਨ ਮਨ ਵਿਚ ਸੁੱਤੀਆਂ ਰੀਝਾਂ ਨੂੰ ਇਸ ਗੁਰੂ ਪਿਆਰੇ, ਗੁਰੂ ਸਵਾਰੇ ਸਿੰਘ ਨੇ ਕੁਝ ਇਸ ਤਰ੍ਹਾਂ ਜਗਾਇਆ ਕਿ ਉਸ ਤੋਂ ਪਿੱਛੋਂ ਭਾਵੇਂ ਸਾਰੀ ਕੌਮ ਰਸਮੀ ਤੌਰ 'ਤੇ ਸੌਂਦੀ ਹੋਵੇਗੀ ਪਰ ਮਨ ਕਰਕੇ ਜਾਗਦੀ ਹੈ, ਮਨ ਕਰਕੇ ਸੁਚੇਤ, ਸਾਵਧਾਨ ਅਤੇ ਇਕਾਗਰ ਚਿਤ ਹੈ। ਧਰਮ ਯੁੱਧ ਦੇ ਸ਼ੁਰੂ ਹੋਣ ਤੋਂ ਲੈ ਕੇ ਆਪਣੀ ਸ਼ਹਾਦਤ ਤੱਕ ਦਸਮੇਸ਼ ਪਿਤਾ ਦਾ ਇਹ ਨਾਦੀ ਪੁੱਤਰ ਆਪਣੇ ਇਤਿਹਾਸਕ ਤੇ ਲਾਸਾਨੀ ਕਾਰਨਾਮਿਆਂ ਰਾਹੀਂ ਖ਼ਾਲਸਾ ਪੰਥ ਵਿਚ ਖੁਸ਼ੀ ਅਤੇ ਅਨੰਦ ਦੇ ਹੰਝੂ ਵਹਾਉਂਦਾ ਰਿਹਾ ਅਤੇ ਆਪਣੀ ਸ਼ਹਾਦਤ ਪਿੱਛੋਂ ਇਹੋ ਹੰਝੂ ਦਰਦ ਅਤੇ ਵਿਛੋੜੇ ਦੀ ਇਕ ਯਾਦ ਬਣ ਕੇ ਰਹਿ ਗਏ। ਜਿਹੜੇ ਵਿਦਵਾਨ ਬੁੱਧੀ-ਮੰਡਲ ਦੀ ਕੈਦ ਵਿਚੋਂ ਨਿਕਲ ਕੇ ਸੁੱਚੇ ਵਲਵਲਿਆਂ ਦੇ ਦੇਸ਼ ਵਿਚ ਵੱਸਦੇ ਹਨ, ਉਹਨਾਂ ਦੇ ਚੇਤਿਆਂ ਵਿਚ ਸੰਤ ਜਰਨੈਲ ਸਿੰਘ ਜਿਉਂ ਦੇ ਤਿਉਂ ਕਾਇਮ ਹਨ ਅਤੇ ਅਜੇ ਵੀ ਉਹਨਾਂ ਦੀਆਂ ਨੀਂਦਰਾਂ ਉਤੇ ਭਾਰੂ ਰਹਿੰਦੇ ਹਨ।

ਉਹਨਾਂ ਹੀ ਦਿਨਾਂ ਦੀਆਂ ਗੱਲਾਂ ਹਨ ਜਦੋਂ ਇਕ ਅਖ਼ਬਾਰ ਨੇ ਇਸ ਨਿਰਮਲ ਬੁੱਧ, ਉੱਜਲ ਦੀਦਾਰ, ਮਹਾਂਬਲੀ ਯੋਧੇ ਦੀ ਸ਼ਖ਼ਸੀਅਤ ਦਾ ਜ਼ਿਕਰ ਕਰਦਿਆਂ ਪਹਿਲੇ ਪੰਨੇ 'ਤੇ ਇਹ ਸੁਰਖੀ ਦਿੱਤੀ, 'ਹਮ ਤੁਮਹੇਂ ਖ਼ੁਦਾ ਨਹੀਂ ਕਹਿਤੇ, ਮਗਰ ਸ਼ਾਨ-ਏ-ਖ਼ੁਦਾ ਤੁਮ ਹੋ।' ਇਹ ਸਤਰਾਂ ਸੱਚਮੁੱਚ ਇਕ ਕੌਮ ਦੇ ਦਿਲ ਦੀ ਆਵਾਜ਼ ਸਨ ਅਤੇ ਦਿਲਾਂ ਨੂੰ ਹੀ ਤਾਂ ਲੁੱਟਣ ਆਇਆ ਸੀ ਗੁਰੂ ਦਾ ਇਹ ਅਤਿ ਪਿਆਰਾ, ਅਤਿ ਨਿਆਰਾ, ਸਿੰਘ ਸਰਦਾਰ। ਇਕ ਹੋਰ ਗੱਲ ਉਹਨਾਂ ਹੀ ਦਿਨਾਂ ਦੀ ਹੈ ਜੋ ਸੱਜਰੀ ਸਵੇਰ ਵਾਂਗ ਅਜੇ ਵੀ ਸਾਡੀ ਯਾਦ ਵਿਚ ਸ਼ਾਮਲ ਹੈ। ਇਕ ਵਿਦੇਸ਼ੀ ਪੱਤਰਕਾਰ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਸੰਤ ਜਰਨੈਲ ਸਿੰਘ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚ ਬੁਨਿਆਦੀ ਤੌਰ 'ਤੇ ਕੀ ਫ਼ਰਕ ਹੈ ਤਾਂ ਉਸ ਆਜ਼ਾਦ ਖ਼ਿਆਲਾਂ ਦੇ ਪੱਤਰਕਾਰ ਨੇ ਦਿਮਾਗ ਉੱਤੇ ਬਿਨਾਂ ਕੋਈ ਬੋਝ ਪਾਇਆ ਖ਼ੁਦ ਹੀ ਸਵਾਲ ਕੀਤਾ,ਫਰਕ? ਫਰਕ ਪੁੱਛਦੇ ਹੋ? ਤੇ ਫਿਰ ਆਪ ਹੀ ਜਵਾਬ ਦਿੱਤਾ, ਸੰਤ ਲੌਂਗੋਵਾਲ ਚੀਜ਼ਾਂ ਅਤੇ ਘਟਨਾਵਾਂ ਨੂੰ 'ਜਾਣਦੇ' ਹਨ ਜਦ ਕਿ ਸੰਤ ਜਰਨੈਲ ਸਿੰਘ 'ਮਹਿਸੂਸ' ਕਰਦੇ ਹਨ। ਸਹਿਜ ਸੁਭਾਅ ਕੀਤੀ ਇਸ ਟਿੱਪਣੀ ਅੰਦਰ ਉਸ ਦੌਰ ਦੀ ਧੜਕਦੀ ਜ਼ਿੰਦਗੀ ਦਾ ਇਕ ਡੂੰਘਾ ਰਾਜ਼ ਲੁਕਿਆ ਪਿਆ ਹੈ। ਇਹ ਟਿੱਪਣੀ ਇਤਿਹਾਸ ਦੇ ਸੱਚ ਦੀ ਇਕ ਮੁਕੰਮਲ ਗਵਾਹੀ ਸੀ। ਜਦੋਂ ਇਹ ਦਾਸਤਾਨ ਤੁਰ ਹੀ ਪਈ ਹੈ ਤਾਂ ਜੀਅ ਕਰ ਆਇਆ ਹੈ ਕਿ 'ਜਾਨਣ' ਅਤੇ 'ਮਹਿਸੂਸ' ਕਰਨ ਦੇ ਅਰਥਾਂ ਨੂੰ ਹੋਰ ਸਪੱਸ਼ਟ ਅਤੇ ਸਰਲ ਕੀਤਾ ਜਾਵੇ ਅਤੇ ਇਹਨਾਂ ਸ਼ਬਦਾਂ ਦੀ ਗਹਿਰਾਈ ਵਿਚ ਵੀ ਉਤਾਰਿਆ ਜਾਵੇ।



ਅਸੀਂ ਰੋਜ਼ ਹੀ ਰਾਜਨੀਤਕ ਦ੍ਰਿਸ਼ 'ਤੇ ਆਪਣੇ ਰਹਿਬਰਾਂ ਨੂੰ ਦੇਖਦੇ ਹਾਂ। ਭਲਾ ਇਹ ਰਹਿਬਰ ਸਿੱਖਾਂ ਨਾਲ ਸਬੰਧਤ ਮੁੱਦਿਆਂ ਬਾਰੇ ਕੀ ਨਹੀਂ ਜਾਣਦੇ? ਸਭ ਕੁਝ ਜਾਣਦੇ ਹਨ। ਪਰ ਫਿਰ ਖਾਲਸਾ ਜੀ ਗੱਲ ਕਿਸੇ ਤਣ-ਪੱਤਣ ਕਿਉਂ ਨਹੀਂ ਲੱਗਦੀ? ਅਸੀਂ ਸਾਰਾ ਦਿਨ ਕੋਹਲੂ ਦੇ ਬੈਲ ਵਾਂਗੂੰ ਚੱਲ ਕੇ ਸ਼ਾਮ ਨੂੰ ਵਾਰ-ਵਾਰ ਉਥੇ ਹੀ ਕਿਉਂ ਆਣ ਖਲੋਂਦੇ ਹਾਂ? ਸਾਫ ਜ਼ਾਹਰ ਹੈ ਕਿ ਇਹਨਾਂ ਰਹਿਬਰਾਂ ਵਿਚ 'ਮਹਿਸੂਸ' ਕਰਨ ਦੀ ਤਾਕਤ ਖ਼ਤਮ ਹੋ ਗਈ ਹੈ। ਇਹ ਸੰਤ ਜਰਨੈਲ ਸਿੰਘ ਹੀ ਸਨ, ਜਿਨ੍ਹਾਂ ਨੇ 'ਮਹਿਸੂਸ' ਕਰਨ ਵਾਲੇ ਭੌਰਿਆਂ ਨੂੰ ਲੱਭਿਆ, ਜੱਥੇਬੰਦ ਕੀਤਾ ਅਤੇ ਉਹਨਾਂ ਨੂੰ ਉਹਨਾਂ ਦੀ ਮਹਾਨ ਤਾਕਤ ਦਾ ਅਹਿਸਾਸ ਕਰਵਾਉਂਦਿਆਂ ਏਸ਼ੀਆ ਦੇ ਖਿੱਤੇ ਵਿਚ ਮਹਾਂ-ਸ਼ਕਤੀ ਹੋਣ ਦਾ ਦਾਅਵਾ ਕਰਨ ਵਾਲਿਆਂ ਦੇ ਸਾਹਮਣੇ ਲਿਆ ਖੜਾ ਕੀਤਾ।

ਸੰਤ ਜਰਨੈਲ ਸਿੰਘ ਦਾ ਜੀਵਨ ਲਿਖਣ ਵਾਲੇ ਵਿਦਵਾਨ ਜੇਕਰ ਤੱਥਾਂ ਦੀ ਵਿਆਖਿਆ ਅਤੇ ਉਹਨਾਂ ਪਿੱਛੇ ਲੁੱਕ ਡੂੰਘੇ ਅਰਥਾਂ ਨੂੰ ਤੱਥਾਂ ਦੀ ਰੂਹ ਨਾਲ ਜੋੜ ਕੇ ਕਰਦੇ ਹਨ, ਜੇਕਰ ਉਹ ਤਰਕ ਨੂੰ ਵਿਵੇਕ ਜਜ਼ਬਿਆਂ ਦੇ ਹਾਣੀ ਬਣਾ ਕੇ ਚੱਲਦੇ ਹਨ ਅਤੇ ਸਮੇਂ ਤੇ ਸਥਾਨ ਵਿਚ ਰਹਿੰਦੇ ਹੋਏ ਸਮੇਂ ਅਤੇ ਸਥਾਨ ਤੋਂ ਉਪਰ ਉੱਠਣ ਦਾ ਹੌਂਸਲਾ ਕਰਦੇ ਹਨ ਤਾਂ ਉਹ ਨਿਸ਼ਚੇ ਹੀ ਸੰਤ ਜਰਨੈਲ ਸਿੰਘ ਦੀ ਰੂਹ ਦੇ ਕਰੀਬ ਚਲੇ ਜਾਣਗੇ। ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਦੇ ਧੁਰ ਅੰਦਰ ਇਕ ਡੂੰਘੀ ਝਾਤ ਕਿਵੇਂ ਪਾਈ ਜਾਵੇ ਅਤੇ ਉਸ ਅੰਦਰੋਂ ਲੁਕੀਆਂ 'ਅਸਲ ਜਰਨੈਲ ਸਿੰਘ' ਦੀਆਂ ਪਰਤਾਂ ਨੂੰ ਕਿਵੇਂ ਰੌਸ਼ਨ ਕੀਤਾ ਜਾਵੇ, ਇਹ ਆਪਣੇ ਆਪ ਵਿਚ ਇਕ ਸੁਤੰਤਰ ਅਤੇ ਦਿਲਚਸਪ ਮਜ਼ਮੂਨ ਹੈ ਅਤੇ ਸੱਚ ਤਾਂ ਇਹ ਹੈ ਕਿ ਇਸ ਦੀ ਲੋੜ ਵੀ ਅੱਜ ਸਭ ਤੋਂ ਵੱਧ ਹੈ। ਪਰ ਅਸੀਂ ਇਥੇ ਸਿਰਫ ਉਹਨਾਂ ਦੇ ਜੀਵਨ ਦੇ ਕੁਝ ਅਹਿਮ ਪੱਖਾਂ ਨੂੰ ਹੀ ਰੌਸ਼ਨ ਕਰਾਂਗੇ। ਸਾਡੀ ਤਮੰਨਾ ਹੈ ਕਿ ਸੰਤਾਂ ਦੀ ਸ਼ਹਾਦਤ ਪਿੱਛੋਂ ਨੌਜਵਾਨਾਂ ਅਤੇ ਵਿਦਿਆਰਥੀਆਂ ਦੀ ਪੈਦਾ ਹੋਈ ਨਵੀਂ ਪੀੜ੍ਹੀ ਆਪਣੇ ਇਸ ਨਾਇਕ ਨੂੰ ਨਵੇਂ ਨਜ਼ਰੀਏ ਤੋਂ ਵੇਖੇ, ਨਾ ਕਿ ਉਸ ਨਜ਼ਰੀਏ ਤੋਂ ਜੋ ਈਰਖਾ, ਨਫ਼ਰਤ ਅਤੇ ਸ਼ਰੀਕੇਬਾਜੀ ਨਾਲ ਰੰਗਿਆ ਹੋਇਆ ਹੈ ਅਤੇ ਜਿਸ ਵਿਚ ਸ਼ਾਮਲ ਹੈ ਸਮੇਂ ਦੇ ਹਾਕਮਾਂ ਦੀ ਹਰੇਕ ਵੰਨਗੀ। ਇਸ ਵਿਚ ਉਹ ਸਿਆਸਤਦਾਨ ਵੀ ਸ਼ਾਮਲ ਹਨ, ਜੋ ਸਾਡੇ ਅੰਦਰ 'ਸਾਡੇ ਆਪਣੇ' ਬਣ ਕੇ ਵੱਸਦੇ ਰਹੇ ਹਨ, ਵੱਸ ਵੀ ਰਹੇ ਹਨ, ਪਰ ਸਹਿਜੇ-ਸਹਿਜੇ ਸਾਨੂੰ ਹੀ ਹੜੱਪ ਕਰਦੇ ਜਾ ਰਹੇ ਹਨ। ਇਸ ਨਜ਼ਰੀਏ ਵਿਚ ਬੁੱਧੀਜੀਵੀਆਂ ਦੀਆਂ ਵੰਨ-ਸੁਵੰਨੀਆਂ ਕਿਸਮਾਂ ਦੀ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਵਰਤਾਰੇ ਤੋਂ ਇਕ ਅਚੇਤ ਭੈਅ ਹਰ ਸਮੇਂ ਲੱਗਾ ਰਹਿੰਦਾ ਹੈ। ਇਸ ਤੋਂ ਇਲਾਵਾ ਅਖ਼ਬਾਰਾਂ, ਟੀ.ਵੀ. ਚੈਨਲ, ਮੈਗਜ਼ੀਨ ਅਤੇ ਪ੍ਰਚਾਰ ਦੇ ਹੋਰ ਸਾਰੇ ਸਾਧਨ ਸੰਤ ਜਰਨੈਲ ਸਿੰਘ ਜੀ ਨੂੰ ਖ਼ਲਨਾਇਕ ਸਿੱਧ ਕਰਨ ਲਈ ਹਰ ਸਮੇਂ ਤਿਆਰ-ਬਰ-ਤਿਆਰ ਰਹਿੰਦੇ ਹਨ। ਸੱਚ ਤਾਂ ਇਹ ਹੈ ਕਿ ਉਹਨਾਂ ਦੀ ਸ਼ਹਾਦਤ ਤੋਂ ਪਿੱਛੋਂ ਤਿੰਨ ਦਹਾਕੇ ਤੋਂ ਵੱਧ ਦਾ ਸਮਾਂ ਬੀਤ ਜਾਣ ਮਗਰੋਂ ਵੀ ਇਕ ਅਜਿਹਾ ਮਾਹੌਲ ਬਣਨ ਨਹੀਂ ਦਿੱਤਾ ਜਾ ਰਿਹਾ, ਜਿਥੇ ਚਾਰ-ਚੁਫੇਰੇ ਪਸਰੀ ਧੁੰਦ ਵਿਚੋਂ ਨਿਕਲ ਕੇ ਸੰਤ ਜਰਨੈਲ ਸਿੰਘ ਦੇ ਦੀਦਾਰ ਕੀਤੇ ਜਾ ਸਕਣ। ਇਸੇ ਲਈ ਸਭਿਆਚਾਰਾਂ ਦੇ ਉਤਰਾਵਾਂ-ਚੜ੍ਹਾਵਾਂ ਨੂੰ ਬਰੀਕੀ ਨਾਲ ਵੇਖਣ ਵਾਲੇ ਮਹਾਨ ਇਤਿਹਾਸਕਾਰ ਆਰਨਲਡ ਜੇ.ਟਾਇਨਬੀ ਦਾ ਜੀਵਨ ਲਿਖਣ ਵਾਲੇ ਵਿਲੀਅਮ ਐੱਚ. ਮੈਕਨਲ ਨੇ ਮਹਾਨ ਲੋਕਾਂ ਦਾ ਜੀਵਨ ਲਿਖਣ ਵਾਲੇ ਲਿਖਾਰੀਆਂ ਨੂੰ ਸਲਾਹ ਦਿੱਤੀ ਸੀ ਕਿ ਇਕ ਬਲਵਾਨ ਅਤੇ ਸਜਿੰਦ ਕਲਪਨਾ ਨਾਲ ਹੀ ਤੁਸੀਂ ਉਸ ਮਨੁੱਖ ਦੀ ਰੂਹ ਤੱਕ ਪਹੁੰਚ ਸਕਦੇ ਹੋ, ਜਿਸ ਦਾ ਤੁਸੀਂ ਜੀਵਨ ਲਿਖਣ ਜਾ ਰਹੇ ਹੋ।

## ਖ਼ਾਲਸਾ ਪੰਥ ਦੀ ਗੂੜ੍ਹੀ ਛਾਂ ਸੀ ਉਸ ਉੱਤੇ

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਬਾਰੇ ਇਕ ਹੋਰ ਹਕੀਕਤ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਬੁਨਿਆਦੀ ਤੌਰ 'ਤੇ ਉਹ ਸੰਤ ਹਨ, ਇਕ ਅਜਿਹੇ ਸੰਤ ਜਿਨ੍ਹਾਂ ਉੱਤੇ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਖ਼ਾਲਸਾ ਪੰਥ ਦੇ ਪਿਆਰ ਦੀ ਗੂੜ੍ਹੀ ਸੰਘਣੀ ਛਾਂ ਸੀ। ਇਸ ਲਈ ਸਿੱਖ ਕੌਮ ਦੇ ਇਹ ਤਿੰਨੇ ਸੱਚ ਸ਼ਬਦ-ਗੁਰੂ ਦੇ ਸੂਖਮ ਰੂਪ ਵਿਚ ਸੰਤ ਜਰਨੈਲ ਸਿੰਘ ਜੀ ਲਈ ਹਰ ਸਮੇਂ ਓਟ-ਆਸਰਾ ਹਨ। ਦੂਜੇ ਸ਼ਬਦਾਂ ਵਿਚ ਸਿਆਸਤ ਦਾ ਉਹੋ ਰੂਪ ਉਹਨਾਂ ਨੇ ਉਭਾਰਿਆ, ਉਘਾੜਿਆ ਤੇ ਨਿਖਾਰਿਆ, ਜੋ ਗੁਰੂ ਸਾਹਿਬਾਨ ਅਤੇ ਉਹਨਾਂ ਤੋਂ ਪਿੱਛੋਂ ਖ਼ਾਲਸਾ ਪੰਥ ਨੇ ਇਤਿਹਾਸ ਦੇ ਵੱਖਰੇ-ਵੱਖਰੇ ਪੜਾਵਾਂ ਵਿਚ ਉਤਾਰਿਆ ਸੀ। ਇਸ ਲਈ ਸੰਤ ਜਰਨੈਲ ਸਿੰਘ ਜੀ ਦੀ ਸਿਆਸਤ ਦੇ ਸੰਕਲਪ ਅਕਾਲੀ ਸਿਆਸਤ ਜਾਂ ਰਸਮੀ ਅਤੇ ਚਲੰਤ ਸਿਆਸਤ ਨਾਲੋਂ ਬੁਨਿਆਦੀ ਰੂਪ ਵਿਚ ਬਿਲਕੁਲ ਵੱਖਰੇ ਸਨ ਅਤੇ ਕਈ ਹਾਲਤਾਂ ਵਿਚ ਉਲਟ ਵੀ। ਇਸ ਸੰਬੰਧ ਵਿਚ ਸੰਤ ਜਰਨੈਲ ਸਿੰਘ ਜੀ ਦੇ ਵਿਆਖਿਆਨ ਅਤੇ ਮੁਲਾਕਾਤਾਂ ਨੂੰ ਬਹੁਤ ਹੀ ਬਰੀਕੀ ਅਤੇ ਗੰਭੀਰਤਾ ਨਾਲ ਵੇਖਣ ਦੀ ਲੋੜ ਪਵੇਗੀ। ਧਰਮ ਅਤੇ ਸਿਆਸਤ ਦਾ ਉੱਚਾ-ਸੁੱਚਾ ਸੁਮੇਲ, ਜੋ ਉਹਨਾਂ ਨੇ ਇਤਿਹਾਸ ਵਿਚ ਉਤਾਰਿਆ ਤੇ ਨਿਖਾਰਿਆ, ਘੱਟੋ-ਘੱਟ ਵੀਹਵੀਂ ਸਦੀ ਵਿਚ ਉਸ ਦੀ ਮਿਸਾਲ ਨਹੀਂ ਮਿਲ ਸਕਦੀ। ਇਸ ਦਿਸ਼ਾ ਵਿਚ ਵਿਦਵਾਨਾਂ ਅੰਦਰ ਵਿਵੇਕ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨ ਲਈ ਇਕ ਸਾਰਥਕ ਅਤੇ ਸੁਖਾਵਾਂ ਮਾਹੌਲ ਸਿਰਜਣ ਦੀ ਅੱਜ ਬਹੁਤ ਲੋੜ ਹੈ।

## ਨਿਰਾਲਾ ਤੇ ਨਿਆਰਾ ਬਚਪਨ

ਸੰਤ ਜਰਨੈਲ ਸਿੰਘ ਦਾ ਬਚਪਨ ਹੋਰਨਾਂ ਲੋਕਾਂ ਨਾਲੋਂ ਵੱਖਰਾ ਵੀ ਹੈ, ਵਿਸ਼ੇਸ਼ ਵੀ ਹੈ ਅਤੇ ਨਿਰਾਲਾ ਵੀ ਹੈ। ਬਹੁਤ ਘੱਟ ਵਿਦਵਾਨਾਂ ਨੇ ਇਸ ਯੋਧੇ ਦੇ ਬਚਪਨ ਵੱਲ ਇਕ ਡੂੰਘੀ, ਬਹੁਪੱਖੀ ਅਤੇ ਖੋਜ ਭਰਪੂਰ ਝਾਤ ਮਾਰਨ ਦਾ ਯਤਨ ਕੀਤਾ ਹੈ। ਸੱਚ ਤਾ ਇਹ ਹੈ ਕਿ ਬਹੁਤ ਲੋਕ ਸੰਤ ਜਰਨੈਲ ਸਿੰਘ ਜੀ ਨੂੰ ਇਵੇਂ ਜਾਣਦੇ ਹਨ, ਜਿਵੇਂ ਉਹਨਾਂ ਨੇ ਧਰਮ ਯੁੱਧ ਮੋਰਚੇ ਦੇ ਸਫ਼ਰ ਦੌਰਾਨ ਉਹਨਾਂ ਨੂੰ ਵਿਚਰਦਿਆਂ ਵੇਖਿਆ। ਪਰ ਸ਼ਾਇਦ ਕਿਸੇ ਨੇ ਵੀ ਇਹ ਜਾਨਣ ਦੀ ਖੇਚਲ ਨਹੀਂ ਕੀਤੀ ਕਿ ਇਸ ਇਨਸਾਨ ਵਿਚ ਇਰਾਦੇ ਦੀ ਦ੍ਰਿੜ੍ਹਤਾ, ਪੇਚ-ਦਰ-ਪੇਚ ਟੇਢੇ-ਮੇਢੇ ਰਾਹਾਂ ਉੱਤੇ ਨਿਰਭਉ ਅਤੇ ਨਿਰਵੈਰ ਹੋ ਕੇ ਚੱਲਣ ਦੇ ਸ਼ੌਕ, ਸਮਰੱਥਾ ਅਤੇ ਹੌਂਸਲੇ ਆਖ਼ਰ ਆਏ ਕਿਥੋਂ? ਆਦਿ ਤੋਂ ਅੰਤ ਤੱਕ ਨਿਭ ਜਾਣ ਵਾਲੇ ਇਸ ਰੱਤੜੇ ਚੋਲੇ ਵਾਲੇ ਗੁਰਸਿੱਖ ਦੀਆਂ ਜੜ੍ਹਾਂ ਕਿੱਥੇ ਸਨ ਕਿ ਇਸ ਬ੍ਰਹਿਮੰਡ ਦਾ ਕੰਤ ਵੀ ਉਸ ਦਾ ਹਮਸਫ਼ਰ ਬਣ ਗਿਆ ਸੀ। ਪਿਆਰੇ ਖ਼ਾਲਸਾ ਜੀ, ਇਹ ਸੀ ਸੰਤ ਜਰਨੈਲ ਸਿੰਘ ਦਾ ਬਚਪਨ, ਜੋ ਰੋਡੇ ਪਿੰਡ ਦੀਆਂ ਗਲੀਆਂ ਵਿਚ ਬੀਤਿਆ। ਮੋਗੇ ਦੇ ਨਜ਼ਦੀਕ ਇਸ ਪਿੰਡ ਤੋਂ ਥੋੜ੍ਹੀ ਦੂਰੀ 'ਤੇ ਹੀ ਦੋ ਇਤਿਹਾਸਕ ਨਗਰ ਹਨ-ਦੀਨਾ ਕਾਂਗੜ ਅਤੇ ਮੁਕਤਸਰ। ਦੀਨਾ ਕਾਂਗੜ ਵਿਚ ਦਸਮ ਪਿਤਾ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਸੀ ਅਤੇ ਮੁਕਤਸਰ ਵਿਚ ਬੇਦਾਵਾ ਦੇ ਆਏ 40 ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਤਾ ਸੀ। ਇੰਝ ਇਹਨਾਂ ਪਵਿੱਤਰ ਥਾਵਾਂ ਨਾਲ ਜੁੜੀਆਂ ਇਤਿਹਾਸਕ ਯਾਦਾਂ ਸੰਤਾਂ ਦੇ ਮਨ-ਮੰਦਰ ਵਿਚ ਬਚਪਨ ਤੋਂ ਹੀ ਉੱਕਰੀਆਂ ਗਈਆਂ ਸਨ।

## ਦੁਨਿਆਵੀ ਇਲਮ ਨੂੰ ਅਲਵਿਦਾ

ਮਾਲਵੇ ਦੇ ਇਸ ਪਿੰਡ ਦੇ ਪ੍ਰਾਇਮਰੀ ਸਕੂਲ ਦਾ ਰਿਕਾਰਡ ਸਾਨੂੰ ਦੱਸਦਾ ਹੈ ਕਿ ਸੰਤ ਜਰਨੈਲ ਸਿੰਘ ਜੀ ਦਾ ਜਨਮ 2 ਜੂਨ 1947 ਨੂੰ ਪਿੰਡ ਰੋਡੇ ਵਿਚ ਹੋਇਆ। ਦਾਖ਼ਲਾ ਰਜਿਸਟਰ ਵਿਚ ਉਹਨਾਂ ਦਾ ਦਾਖ਼ਲਾ ਨੰਬਰ 1286 ਦੱਸਿਆ ਗਿਆ ਹੈ। ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋਈ ਕਿ ਉਹਨਾਂ ਨੇ ਪ੍ਰਾਇਮਰੀ ਪਾਸ ਕੀਤੀ ਸੀ ਜਾਂ ਨਹੀਂ। ਪਰ ਇਹ ਗੱਲ ਚਿੱਟੇ ਦਿਨ ਵਾਂਗ ਰੌਸ਼ਨ ਹੈ ਕਿ ਉਹ ਉਦੋਂ ਤੱਕ ਜ਼ਿੰਦਗੀ ਦੇ ਭਾਂਡੇ-ਮੀਂਡੇ ਸਕੂਲ ਵਿਚੋਂ ਇੰਨਾ ਕੁਝ ਪੜ੍ਹ ਗਏ ਸਨ ਅਤੇ ਉਸ ਮੰਜ਼ਿਲ ਵੱਲ ਤੇਜ਼ੀ ਨਾਲ ਵਧ ਰਹੇ ਸਨ, ਜਿਥੇ ਦੁਨਿਆਵੀ ਇਲਮ ਆਪਣੀ ਅਹਿਮੀਅਤ ਗਵਾ ਬਹਿੰਦੇ ਹਨ। ਕਿਸੇ ਸ਼ਾਇਰ ਨੇ ਇਹ ਲਫ਼ਜ਼ ਸ਼ਾਇਦ ਸੰਤ ਜਰਨੈਲ ਸਿੰਘ ਲਈ ਹੀ ਲਿਖੇ ਹਨ,

ਹਮ ਨੇ ਯੇ ਜਾਨਾ ਥਾ ਕਿ ਇਲਮ ਸੇ ਕੁਛ ਜਾਨੇਂਗੇ,
ਜਾਨਾ ਤੋ ਯੇ ਜਾਨਾ ਕਿ ਨਾ ਜਾਨਾ ਕੁਛ ਭੀ।

ਉਹ ਆਮ ਲੋਕਾਂ ਵਿਚ ਰਹਿੰਦੇ ਹੋਏ ਵੀ ਹੁਣ ਲੋਕਾਂ ਤੋਂ ਵੱਖਰੇ ਹੋ ਰਹੇ ਸਨ ਜਾਂ ਇਉਂ ਕਹਿ ਲਵੋ ਕਿ ਉਹ ਖ਼ਾਲਸਾ ਪੰਥ ਨਾਲ ਤੱਤ ਰੂਪ ਵਿਚ ਜੁੜਨ ਲਈ ਕੁਝ ਚਿਰ ਵਾਸਤੇ ਲੋਕਾਂ ਤੋਂ ਅਲੱਗ ਹੋ ਗਏ।

## ਸਿਮਰਨ ਦਾ ਖਿੜਿਆ ਬਾਗ

ਬਚਪਨ ਤੇ ਜਵਾਨੀ ਦੇ ਸਫ਼ਰ ਦੌਰਾਨ ਉਹਨਾਂ ਦੀ ਜ਼ਿੰਦਗੀ ਵਿਚ ਵਾਪਰੀਆਂ ਤਿੰਨ ਵੱਡੀਆਂ ਘਟਨਾਵਾਂ ਨੇ ਉਹਨਾਂ ਨੂੰ ਜਿਸਮ ਤੋਂ ਰੂਹ ਤੱਕ ਬਦਲ ਕੇ ਰੱਖ ਦਿੱਤਾ। ਮੋਟੇ ਤੌਰ 'ਤੇ ਅਸੀਂ ਇਹਨਾਂ ਘਟਨਾਵਾਂ ਨੂੰ ਇਹ ਸਿਰਲੇਖ ਦੇ ਸਕਦੇ ਹਾਂ,

1. ਸਿਮਰਨ ਦਾ ਖਿੜਿਆ ਬਾਗ
2. ਖੇਤੀ ਦੇ ਕਿੱਤੇ ਨਾਲ ਗੁਰਬਾਣੀ ਦੇ ਸ਼ਬਦਾਂ ਦੀ ਗੁੰਜਾਰ
3. ਦਮਦਮੀ ਟਕਸਾਲ ਵਿਚ ਦਾਖ਼ਲਾ

ਇਹ ਤਿੰਨੇ ਚਮਤਕਾਰ 16-17 ਸਾਲ ਦੀ ਉਮਰ ਤੱਕ ਹੀ ਵਾਪਰ ਗਏ। ਛੋਟੀ ਉਮਰ ਵਿਚ ਹੀ ਉਹਨਾਂ ਨੇ ਅੰਮ੍ਰਿਤ ਛੱਕ ਲਿਆ ਸੀ। ਪਰ ਕਰਾਰ ਅੰਮ੍ਰਿਤ ਦੇ ਸਰੋਵਰ ਵਿਚ ਚੁੱਭੀ ਲਾਉਣ ਤੋਂ ਪਹਿਲਾਂ ਹੀ ਪਾ ਕੇ ਰੱਖਦੇ ਸਨ। ਦਸਮੇਸ਼ ਪਿਤਾ ਦੀ ਇਸ ਕੀਮਤੀ ਸੌਗਾਤ ਨੂੰ ਉਹ ਸਾਂਭ-ਸਾਂਭ ਕੇ ਰੱਖਦੇ ਸਨ ਅਤੇ ਇਕ ਪਲ ਲਈ ਵੀ ਉਹ ਗੁਰੂ ਗੋਬਿੰਦ ਸਿੰਘ ਦੇ ਇਸ ਤੋਹਫ਼ੇ ਤੋਂ ਜੁਦਾ ਨਹੀਂ ਸਨ ਹੁੰਦੇ। ਕੰਘੇ ਦੋ ਰੱਖਦੇ ਸਨ। ਜੇਕਰ ਇਕ ਭੁੱਲੇ-ਚੁੱਕੇ ਡਿੱਗ ਪਵੇ ਤਾਂ ਦੂਜਾ ਖੀਸੇ ਵਿਚ ਹੁੰਦਾ ਸੀ। ਸਾਦਾ ਖਾਣਾ, ਸਾਦਾ ਪਹਿਨਣਾ ਅਤੇ ਸਾਦਾ ਜੀਵਨ ਉਹਨਾਂ ਨੂੰ ਚੰਗਾ ਲੱਗਦਾ ਸੀ। ਇਸ ਵਿਚ ਗੁਰਬਾਣੀ ਦੀ ਖੁਸ਼ਬੋ ਰਲ ਜਾਣ ਨਾਲ ਸਾਰਾ ਕੁਝ ਰੂਹਾਨੀ ਸਾਦਗੀ ਵਿਚ ਪਲਟ ਗਿਆ ਸੀ। ਸ਼ਾਇਦ ਇਸ ਹਕੀਕਤ ਦਾ ਪਹਿਲਾ ਭੇਤ ਉਹਨਾਂ ਦੇ ਵੱਡੇ ਵੀਰ ਸ.ਵੀਰ ਸਿੰਘ ਨੂੰ ਹਾਸਲ ਹੋਇਆ। ਸੰਤਾਂ ਤੋਂ ਗਿਆਰਾਂ ਸਾਲ ਵੱਡੇ ਕਰੀਬ ਸੱਤਰ ਸਾਲਾਂ ਨੂੰ ਪੁੱਜੇ ਸ.ਵੀਰ ਸਿੰਘ ਜੀ ਜਦੋਂ ਆਪਣੇ ਨਿੱਕੇ ਭਰਾ ਦੀਆਂ ਯਾਦਾਂ ਸਾਂਝੀਆਂ ਕਰਦੇ ਹਨ ਤਾਂ ਸਮੁੱਚਾ ਮਾਹੌਲ ਕੁਝ ਪਲਾਂ ਲਈ ਉਦਾਸੀਆਂ ਨਾਲ ਭਰ ਜਾਂਦਾ ਹੈ। ਇਹ ਇਕ ਅਜਿਹਾ ਦੌਰ ਸੀ ਜਦੋਂ ਪਿੰਡ ਵਿਚ ਹਾਣ ਦੇ

(ਬਾਕੀ ਸਫਾ 22 ਤੇ)

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

N P Construction
ਕਿਸੇ ਵੀ ਕਿਸਮ ਦਾ ਘਰ ਬਣਾਉਣਾ ਹੋਵੇ, Addition ਕਰਾਉਣਾ ਹੋਵੇ Kitchen/ Bath room ਲਈ ਇਕ ਵਾਰ ਜ਼ਰੂਰ ਤਸੱਲੀਬਖ਼ਸ਼ ਕੰਮ ਲਈ ਗੱਲਬਾਤ ਕਰੋ।
ਨਵੇਂ ਘਰਾਂ ਦੇ ਨਾਲ ਪੁਰਾਣੇ ਘਰਾਂ ਦੀ ਮੁਰੰਮਤ, ਡੈਕੋਰੇਸ਼ਨ, ਘਰ ਦੀ ਕੋਈ ਵੀ ਚੀਜ਼ ਅਪਡੇਟ ਕਰਾਉਣ ਦੇ ਲਈ ਇਕ ਵਾਰ ਜ਼ਰੂਰ ਯਾਦ ਕਰੋ।
ਨਰਿੰਦਰ ਸਿੰਘ ਬਾਦਲ
CSLB 963299
ਯੂਨੀਅਨ ਸਿਟੀ (ਕੈਲੇਫੋਰਨੀਆ)
510-372-3215




Raj Budwal
(Investment and Fiancial Advisor)
408-972-8000, 408-835-0202 (Cell)
Budwal@sagepointadvisor.com

Budwal and Associates
315 Piercy Road,
San Jose, CA 95138


# What is a trust?

A trust is a legal entity that is created for the purpose of transferring property to a trustee for the benefit of a third person (beneficiary). The trustee manages the property for the beneficiary according to the terms specified in the trust document.

**Advantages of Trusts**

- Trusts may be used to minimize estate taxes for married individuals with substantial assets.
- Trusts provide management assistance for your heirs.*
- Contingent trusts for minors (which take effect in the event that both parents die) may be used to avoid the costs of having a court-appointed guardian to manage your children's assets.
- Properly funded trusts avoid many of the administrative costs of probate (e.g., attorney fees, document filing fees).
- Generally, revocable living trusts will keep the distribution of your estate private.

**Question:**
**What is a living trust?**
**Answer:**

A living trust is a popular estate planning tool that lets you (1) retain control over the trust property while you are alive, (2) avoid guardianship in case you become incapacitated and can no longer handle your own financial affairs, and (3) pass trust property outside of probate when you die.

Legally, a living trust is a separate entity that you create while you are living to "own" property, such as a house, boat, jewelry, or mutual funds. The trust is revocable, which means that you can make changes to it, or even end it, at any time. For example, you may want to remove certain property from the trust or change the beneficiaries. Or you may decide not to use the trust anymore because it no longer meets your needs. A living trust gives you the flexibility to do any of these things.

However, you do pay a price for this flexibility. A living trust does not avoid estate or income taxes, nor does it protect your assets from potential creditors.

A big advantage of the living trust is that it allows a successor trustee to automatically take your place and manage the trust assets if you become incapacitated.

For example, you have an accident and are in a coma for six months. Your successor trustee can take your place and manage the trust while you are unable to do so.

That way, your affairs continue as usual, and you should suffer no financial setback.

In addition, assets in the living trust do not pass through your will when you die. Instead, the assets in the trust are distributed by the trustee according to the terms you establish in the trust. Also, the assets in the trust are not part of your probate estate. This may get them into the hands of your beneficiaries faster or, if you desire, provide that the assets be held until the beneficiaries meet certain criteria or attain a certain age. Finally, since the trust is not subject to probate, the terms of the trust are private.

# ਕੈਪਟਨ ਅਮਰਿੰਦਰ ਸਿੰਘ ਦੇ ਐਲਾਨ ਨਾਲ ਕਿਸਾਨੀ ਨੂੰ ਕੁਝ ਸੌਖਾ ਸਾਹ ਆਵੇਗਾ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੋਮਵਾਰ ਨੂੰ ਵੱਡੇ ਵੱਡੇ ਐਲਾਨ ਕਰਕੇ ਕੁਝ ਚੋਣ ਵਾਅਦੇ ਨਿਭਾਉਣ ਦਾ ਪ੍ਰਭਾਵ ਦਿੱਤਾ ਹੈ। ਇਨ੍ਹਾਂ ਐਲਾਨਾਂ ਅਨੁਸਾਰ ਪੰਜ ਏਕੜ ਤੋਂ ਘੱਟ ਜ਼ਮੀਨ ਦੀ ਮਾਲਕੀ ਵਾਲੇ ਛੋਟੇ ਤੇ ਸੀਮਾਂਤ ਕਿਸਾਨਾਂ ਦਾ ਦੋ ਲੱਖ ਰੁਪਏ ਤਕ ਦਾ ਫ਼ਸਲੀ ਕਰਜ਼ਾ ਮੁਆਫ਼ ਕਰ ਦਿੱਤਾ ਗਿਆ ਹੈ, ਖ਼ੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਲਈ ਰਾਹਤ ਰਾਸ਼ੀ ਤਿੰਨ ਲੱਖ ਰੁਪਏ ਤੋਂ ਵਧਾ ਕੇ ਪੰਜ ਲੱਖ ਰੁਪਏ ਕਰ ਦਿੱਤੀ ਗਈ ਹੈ ਅਤੇ ਕੁੜੀਆਂ ਲਈ ਪੀਐੱਚ.ਡੀ. ਤਕ ਮੁਫ਼ਤ ਸਿੱਖਿਆ ਦਾ ਉਪਬੰਦ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਨਵੇਂ ਤੇ ਪੁਰਾਣੇ ਉਦਯੋਗਾਂ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਦੇ ਫਲੈਟ ਰੇਟ 'ਤੇ ਬਿਜਲੀ ਸਪਲਾਈ ਕਰਨ ਅਤੇ ਟਰੱਕ ਯੂਨੀਅਨਾਂ ਭੰਗ ਕਰਨ ਦੇ ਫ਼ੈਸਲੇ ਵੀ ਐਲਾਨੇ ਗਏ ਹਨ। ਇਹ ਸਾਰੇ ਐਲਾਨ ਉਸ ਸਮੇਂ ਆਏ ਜਦੋਂ ਲੋਕਾਂ 'ਚ ਕੈਪਟਨ ਸਰਕਾਰ ਦੀ ਭਰੋਸੇਯੋਗਤਾ ਨੂੰ ਖ਼ੋਰਾ ਲੱਗਦਾ ਜਾ ਰਿਹਾ ਸੀ ਅਤੇ ਇਹ ਪ੍ਰਭਾਵ ਬਣਨ ਲੱਗਾ ਸੀ ਕਿ ਇਹ ਸਰਕਾਰ, ਪਿਛਲੀ ਅਕਾਲੀ-ਭਾਜਪਾ ਸਰਕਾਰ ਤੋਂ ਬਹੁਤੀ ਵੱਖਰੀ ਨਹੀਂ। ਮੁੱਖ ਮੰਤਰੀ ਦੇ ਐਲਾਨਾਂ ਦਾ ਸਿੱਧਾ ਲਾਭ ਭਾਵੇਂ ਰਾਜ ਦੇ 12-13 ਲੱਖ ਪਰਿਵਾਰਾਂ ਨੂੰ ਹੀ ਹੋਵੇਗਾ, ਪਰ ਇਨ੍ਹਾਂ ਤੋਂ ਉੱਭਰੀ ਸਾਕਾਰਾਤਮਕਤਾ ਸਰਕਾਰ ਦਾ ਅਕਸ ਨਿਖਾਰਨ ਵਿੱਚ ਮਦਦਗਾਰ ਹੁੰਦੀ ਹੈ ਜਾਂ ਨਹੀਂ, ਇਹ ਦੇਖਣ ਵਾਲੀ ਗੱਲ ਹੋਵੇਗੀ। ਸੂਬਾਈ ਬਜਟ ਦੀ ਪੇਸ਼ਕਾਰੀ ਤੋਂ ਇੱਕ ਦਿਨ ਪਹਿਲਾਂ ਅਜਿਹੇ ਐਲਾਨ ਕਰਕੇ ਮੁੱਖ ਮੰਤਰੀ ਨੇ ਬਜਟ ਦਾ ਆਕਰਸ਼ਣ ਭਾਵੇਂ ਵੱਡੀ ਹੱਦ ਤਕ ਖ਼ਤਮ ਕਰ ਦਿੱਤਾ, ਫਿਰ ਵੀ ਉਨ੍ਹਾਂ ਨੇ ਆਪਣੇ ਐਲਾਨਾਂ ਨੂੰ ਅਮਲੀ ਰੂਪ ਦੇਣ ਵਾਸਤੇ ਕੁਝ ਵਿੱਤੀ ਵਿਵਸਥਾਵਾਂ ਸਿਰੇ ਚਾੜ੍ਹ ਕੇ ਆਪਣੇ



ਕਦਮਾਂ ਪ੍ਰਤੀ ਸੰਜੀਦਾ ਹੋਣ ਦਾ ਪ੍ਰਭਾਵ ਜ਼ਰੂਰ ਛੱਡਿਆ ਹੈ। ਦੋ ਲੱਖ ਰੁਪਏ ਦੀ ਫ਼ਸਲੀ ਕਰਜ਼ਾ ਮੁਆਫ਼ੀ ਉਨ੍ਹਾਂ ਕਰਜ਼ਿਆਂ ਉੱਤੇ ਲਾਗੂ ਹੋਵੇਗੀ ਜਿਹੜੇ ਬੈਂਕਾਂ ਤੋਂ ਲਏ ਗਏ ਹਨ। ਦਰਅਸਲ, ਇਨ੍ਹਾਂ ਕਰਜ਼ਿਆਂ ਨੂੰ ਮੋੜਨ ਦੀ ਜ਼ਿੰਮੇਵਾਰੀ ਹੁਣ ਕਿਸਾਨ ਦੀ ਨਹੀਂ, ਸਗੋਂ ਸਰਕਾਰ ਦੀ ਹੋਵੇਗੀ। ਸਰਕਾਰ ਇਨ੍ਹਾਂ ਕਰਜ਼ਿਆਂ ਦੀ ਮੁਕੰਮਲ ਰਕਮ ਚਾਰ-ਪੰਜ ਸਾਲਾਂ ਦੇ ਅੰਦਰ ਸਾਲਾਨਾ ਕਿਸ਼ਤਾਂ ਦੇ ਰੂਪ ਵਿੱਚ ਅਦਾ ਕਰੇਗੀ। ਪਹਿਲੀ ਕਿਸ਼ਤ ਦੀ ਅਦਾਇਗੀ ਲਈ 1500 ਕਰੋੜ ਰੁਪਏ ਦੀ ਵਿਵਸਥਾ ਚਲੰਤ ਵਿੱਤੀ ਵਰ੍ਹੇ ਦੇ ਬਜਟ ਵਿੱਚ ਕਰ ਦਿੱਤੀ ਗਈ ਹੈ। ਇੰਜ ਹੀ, ਖ਼ੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਵਾਸਤੇ ਰਾਹਤ ਰਾਸ਼ੀ ਵਿੱਚ ਇਜ਼ਾਫ਼ੇ ਲਈ ਲੋੜੀਂਦੇ ਫੰਡਾਂ ਦੀ ਵਿਵਸਥਾ ਵੀ ਸੂਬਾਈ ਬਜਟ ਦਾ ਹਿੱਸਾ ਬਣਾ ਦਿੱਤੀ ਗਈ ਹੈ। ਇਨ੍ਹਾਂ ਕਦਮਾਂ ਤੋਂ ਇਹੋ ਜਾਪਦਾ ਹੈ ਕਿ ਸਰਕਾਰ ਨੇ ਆਪਣੇ ਐਲਾਨਾਂ ਤੋਂ ਪਹਿਲਾਂ ਕੁਝ 'ਹੋਮ ਵਰਕ' ਅਵੱਸ਼ ਕੀਤਾ ਹੈ। ਇਨ੍ਹਾਂ ਕਦਮਾਂ ਦਾ ਜਿੱਥੇ ਸਵਾਗਤ ਹੋਇਆ ਹੈ, ਉੱਥੇ ਨਾਖ਼ੁਸ਼ੀ ਵੀ ਸਾਹਮਣੇ ਆਈ ਹੈ। ਸਿਰਫ਼ ਬੈਂਕਾਂ ਤੋਂ ਲਏ ਫ਼ਸਲੀ ਕਰਜ਼ੇ ਮੁਆਫ਼ ਕੀਤੇ ਗਏ ਹਨ, ਆੜ੍ਹਤੀਆਂ ਤੇ ਸ਼ਾਹੂਕਾਰਾਂ ਤੋਂ ਲਈਆਂ ਗਈਆਂ ਰਕਮਾਂ ਨਹੀਂ। ਕਿਸਾਨ ਲਈ ਅਸਲ ਸਿਰਦਰਦੀ ਤਾਂ ਇਹੋ ਰਕਮਾਂ ਹਨ। ਉਸ ਮਸਲੇ ਦੇ ਹੱਲ ਲਈ ਇੱਕ ਕਮੇਟੀ ਪਹਿਲਾਂ ਹੀ ਕਾਇਮ ਹੈ। ਹੁਣ ਉਸ ਨੂੰ ਸਰਗਰਮ ਕੀਤੇ ਜਾਣ ਦੀ ਗੱਲ ਕੀਤੀ ਗਈ ਹੈ। ਇੱਕ ਹੋਰ ਅਹਿਮ ਪੱਖ ਹੈ ਕਿ ਰਾਹਤ ਸਿਰਫ਼ ਕਿਸਾਨੀ ਨੂੰ ਮਿਲੀ ਹੈ, ਸੀਰੀਆਂ ਜਾਂ ਖੇਤ ਮਜ਼ਦੂਰਾਂ ਨੂੰ ਨਹੀਂ ਜਿਨ੍ਹਾਂ ਦੀ ਗਿਣਤੀ 15 ਲੱਖ ਦੇ ਕਰੀਬ ਹੈ। ਖੇਤੀ ਅਰਥਚਾਰੇ ਵਿੱਚ ਉਨ੍ਹਾਂ ਦਾ ਵੀ ਭਰਪੂਰ ਯੋਗਦਾਨ ਹੈ। ਉਨ੍ਹਾਂ ਦੇ ਹਿੱਤ ਕੀ ਇਸ ਕਰਕੇ ਵਿਸਾਰ ਦਿੱਤੇ ਗਏ ਕਿ ਉਹ ਜ਼ਿਆਦਾ ਜਥੇਬੰਦ ਨਹੀਂ? ਸਨਅਤਾਂ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਦੇ ਰੇਟ 'ਤੇ ਬਿਜਲੀ ਦਿੱਤੀ ਗਈ, ਪਰ ਵਣਜ-ਵਪਾਰ ਨੂੰ ਇਸ ਪੱਖੋਂ ਬਿਲਕੁਲ ਵਿਸਾਰ ਦਿੱਤਾ ਗਿਆ ਹੈ। ਕੀ ਵਪਾਰੀ ਤਬਕਾ, ਰਾਜ ਦੇ ਅਰਥਚਾਰੇ ਵਿੱਚ ਕੋਈ ਯੋਗਦਾਨ ਨਹੀਂ ਪਾ ਰਿਹਾ ਕਿ ਉਸ ਨੂੰ ਸਿੱਧੇ ਤੌਰ 'ਤੇ ਨਜ਼ਰਅੰਦਾਜ਼ ਕੀਤਾ ਜਾਵੇ? ਜ਼ਾਹਿਰ ਹੈ ਕੈਪਟਨ ਸਰਕਾਰ ਨੇ ਦਲੇਰੀ ਜ਼ਰੂਰ ਦਿਖਾਈ ਹੈ, ਪਰ ਉਸ ਵੱਲੋਂ ਦਿੱਤੀ ਰਾਹਤ ਅੰਸ਼ਕ ਹੀ ਹੈ।


ALIEN TRANSPORT LLC YUBA CITY ਨੂੰ ਟਰੱਕ ਡਰਾਈਵਰਾਂ ਦੀ ਲੋੜ

ਟਰੱਕ ਡਰਾਈਵਰ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਨੂੰ long haul ਲਈ ਟਰੱਕ ਡਰਾਈਵਰਾਂ ਦੀ ਲੋੜ ਹੈ ਜੋ Midwest, Detroit, Michigan ਤੱਕ ਜਾ ਸਕਦੇ ਹੋਣ।

ਚੰਗੀ ਕਮਾਈ ਅਤੇ 38 ਸੈਂਟ ਪ੍ਰਤੀ ਮਾਈਲ ਲੈਣ ਦੇ ਲਈ ਅਵਤਾਰ ਸਿੰਘ ਸਹੋਤਾ (ਤਾਰੀ ਸਹੋਤਾ) ਨਾਲ ਸੰਪਰਕ ਕਰੋ: 800-596-6407






KANG TRANSPORT
Kang Transport LLC
3391 Industrial Drive
Yuba City, CA 95993
Cell
530-682-0781
Kangtransport@gmail.com

# ਡਿਪਰੈਸ਼ਨ ਅਤੇ ਪਛਤਾਵੇ ਵਿੱਚ ਬੀਤਿਆ ਔਰੰਗਜ਼ੇਬ ਦਾ ਆਖਰੀ ਸਮਾਂ



ਬਲਰਾਜ ਸਿੰਘ ਸਿੱਧੂ
ਐਸ. ਪੀ.

ਦੁਨੀਆਂ ਦੇ ਤਾਕਤਵਰ ਤੋਂ ਤਾਕਤਵਰ ਇਨਸਾਨ ਨੂੰ ਵੀ ਅਖੀਰ ਵਕਤ ਅੱਗੇ ਹਥਿਆਰ ਸੁੱਟਣੇ ਪੈਂਦੇ ਹਨ। ਪਾਪੀਆਂ ਨੂੰ ਬੁਢਾਪੇ ਵਿੱਚ ਸਿਰ 'ਤੇ ਨੱਚਦੀ ਮੌਤ ਵੇਖ ਕੇ ਕੀਤੇ ਹੋਏ ਕੁਕਰਮ ਅਤੇ ਰੱਬ ਦਾ ਖੌਫ ਡਰਾਉਣ ਲੱਗ ਜਾਂਦਾ ਹੈ। ਜਦੋਂ ਕਿਸੇ ਕੋਲ ਤਾਕਤ ਹੁੰਦੀ ਹੈ, ਉਸ ਵੇਲੇ ਨੇਕੀ ਦੇ ਕੰਮ ਕਰਨੇ ਚਾਹੀਦੇ ਹਨ। ਵਕਤ ਗੁਜ਼ਰ ਜਾਣ ਤੋਂ ਬਾਅਦ ਚੰਗੀਆਂ ਗੱਲਾਂ ਕਰਨਾ ਤੇ ਪਛਤਾਉਣਾ ਨਿਰਾ ਢੋਂਗ ਹੀ ਹੁੰਦਾ ਹੈ।

6ਵੇਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਭਾਰਤ ਦਾ ਸਭ ਤੋਂ ਬੇਰਹਿਮ ਅਤੇ ਪੱਥਰ ਦਿਲ ਹੁਕਮਰਾਨ ਮੰਨਿਆਂ ਜਾਂਦਾ ਹੈ। ਆਪਣੇ ਭਰਾਵਾਂ ਅਤੇ ਸਕੇ ਸਬੰਧੀਆਂ ਨੂੰ ਬੇਰਹਿਮੀ ਨਾਲ ਖਤਮ ਕਰ ਕੇ ਤਖਤੇ ਤਾਊਸ ਹਥਿਆਉਣ ਵਾਲੇ ਇਸ ਸਖਸ਼ ਦਾ ਆਖਰੀ ਵਕਤ ਬਹੁਤ ਹੀ ਦਰਦਨਾਕ ਸੀ। ਉਸ ਦਾ ਜਨਮ ਸ਼ਹਿਨਸ਼ਾਹ ਸ਼ਾਹ ਜਹਾਨ ਅਤੇ ਮੁਮਤਾਜ਼ ਮਹਿਲ ਦੇ ਘਰ 3 ਨਵੰਬਰ 1618 ਨੂੰ ਦਾਹੌਦ ਸ਼ਹਿਰ (ਗੁਜਰਾਤ) ਵਿੱਚ ਹੋਇਆ ਸੀ। ਉਸ ਨੇ 49 ਸਾਲ ਭਾਰਤ 'ਤੇ ਸਾਸ਼ਨ ਕੀਤਾ। ਉਸ ਦੀ ਮੌਤ 3 ਮਾਰਚ 1707 ਈ. ਨੂੰ ਦੱਖਣੀ ਭਾਰਤ ਦੇ ਸ਼ਹਿਰ ਅਹਿਮਦਨਗਰ ਦੇ ਕਸਬੇ ਔਰੰਗਾਬਾਦ ਵਿੱਚ ਹੋਈ ਤੇ ਉਸ ਨੂੰ ਖੁਲਦਾਬਾਦ ਵਿਖੇ ਦਫਨਾਇਆ ਗਿਆ। ਉਸ ਦੀਆਂ 4 ਪਤਨੀਆਂ ਤੇ 11 ਬੱਚੇ ਸਨ। ਉਸ ਦਾ ਪੂਰਾ ਨਾਮ ਅਬੁਲ ਮਜ਼ੱਫਰ ਮਹੱਈਉਦੀਨ ਮੁਹੰਮਦ ਔਰੰਗਜ਼ੇਬ ਆਲਮਗੀਰ ਸੀ। ਉਸ ਨੇ ਅਨੇਕਾਂ ਪ੍ਰਦੇਸ਼ ਜਿੱਤ ਕੇ ਮੁਗਲ ਰਾਜ ਦੇ ਇਲਾਕੇ ਨੂੰ ਬਹੁਤ ਵਿਸ਼ਾਲ ਕਰ ਦਿੱਤਾ। ਚੰਦਰ ਗੁਪਤ ਮੌਰੀਆ ਤੋਂ ਬਾਅਦ ਐਨੇ ਵੱਡੇ ਭੂ ਭਾਗ 'ਤੇ ਹਕੂਮਤ ਕਰਨ ਵਾਲਾ ਉਹ ਪਹਿਲਾ ਤੇ ਆਖਰੀ ਭਾਰਤੀ ਰਾਜਾ ਸੀ। ਕਰੀਬ ਸਾਰੇ ਦੱਖਣੀ ਭਾਰਤ 'ਤੇ ਕਬਜ਼ਾ ਜਮਾ ਕੇ ਉਸ ਨੇ ਮੁਗਲ ਰਾਜ ਦਾ ਵਿਸਤਾਰ 32 ਲੱਖ ਸੁਕੇਅਰ ਕਿ.ਮੀ ਤੱਕ ਕਰ ਦਿੱਤਾ। ਉਸ ਅਧੀਨ ਇਲਾਕੇ ਦੀ ਅਬਾਦੀ ਕਰੀਬ 15 ਕਰੋੜ ਸੀ।

ਉਸ ਨੇ ਆਪਣੀ ਜ਼ਿੰਦਗੀ ਨੂੰ ਸਖਤ ਇਸਲਾਮੀ ਅਸੂਲਾਂ ਅਨੁਸਾਰ ਢਾਲਿਆ ਹੋਇਆ ਸੀ। ਉਸ ਨੇ ਸ਼ਰੀਅਤ ਮੁਤਾਬਕ ਸਿਰਫ ਚਾਰ ਵਿਆਹ ਕਰਵਾਏ। ਉਹ ਇੱਕੋ ਇੱਕ ਮੁਗਲ ਬਾਦਸ਼ਾਹ ਸੀ ਜੋ ਸ਼ਰਾਬ ਅਤੇ ਅਫੀਮ ਦੀ ਵਰਤੋਂ ਨਹੀਂ ਸੀ ਕਰਦਾ। ਵਿਹਲੇ ਸਮੇਂ ਵਿੱਚ ਉਹ ਕੁਰਾਨ ਲਿਖਦਾ ਤੇ ਨਮਾਜ਼ੀ ਟੋਪੀਆਂ ਸਿਉਂਦਾ। ਪਰ ਉਸ ਦਾ ਸਭ ਤੋਂ ਵੱਡਾ ਔਗੁਣ ਧਾਰਮਿਕ ਅਸਿਹਣਸ਼ੀਲਤਾ ਸੀ। ਉਸ ਦੇ ਹੁਕਮਾਂ ਨਾਲ ਹੀ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕੀਤਾ ਗਿਆ। ਇਸ ਤੋਂ ਇਲਾਵਾ ਉਸ ਨੇ ਆਪਣੇ ਭਰਾ ਦਾਰਾ ਸ਼ਿਕੋਹ ਅਤੇ ਮੁਰਾਦ ਬਖਸ਼, ਸੂਫੀ ਸੰਤ ਸਰਮਦ, ਸ਼ਿਵਾ ਜੀ ਮਰਾਠਾ ਦੇ ਬੇਟੇ ਸੰਭਾ ਜੀ ਸਮੇਤ ਅਨੇਕਾਂ ਵਿਅਕਤੀਆਂ ਦਾ ਕਤਲ ਕਰਵਾਇਆ। ਉਸ ਨੇ ਹਿੰਦੂਆਂ 'ਤੇ ਦੁਬਾਰਾ ਜਜੀਆ ਲਗਾ ਦਿੱਤਾ ਅਤੇ ਸ਼ਰਾਬ, ਜੂਆ, ਸੰਗੀਤ, ਖੁਸਰੇ, ਪਸ਼ੂਆਂ ਨੂੰ ਖੱਸੀ ਕਰਨਾ, ਬੇਗਾਰ, ਮੁਜ਼ਰਾ, ਅਫੀਮ ਅਤੇ ਭੰਗ ਆਦਿ 'ਤੇ ਪਾਬੰਦੀ ਲਗਾ ਦਿੱਤੀ। ਕਾਸ਼ੀ ਵਿਸ਼ਵਾਨਾਥ, ਕੇਸਵਾ ਦਿਉ ਮੰਦਰ ਅਤੇ ਸੋਮਨਾਥ ਮੰਦਰ ਸਮੇਤ ਸੈਂਕੜੇ ਹਿੰਦੂ, ਬੁੱਧ ਅਤੇ ਜੈਨ ਮੰਦਰ ਤੋੜ ਦਿੱਤੇ ਗਏ। ਉਸ ਦੇ ਜ਼ੁਲਮਾਂ ਖਿਲਾਫ ਸਿੱਖਾ, ਰਾਜਪੂਤਾਂ, ਜਾਟਾਂ, ਸਤਨਾਮੀਆਂ ਅਤੇ ਮਰਾਠਿਆਂ ਨੇ ਭਿਆਨਕ ਬਗਾਵਤਾ ਕੀਤੀਆਂ। ਉਹ ਯੁੱਧ ਪ੍ਰੇਮੀ ਸੀ। ਉਸ ਦੀਆਂ ਗਲਤ ਨੀਤੀਆਂ ਅਤੇ ਜੰਗਾਂ ਕਾਰਨ ਮੁਗਲ ਰਾਜ ਦੀਵਾਲੀਆਪਨ ਦੀ ਹਾਲਤ ਵਿੱਚ ਪਹੁੰਚ ਗਿਆ। ਫੌਜ ਨੂੰ ਕਈ ਕਈ ਮਹੀਨੇ ਤਨਖਾਹ ਨਹੀਂ ਸੀ ਮਿਲਦੀ। ਨਿਰੰਤਰ ਯੁੱਧਾਂ ਅਤੇ ਵਡੇਰੀ ਉਮਰ ਨੇ ਉਸ ਦੀ ਸਿਹਤ 'ਤੇ ਮਾਰੂ ਅਸਰ ਪਾਇਆ। ਉਹ 1678 ਈ. ਤੋਂ ਲਗਾਤਾਰ 27 ਸਾਲ ਮਰਾਠਿਆਂ ਨਾਲ ਮੂਰਖਾਂ ਵਾਲੀ ਜੰਗ ਲੜਦਾ ਰਿਹਾ। ਅਖੀਰ 1705 ਵਿੱਚ 86 ਸਾਲ ਦੀ ਉਮਰ ਵਿੱਚ ਰੱਬ ਨੇ ਉਸ ਨੂੰ ਅਕਲ ਬਖਸ਼ੀ ਤੇ ਉਹ ਲੜਾਈ ਬੰਦ ਕਰ ਕੇ ਦਿੱਲੀ ਵੱਲ ਚੱਲ ਪਿਆ। ਪਰ ਉਸ ਦੇ ਨਸੀਬਾਂ ਵਿੱਚ ਦਿੱਲੀ ਪਹੁੰਚਣਾ ਨਹੀਂ ਸੀ ਲਿਖਿਆ। ਉਹ ਬੀਜਾਪੁਰ ਦੇ ਨਜ਼ਦੀਕ ਦੇਵਪੁਰ ਪਹੁੰਚਿਆ ਤਾਂ ਸਖਤ ਬਿਮਾਰ ਹੋ ਗਿਆ ਤੇ 6 ਮਹੀਨੇ ਮੰਜੇ 'ਤੇ ਪਿਆ ਰਿਹਾ। 20 ਜਨਵਰੀ 1706 ਨੂੰ ਉਸ ਨੂੰ ਪਾਲਕੀ ਵਿੱਚ ਲੱਦ ਕੇ ਅਹਿਮਦਨਗਰ ਲਿਆਂਦਾ ਗਿਆ। ਇਥੇ ਹੀ ਉਸ ਨੇ ਬੁਰੇ ਹਾਲੀਂ ਆਪਣਾ ਆਖਰੀ ਸਾਲ ਬਿਤਾਇਆ।



ਮਰਨ ਸਮੇਂ ਔਰੀਗਜ਼ੇਬ ਬਿਲਕੁਲ ਇਕੱਲਾ ਸੀ। ਉਸ ਦੇ ਬਾਗੀ ਪੁੱਤਰ ਅਕਬਰ ਦੀ ਇਰਾਨ ਵਿੱਚ (1706 ਈ.) ਮੌਤ ਹੋ ਗਈ ਸੀ ਤੇ ਪਿਆਰੀ ਬੇਟੀ ਜ਼ੇਬੁਨਿਸਾ (1702 ਈ.) ਅਤੇ ਭੈਣ ਰੌਸ਼ਨ ਆਰਾ (1671 ਈ.) ਵੀ ਮਰ ਚੁੱਕੀਆਂ ਸਨ। ਬਾਕੀ ਦੇ ਪੁੱਤਰਾਂ ਨੂੰ ਉਸ ਨੇ ਦੂਰ ਦੁਰਾਢੇ ਦੀਆਂ ਫੌਜੀ ਮੁਹਿੰਮਾਂ 'ਤੇ ਤੋਰਿਆ ਹੋਇਆ ਸੀ। ਉਸ ਦੀ ਬਿਮਾਰੀ ਦੀ ਖਬਰ ਫੈਲਣ ਕਾਰਨ ਸਾਰੇ ਸ਼ਹਿਜ਼ਾਦੇ ਤਖਤ ਹੜੱਪਣ ਲਈ ਫੌਜੀ ਤਿਆਰੀਆਂ ਵਿੱਚ ਰੁੱਝੇ ਹੋਏ ਸਨ। ਉਸ ਕੋਲ ਸਿਰਫ ਉਸ ਦੀ ਜਾਰਜੀਅਨ ਪਤਨੀ ਉਦੀਪੁਰੀ ਮਹਲ ਸੀ ਜਿਸ ਨੂੰ ਉਸ ਨੇ ਦਾਰਾ ਸ਼ਿਕੋਹ ਕੋਲੋਂ ਖੋਹਿਆ ਸੀ। 1707 ਵਿੱਚ ਉਹ ਦੁਬਾਰਾ ਬੁਰੀ ਤਰਾਂ ਬਿਮਾਰ ਪੈ ਗਿਆ। ਉਸ ਨੂੰ ਡੈਪਰੈਸ਼ਨ ਅਤੇ ਪਛਤਾਵੇ ਨੇ ਘੇਰ ਲਿਆ। ਆਪਣੇ ਕੀਤੇ ਹੋਏ ਪਾਪਾਂ ਅਤੇ ਨਰਕ ਦਾ ਖੌਫ ਉਸ ਨੂੰ ਸਤਾਉਣ ਲੱਗਾ। ਉਸ ਦੀ ਮਾਨਸਿਕ ਹਾਲਤ ਦਾ ਅੰਦਾਜ਼ਾ ਸ਼ਹਿਜ਼ਾਦੇ ਆਜ਼ਮ ਨੂੰ ਲਿਖੀ ਚਿੱਠੀ ਤੋ ਹੋ ਜਾਂਦਾ ਹੈ, ਉਮੈਂ ਇਸ ਜਹਾਨ 'ਤੇ ਇਕੱਲਾ ਆਇਆ ਸੀ ਤੇ ਇੱਕ ਅਜਨਬੀ ਵਜੋਂ ਇਥੋਂ ਜਾ ਰਿਹਾ ਹਾਂ। ਮੈਂ ਨਹੀਂ ਸਮਝ ਸਕਿਆ ਕਿ ਮੈਂ ਕੌਣ ਹਾਂ ਤੇ ਸਾਰੀ ਉਮਰ ਕੀ ਕਰਦਾ ਰਿਹਾ ਹਾਂ? ਜਿੰਨਾ ਸਮਾਂ ਮੈਂ ਤਾਕਤ ਵਿੱਚ ਗੁਜ਼ਾਰਿਆ ਹੈ, ਸਿਰਫ ਦੁੱਖ ਅਤੇ ਤਬਾਹੀ ਹੀ ਪਿੱਛੇ ਛੱਡੀ ਹੈ। ਮੈਂ ਮੁਗਲੀਆ ਰਾਜ ਦੀ ਸੁਰੱਖਿਆ ਅਤੇ ਤਰੱਕੀ ਕਰਨ ਵਿੱਚ ਬੁਰੀ ਤਰਾਂ ਅਸਫਲ ਰਿਹਾ ਹਾਂ। ਜ਼ਿੰਦਗੀ ਇੱਕ ਵਾਰ ਹੀ ਮਿਲਦੀ ਹੈ। ਮੈਂ ਅੱਲ੍ਹਾ ਦੀ ਬਖਸ਼ੀ ਹੋਈ ਇਸ ਹੀਰੇ ਵਰਗੀ ਅਨਮੋਲ ਵਸਤੂ ਬੇਕਾਰ ਹੀ ਗਵਾ ਲਈ ਹੈ। ਰੱਬ ਮੇਰੇ ਦਿਲ ਵਿੱਚ ਹੀ ਸੀ, ਪਰ ਮੈਂ ਪਾਪੀ ਉਸ ਨੂੰ ਖੋਜ ਨਹੀਂ ਸਕਿਆ। ਮੈਨੂੰ ਖੁਦਾ ਦੀ ਰਹਿਮ ਦਿਲੀ ਵਿੱਚ ਪੂਰਾ ਭਰੋਸਾ ਹੈ, ਪਰ ਮੈਂ ਆਪਣੇ ਕੀਤੇ ਹੋਏ ਗੁਨਾਹਾਂ ਕਾਰਨ ਕੰਬ ਰਿਹਾ ਹਾਂ।"

ਅਜਿਹੀ ਹੀ ਮਨੋ ਭਾਵਨਾ ਦੂਸਰੇ ਸ਼ਹਿਜ਼ਾਦੇ ਕਾਮ ਬਖਸ਼ ਨੂੰ ਲਿਖੀ ਚਿੱਠੀ ਵਿੱਚ ਮਿਲਦੀ ਹੈ, ਉਮੇਰੇ ਪਿਆਰੇ ਬਰਖੁਰਦਾਰ, ਮੈਂ ਆਪਣੇ ਸੱਚੇ ਘਰ ਜਾ ਰਿਹਾ ਹਾਂ। ਮੈਂ ਆਪਣੇ ਕੀਤੇ ਹਰ ਜ਼ੁਲਮ, ਪਾਪ ਅਤੇ ਗਲਤੀ ਦਾ ਭਾਰ ਆਪਣੇ ਨਾਲ ਲਿਜਾ ਰਿਹਾ ਹਾਂ। ਕਮਜ਼ੋਰੀ ਅਤੇ ਬੁਢਾਪੇ ਕਾਰਨ ਮੇਰੀ ਕਮਰ ਝੁਕ ਗਈ ਹੈ ਤੇ ਹਿਲਣ ਜੁਲਣ ਦੀ ਤਾਕਤ ਖਤਮ ਹੋ ਚੁੱਕੀ ਹੈ। ਮੈਂ ਇਸ ਜਹਾਨ ਵਿੱਚ ਖਾਲੀ ਹੱਥੀਂ ਆਇਆ ਸੀ ਪਰ ਗੁਨਾਹਾਂ ਦੀ ਭਾਰੀ ਪੰਡ ਲੈ ਕੇ ਜਾ ਰਿਹਾ ਹਾਂ। ਮੈਂ ਬਹੁਤ ਹੀ ਅਜ਼ੀਮ ਪਾਪ ਕੀਤੇ ਹਨ। ਪਤਾ ਨਹੀਂ ਖੁਦਾ ਨੇ ਮੇਰੇ ਲਈ ਕੀ ਭਿਆਨਕ ਸਜ਼ਾਵਾਂ ਤਜ਼ਵੀਜ ਕੀਤੀਆਂ ਹੋਣਗੀਆਂ।" ਮੌਤ ਦਾ ਇੰਤਜ਼ਾਰ ਕਰਦੇ ਸਮੇਂ ਔਰੰਗਜ਼ੇਬ ਨੇ ਆਪਣੀ ਵਸੀਅਤ ਲਿਖਵਾਈ। ਉਸ ਨੇ ਤਖਤ ਭਰਾਵਾਂ ਦਾ ਖੂਨ ਵਹਾ ਕੇ ਪ੍ਰਾਪਤ ਕੀਤਾ ਸੀ ਪਰ ਖੁਦ ਨਹੀਂ ਚਾਹੁੰਦਾ ਸੀ ਕਿ ਉਸ ਦੇ ਮਰਨ ਤੋਂ ਬਾਅਦ ਗੱਦੀ ਲਈ ਖੂਨ ਖਰਾਬਾ ਹੋਵੇ। ਉਸ ਨੇ ਖੁਦ ਕਿਹਾ ਸੀ, "ਅਜ਼ਮਾ ਫਸਾਦ ਬਾਕ।" ਮਤਲਬ ਮੇਰੀ ਮੌਤ ਤੋਂ ਬਾਅਦ ਬਹੁਤ ਦੰਗੇ ਫਸਾਦ ਹੋਣਗੇ। ਉਸ ਨੇ ਆਪਣੀ ਵਸੀਅਤ ਮੌਲਵੀ ਹਮੀਦੁਦੀਨ ਨੂੰ ਲਿਖਵਾਈ ਸੀ, ਉਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੈਂ ਹਿੰਦੁਸਤਾਨ ਦਾ ਬਾਦਸ਼ਾਹ ਸੀ। ਪਰ ਅਫਸੋਸ ਕਿ ਮੈਂ ਸਾਰੀ ਜ਼ਿੰਦਗੀ ਕੋਈ ਚੰਗਾ ਕੰਮ ਨਹੀਂ ਕਰ ਸਕਿਆ। ਮੇਰੀ ਆਤਮਾ ਮੈਨੂੰ ਧਿਕਾਰ ਰਹੀ ਹੈ। ਪਰ ਹੁਣ ਇਸ ਦਾ ਕੋਈ ਫਾਇਦਾ ਨਹੀਂ। ਮੇਰੀ ਇੱਛਾ ਹੈ ਕਿ ਮੇਰਾ ਪਿਆਰਾ ਪੁੱਤਰ ਆਜ਼ਮ ਮੇਰੀਆਂ ਆਖਰੀ ਰਸਮਾਂ ਨਿਭਾਵੇ। ਹੋਰ ਕੋਈ ਮੇਰੇ ਸਰੀਰ ਨੂੰ ਹੱਥ ਨਾ ਲਗਾਵੇ। ਮੇਰੇ ਨੌਕਰ ਅਇਆ ਬੇਗ ਕੋਲ ਮੇਰੀ ਟੋਪੀਆਂ ਸਿਉਂ ਕੇ ਕੀਤੀ 4 ਰੁ 2 ਆਨੇ ਦੀ ਹੱਕ ਦੀ ਕਮਾਈ ਪਈ ਹੈ। ਮੇਰਾ ਖੱਫਣ ਇਸੇ ਪੈਸੇ ਨਾਲ ਖਰੀਦਿਆ ਜਾਵੇ। ਇਸ ਪਾਪੀ ਦਾ ਸਰੀਰ ਢੱਕਣ ਲਈ ਹੋਰ ਕੋਈ ਪੈਸਾ ਨਾ ਖਰਚਿਆ ਜਾਵੇ। ਕੁਰਾਨ ਲਿਖ ਕੇ ਕਮਾਏ 305 ਰੁ ਵੀ ਆਇਆ ਬੇਗ ਕੋਲ ਹਨ। ਉਹ ਖਰਚ ਕੇ ਗਰੀਬ ਮੁਸਲਮਾਨਾਂ ਨੂੰ ਮਿੱਠੇ ਚੌਲ ਖਵਾ ਦਿੱਤੇ ਜਾਣ। ਮੇਰੀ ਕਬਰ ਸੰਘਣੇ ਜੰਬਲ ਵਿੱਚ ਖੋਦੀ ਜਾਵੇ। ਮੇਰਾ ਚਿਹਰਾ ਨੰਗਾ ਰੱਖਿਆ ਜਾਵੇ। ਮੈਨੂੰ ਦੱਸਿਆ ਗਿਆ ਹੈ ਕਿ ਜੋ ਵੀ ਅੱਲਾਹ ਦੇ ਸਾਹਮਣੇ ਨੰਗੇ ਚਿਹਰੇ ਨਾਲ ਜਾਂਦਾ ਹੈ, ਉਸ ਦੇ ਗੁਨਾਹ ਮਾਫ ਕਰ ਦਿੱਤੇ ਜਾਂਦੇ ਹਨ। ਮੇਰਾ ਖੱਫਣ ਮੋਟੇ ਚਿੱਟੇ ਖੱਦਰ ਤੋਂ ਬਣਾਇਆ ਜਾਵੇ। ਰਸਤੇ ਵਿੱਚ ਕੋਈ ਫੁੱਲ ਨਾ ਖਿਲਾਰੇ ਜਾਣ ਤੇ ਨਾ ਹੀ ਕੋਈ ਮੇਰੀ ਕਬਰ 'ਤੇ ਫੁੱਲ ਚੜ੍ਹਾਵੇ ਜਾਂ ਸੰਗੀਤ ਵਜਾਵੇ। ਮੇਰੀ ਕਬਰ 'ਤੇ ਕੋਈ ਦਰਖਤ ਨਾ ਲਗਾਇਆ ਜਾਵੇ ਤੇ ਨਾ ਹੀ ਮੇਰੇ ਨਾਮ ਦਾ ਪੱਥਰ ਲਗਾਇਆ ਜਾਵੇ। ਮੇਰੇ ਵਰਗੇ ਪਾਪੀ ਨੂੰ ਦਰਖਤ ਦੀ ਠੰਡੀ ਛਾਂ ਵੀ ਨਹੀਂ

(ਬਾਕੀ ਸਫਾ 22 ਤੇ)




Quick Lube & Smog
We rent U-HAUL
OIL CHANGE & SMOG CHECK STATION
SUKHWINDER BHELLA
gogibhella@gmail.com
691 W. Tennyson Rd
Hayward, CA 94544
PH 510-757-6775
FAX 510-292-0330

ਫਰੀ ਡਿਲੀਵਰੀ
Haller's PHARMACY
Since 1957
* Free Delivery * Open 7 days a week
* $5 credit on over-the-counter products for newly transferred patients
* ਅਸੀਂ ਫਰੀਮਾਂਟ, ਯੂਨੀਅਨ ਸਿਟੀ ਤੇ ਨਿਊਆਰਕ ਸ਼ਹਿਰਾਂ 'ਚ ਦਵਾਈਆਂ ਘਰੋ-ਘਰੀ ਵੀ ਪਹੁੰਚਾ ਸਕਦੇ ਹਾਂ।
* ਕਿਸੇ ਹੋਰ ਫਾਰਮੇਸੀ ਦੀ ਬਜਾਏ ਸਾਡੇ ਕੋਲ ਦਵਾਈਆਂ ਦੀ ਪਰਚੀ ਲਿਆਉਣ ਲਈ ਤੁਸੀਂ ਸਿਰਫ ਸਾਨੂੰ ਫੋਨ ਕਰੋ, ਅਸੀਂਆਪ ਹੀ ਤੁਹਾਡਾ ਖਾਤਾ ਇੱਥੇ ਲੈ ਆਵਾਂਗੇ।
* ਦਵਾਈਆਂ ਨਕਦ ਲੈਣ ਸਮੇਂ ਦੂਸਰੀਆਂ ਫਾਰਮੇਸੀਆਂ, ਜਿੰਨਾ ਹੀ ਰੇਟ ਅਸੀਂ ਵੀ ਮੈਚ ਕਰਾਂਗੇ।
ਇਕ ਵਾਰ ਮੌਕਾ ਜ਼ਰੂਰ ਦਿਓ, ਤੁਹਾਡੇ ਪੰਜਾਬੀ ਦੀ ਆਪਣੀ ਫਾਰਮੇਸੀ
ਹੋਰ ਜਾਣਕਾਰੀ ਲਈ ਸੰਪਰਕ ਕਰੋ: (510) 797-2772
37323 Fremont Blvd, Fremont, CA 94536

# ਸਿੱਖ ਪੰਥ ਦੇ ਅੰਦਰੂਨੀ ਸੰਕਟ ਦਾ ਵਿਸ਼ਲੇਸ਼ਣ ਤੇ ਹੱਲ



ਕਰਮਜੀਤ ਸਿੰਘ
ਚੰਡੀਗੜ੍ਹ

ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ॥
ਇਨ ਬਿਧ ਪਾਸਾ ਢਾਲਹੁ ਬੀਰ॥ (ਪਾਤਿਸ਼ਾਹੀ ਪੰਜਵੀਂ)

ਅਰਥ: ਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਫੂਹੜੀ ਵਿਛਾ ਕੇ ਇਕੱਠੇ ਬੈਠੋ ਤੇ ਇੰਜ ਦਵੈਤ-ਭਾਅ ਦੂਰ ਕਰੋ। ਇਸੇ ਤਰੀਕੇ ਨਾਲ ਹੀ ਆਪੋ ਆਪਣੀਆਂ ਨਰਦਾਂ ਸੁੱਟੋ, ਮੇਰੇ ਵੀਰਨੋ।

ਸਿੱਖ ਪੰਥ ਅੱਜ ਕੱਲ੍ਹ ਇਕ ਨਵੇਂ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਜੇ ਪੰਥਕ ਰਹਿਬਰਾਂ ਨੇ ਇਸ ਸੰਕਟ ਦੇ ਹੱਲ ਨੂੰ ਲੈ ਕੇ ਸਿਧਾਂਤਕ ਲਾਪ੍ਰਵਾਹੀ ਵਿਖਾਈ ਤਾਂ ਇਸ ਦੇ ਨਤੀਜੇ ਹੋਰ ਵੀ ਗੰਭੀਰ ਹੋ ਸਕਦੇ ਹਨ। ਉਂਜ ਇਸ ਸੰਕਟ ਦੇ ਕੁਝ-ਕੁਝ ਲੱਛਣ ਪਿਛਲੇ ਸਾਲ ਉਦੋਂ ਹੀ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ ਜਦੋਂ ਇਕ ਉਘੇ ਪੰਥ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ 'ਤੇ ਹੋਏ ਹਮਲੇ ਦੌਰਾਨ ਉਨ੍ਹਾਂ ਦਾ ਇਕ ਨਜ਼ਦੀਕੀ ਸਾਥੀ ਮਾਰਿਆ ਗਿਆ ਸੀ ਅਤੇ ਭਾਈ ਰਣਜੀਤ ਸਿੰਘ ਉਸ ਹਮਲੇ ਵਿਚ ਵਾਲ-ਵਾਲ ਬਚ ਗਏ ਸਨ। ਪਰ ਉਦੋਂ ਤੱਕ ਇਹੋ ਸਮਝਿਆ ਜਾ ਰਿਹਾ ਸੀ ਕਿ ਇਹ ਟਕਰਾਓ ਦੋ ਜਥੇਬੰਦੀਆਂ ਤੱਕ ਹੀ ਸੀਮਤ ਹੈ। ਫਿਰ ਵੀ ਇਤਿਹਾਸ ਅਤੇ ਧਰਮ ਦੇ ਗੰਭੀਰ ਵਿਦਿਆਰਥੀ ਇਹ ਚੇਤਾਵਨੀ ਦਿੰਦੇ ਰਹੇ ਸਨ ਕਿ ਇਸ ਸੰਕਟ ਦੀਆਂ ਜੜ੍ਹਾਂ ਡੂੰਘੀਆਂ ਹਨ ਅਤੇ ਇਹ ਫੈਲ ਕੇ ਕੇਵਲ ਪੰਥ ਦੀਆਂ ਹੋਰ ਜਥੇਬੰਦੀਆਂ ਨੂੰ ਹੀ ਨਹੀਂ, ਸਗੋਂ ਆਮ ਸੰਗਤ ਨੂੰ ਵੀ ਆਪਣੀ ਲਪੇਟ ਵਿਚ ਲੈ ਸਕਦਾ ਹੈ। ਹਾਲ ਹੀ ਵਿਚ ਜਰਮਨੀ ਤੇ ਇਟਲੀ ਵਿਚ ਹੋਈਆਂ ਘਟਨਾਵਾਂ ਨੇ ਇਨ੍ਹਾਂ ਭਵਿੱਖਵਾਣੀਆਂ ਦੀ ਪੁਸ਼ਟੀ ਹੀ ਕੀਤੀ ਹੈ।

ਪਰ ਅਸਲ ਵਿਚ ਸੰਕਟ ਹੈ ਕੀ? ਇਸ ਦੀਆਂ ਜੜ੍ਹਾਂ ਕਿੱਥੇ ਲੁਕੀਆਂ ਪਈਆਂ ਹਨ ਅਤੇ ਕਿੱਥੋਂ ਤੱਕ ਜਾਂਦੀਆਂ ਹਨ? ਕੀ ਇਤਿਹਾਸ ਵਿਚ ਇਹੋ ਜਿਹਾ ਸੰਕਟ ਪਹਿਲਾਂ ਵੀ ਵੇਖਿਆ ਗਿਆ ਹੈ? ਅੱਜ ਜਦੋਂ ਕਿ ਸਿੱਖ ਰਾਜਨੀਤੀ ਤੇ ਸਿੱਖ ਧਰਮ ਦੇ ਵਿਹੜੇ ਵਿਚ ਇਕ ਦੂਜੇ ਪ੍ਰਤੀ ਬੇਵਿਸ਼ਵਾਸੀ ਦਾ ਮਾਹੌਲ ਸਿਖਰਾਂ ਛੋਂਹਦਾ ਜਾ ਰਿਹਾ ਹੈ ਅਤੇ ਹਰ ਕੋਈ ਆਪਣੇ ਵਿਚਾਰ ਨੂੰ ਅੰਤਮ ਸੱਚ ਮੰਨ ਕੇ ਕਿਸੇ ਸਾਂਝੀ ਤੇ ਸਰਬ ਸਹਿਮਤੀ ਦੀ ਗੁੰਜਾਇਸ਼ ਹੀ ਨਹੀਂ ਛੱਡਦਾ ਤਾਂ ਇਹ ਹਾਲਤ ਸੰਕਟ ਨੂੰ ਹੋਰ ਵੀ ਗੰਭੀਰ ਤੇ ਦੁਖਦਾਈ ਬਣਾ ਦਿੰਦਾ ਹੈ।

ਗੁਰੂ ਸਾਹਿਬਾਨ ਵੱਲੋਂ "ਗੁਰਮੁਖਿ ਬੈਸਹੁ ਸਫਾ ਵਿਛਾਇ" ਦੇ ਪਵਿੱਤਰ ਸਿਧਾਂਤ ਨੂੰ ਗੱਲਾਂ-ਗੱਲਾਂ ਵਿਚ ਤਾਂ ਹਰ ਕੋਈ ਮੰਨਦਾ ਹੈ ਪਰ ਉਸ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਲਈ ਜਥੇਬੰਦਕ ਤੇ ਦ੍ਰਿੜ੍ਹ ਯਤਨ ਹੁਣ ਕਿਤੇ ਵੀ ਨਜ਼ਰ ਨਹੀਂ ਆਉਂਦੇ। ਟਾਵੇਂ ਟਾਵੇਂ ਯਤਨ ਜ਼ਰੂਰ ਹੁੰਦੇ ਹਨ ਪਰ ਉਹ ਛੇਤੀ ਹੀ ਦਮ ਤੋੜ ਜਾਂਦੇ ਹਨ, ਕਿਉਂਕਿ ਸਿੱਖ ਪੰਥ ਦੀਆਂ ਹੇਠਲੀਆਂ ਸਫਾਂ ਤੇ ਪਰਤਾਂ ਵੀ ਹੁਣ ਗੁਰੂ-ਭੈਅ, ਗੁਰੂ-ਤਾਕਤ ਅਤੇ ਗੁਰ-ਸਿਧਾਂਤ ਦੇ ਖਜ਼ਾਨੇ ਤੋਂ ਸੱਖਣੀਆਂ ਹੋ ਗਈਆਂ ਹਨ। ਇਸੇ ਕਰਕੇ ਪੰਥ ਦੇ ਆਗੂ ਬੇਲਗਾਮ ਹੋ ਕੇ ਇਸ ਧੁੰਦ ਵਿਚ ਆਪੋ ਆਪਣੇ ਘੋੜੇ ਭਜਾ ਰਹੇ ਹਨ। ਹੁਣ ਇਹ ਕਹਿਣ ਵਿਚ ਕੋਈ ਹਰਜ਼ ਨਹੀਂ ਹੈ ਕਿ ਸਿੱਖ ਪੰਥ ਦੇ ਕਿਲ੍ਹੇ ਨੂੰ ਅੰਦਰੋਂ ਹੀ ਘੇਰਾ ਪੈ ਰਿਹਾ ਹੈ ਜਾਂ ਇਉਂ ਕਹਿ ਲਓ ਕਿ ਤੂਫਾਨ ਬੇੜੀ ਦੇ ਕਿਤੇ ਅੰਦਰ ਹੀ ਸੁਲਘ ਰਿਹਾ ਹੈ।

ਤਾਜ਼ਾ ਸੰਕਟ ਬਾਰੇ ਬਣਾਈਆਂ ਜਾ ਰਹੀਆਂ ਕੁਝ ਧਾਰਨਾਵਾਂ ਦੀ ਸੰਜੀਦਾ ਪੜਚੋਲ ਕਰਨੀ ਜ਼ਰੂਰੀ ਹੈ। ਵਿਦਵਾਨਾਂ ਦੇ ਇਕ ਹਿੱਸੇ ਦਾ ਕਹਿਣਾ ਹੈ ਕਿ ਇਹ ਟਕਰਾਅ ਟਕਸਾਲੀਆਂ ਤੇ ਪ੍ਰਚਾਰਕਾਂ ਵਿਚਕਾਰ ਹੈ ਜਦ ਕਿ ਇਹ ਵਿਚਾਰ ਵੀ ਤਿੱਖੀ ਸ਼ਕਲ ਵਿਚ ਸਾਹਮਣੇ ਆ ਰਿਹਾ ਹੈ ਕਿ ਮਿਸ਼ਨਰੀਆਂ ਅਤੇ ਡੇਰਾਵਾਦੀਆਂ ਵਿਚਕਾਰ ਪਿਛਲੇ ਕੁਝ ਅਰਸੇ ਤੋਂ ਚਲੇ ਆ ਰਹੇ ਤਿੱਖੇ ਮਤਭੇਦਾਂ ਨੇ ਹੀ ਇਸ ਸੰਕਟ ਨੂੰ ਜਨਮ ਦਿੱਤਾ। ਇਹੋ ਜਿਹੇ ਵਿਦਵਾਨਾਂ ਦੀ ਵੀ ਕਮੀ ਨਹੀਂ ਜੋ ਇਹ ਦਾਅਵਾ ਕਰਦੇ ਹਨ ਕਿ ਧਰਮਾਂ ਦੇ ਜੀਵਨ ਪ੍ਰਵਾਹ ਵਿਚ ਜਦੋਂ ਇਕ ਭਿਆਨਕ ਖੜੋਤ ਆ ਜਾਂਦੀ ਹੈ ਤਾਂ ਉਸ ਸਮੇਂ ਨਵੀਨ ਤੇ ਪੁਰਾਤਨ ਵਿਚਾਰਾਂ ਦਾ ਭਿੜਨਾ ਲਗਭਗ ਤੈਅ ਹੀ ਹੁੰਦਾ ਹੈ। ਉਹ ਇਸਾਈ ਮਤ ਦੀ ਮਿਸਾਲ ਦਿੰਦੇ ਹਨ ਜਦੋਂ ਪ੍ਰੋਟੈਸਟੈਂਟ ਮਤ ਦੇ ਨਾਂ ਹੇਠ ਲੜ ਰਹੀ ਇਕ ਧਿਰ ਕੈਥੋਲਿਕ ਮਤ ਤੋਂ ਅਲੱਗ ਹੋ ਗਈ ਸੀ। ਕੁਝ ਲੋਕ ਇਸ ਖਤਰੇ ਵੱਲ ਵੀ ਸੰਕੇਤ ਕਰ ਰਹੇ ਹਨ ਕਿ ਕਿਤੇ ਇਹ ਟਕਰਾਅ ਉਸ ਤਰ੍ਹਾਂ ਦੀ ਸ਼ਕਲ ਅਖਤਿਆਰ ਨਾ ਕਰ ਲਵੇ ਜਿਸ ਤਰ੍ਹਾਂ ਇਸਲਾਮ ਵਿਚ ਸ਼ੀਆ ਤੇ ਸੁੰਨੀ ਫਿਰਕਿਆਂ ਵਿਚ ਹੁੰਦਾ ਰਹਿੰਦਾ ਹੈ। ਪਰ ਇਹੋ ਜਿਹੀਆਂ ਮਿਸਾਲਾਂ ਨੂੰ ਸਿੱਖ ਪੰਥ ਦੇ ਮਾਮਲੇ ਵਿਚ ਢੁਕਾਇਆ ਨਹੀਂ ਜਾ ਸਕਦਾ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਸਿੱਖ ਸੰਕਟ ਨੂੰ ਕਦੇ ਵੀ ਇਸ ਹੱਦ ਤੱਕ ਗਹਿਰਾ ਨਹੀਂ ਹੋਣ ਦੇਵੇਗੀ।



ਮੌਜੂਦਾ ਸੰਕਟ ਵਿਚ ਜਿਵੇਂ ਧਿਰਾਂ ਦੀ ਵਰਗ-ਵੰਡ ਕਰਕੇ ਉਨ੍ਹਾਂ ਨੂੰ ਆਹਮੋ ਸਾਹਮਣੇ ਖੜ੍ਹਾ ਕੀਤਾ ਗਿਆ ਹੈ, ਉਹ ਵੰਡ ਵਿਚਾਰਧਾਰਕ ਤੌਰ 'ਤੇ ਨਾ ਤਾਂ ਪੂਰੀ ਤਰ੍ਹਾਂ ਸਪੱਸ਼ਟ ਹੈ, ਨਾ ਹੀ ਢੁਕਵੀਂ ਤੇ ਯੋਗ ਹੈ, ਕਿਉਂਕਿ ਜਿਹੜੀ ਸਾਂਝੀ ਗੱਲ ਅਤੇ ਸਾਂਝੀ ਕੜੀ ਟਕਸਾਲੀਆਂ, ਪ੍ਰਚਾਰਕਾਂ ਤੇ ਮਿਸ਼ਨਰੀਆਂ ਨੂੰ ਇਕ ਗੂੜ੍ਹੇ ਅਤੇ ਅਟੁੱਟ ਰਿਸ਼ਤੇ ਵਿਚ ਬੰਨ੍ਹ ਕੇ ਰੱਖਦੀ ਹੈ, ਉਹ ਹੈ ਸਾਰਿਆਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਸ਼ਰਧਾ ਤੇ ਅਟੁੱਟ ਵਿਸ਼ਵਾਸ। ਉਨ੍ਹਾਂ ਨੂੰ ਆਪਸ ਵਿਚ ਜੋੜਨ ਵਾਲਾ ਦੂਜਾ ਗੁਣ ਇਹ ਹੈ ਕਿ ਉਹ ਸਾਰੇ ਆਪਣੇ ਇਤਿਹਾਸ 'ਤੇ ਮਾਣ ਕਰਦੇ ਹਨ। ਤੀਜੀ ਸਿਫਤ ਇਹ ਹੈ ਕਿ ਉਹ ਸਭ ਦੇ ਸਭ ਪੰਥ ਨੂੰ ਚੜ੍ਹਦੀ ਕਲਾ ਵਿਚ ਵੇਖਣਾ ਚਾਹੁੰਦੇ ਹਨ। ਪਰ, ਚੜ੍ਹਦੀ ਕਲਾ ਨੂੰ ਵੇਖਣ, ਸਮਝਣ ਅਤੇ ਪਰਖਣ ਦਾ ਉਨ੍ਹਾਂ ਦਾ ਨਜ਼ਰੀਆ ਵੱਖੋ-ਵੱਖਰਾ ਹੈ ਅਤੇ ਇਸ ਨਜ਼ਰੀਏ ਦੀ ਵਿਆਖਿਆ ਕਰਦਿਆਂ ਉਹ ਇਸ ਹੱਦ ਤੱਕ ਦੂਰ ਚਲੇ ਜਾਂਦੇ ਹਨ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ੀਆਂ ਏਕਤਾ ਦੀਆਂ ਮਿਸਾਲਾਂ ਅਤੇ ਏਕਤਾ ਦੇ ਬਿੰਦੂ ਵੀ ਉਨ੍ਹਾਂ ਦੀ ਗੁਫਤਾਰ ਤੇ ਰਫਤਾਰ ਵਿਚ ਦੂਜੇ ਤੀਜੇ ਨੰਬਰ 'ਤੇ ਚਲੇ ਜਾਂਦੇ ਹਨ ਜਾਂ ਇਉਂ ਕਹਿ ਲਓ ਕਿ ਇਨ੍ਹਾਂ ਬਰਕਤਾਂ ਦੀ ਅਹਿਮੀਅਤ ਹੀ ਗੁਆਚ ਜਾਂਦੀ ਹੈ। ਥੋੜ੍ਹੇ ਬਹੁਤੇ ਫਰਕ ਨਾਲ ਇਹ ਵੱਡੀ ਕਮੀ ਹੁਣ ਸਾਰਿਆਂ ਵਿਚ ਨਜ਼ਰ ਆ ਰਹੀ ਹੈ।

ਕੀ ਵਿਆਖਿਆ ਦੇ ਵੱਖ ਵੱਖ ਦ੍ਰਿਸ਼ਟੀਕੋਣਾਂ ਤੇ ਪੇਸ਼ ਕੀਤੀਆਂ ਜਾ ਰਹੀਆਂ ਥਿਊਰੀਆਂ ਨੂੰ ਅਸੀਂ ਸਿਧਾਂਤਕ ਵਖਰੇਵੇਂ ਕਹਿ ਸਕਦੇ ਹਾਂ? ਇਸ ਅਹਿਮ ਪਰ ਦਿਲਚਸਪ ਸੁਆਲ ਨੂੰ ਅਸੀਂ ਕਿਸੇ ਵੱਡੀ ਤੇ ਸਾਰਥਕ ਬਹਿਸ ਦਾ ਸੁਝਾਅ ਦੇ ਕੇ ਇਹ ਬਹਿਸ ਗੰਭੀਰ ਵਿਦਵਾਨਾਂ ਲਈ ਛੱਡ ਰਹੇ ਹਾਂ।

ਹੁਣ ਵੱਖ-ਵੱਖ ਜਥੇਬੰਦੀਆਂ ਤੇ ਧਿਰਾਂ ਦਰਮਿਆਨ ਪਈਆਂ ਦੂਰੀਆਂ ਵਿਚ ਦਿਸਦੇ-ਅਣਦਿਸਦੇ ਪੱਖਾਂ ਨੂੰ ਨਿਖੇੜ ਕੇ ਪੇਸ਼ ਕਰਨ ਦੀ ਲੋੜ ਹੈ। ਇਸ ਨਾਲ ਮੌਜੂਦਾ ਸੰਕਟ ਨੂੰ ਸਮਝਣ ਅਤੇ ਸੰਕਟ ਦੇ ਹੱਲ ਲਈ ਰਾਹ ਖੁੱਲ੍ਹਣ ਵਿਚ ਮਦਦ ਮਿਲ ਸਕਦੀ ਹੈ। ਇਕ ਹੋਰ ਗੱਲ ਜੋ ਨਾ ਕੇਵਲ ਪੰਥ ਦੇ ਵੱਡੇ ਹਿੱਸਿਆਂ ਨੂੰ ਹੀ ਸਗੋਂ ਸੱਚੇ ਸੁੱਚੇ ਪੰਜਾਬੀਆਂ ਨੂੰ ਵੀ ਦੁਖੀ ਕਰਦੀ ਹੈ, ਉਹ ਇਹ ਹੈ ਕਿ ਟਕਰਾਅ ਨਾਲ ਸਬੰਧਤ ਸਾਰੀਆਂ ਧਿਰਾਂ ਵਿਚ ਵੀ ਕੁਝ ਇਹੋ ਜਿਹੇ ਵੀਰ ਮੌਜੂਦ ਹਨ, ਜੋ ਕਾਹਲੇ ਹਨ, ਤੱਤ-ਭੜੱਤੇ ਹਨ ਅਤੇ ਇਕ ਹੱਦ ਤੱਕ ਗੈਰ-ਜ਼ਿੰਮੇਵਾਰ ਵੀ ਹਨ ਅਤੇ 'ਦੇ ਲੰਮੀ ਨਦਰਿ ਨਿਹਾਲੀਏ" ਦੇ ਗੁਰੂ-ਹੁਕਮ ਨਾਲ ਉਹ ਸਾਂਝ ਤੋੜਦੇ ਨਜ਼ਰ ਆਉਂਦੇ ਹਨ।

ਜੇ ਇਕ ਧਿਰ ਨੇ ਜਿਸਮਾਨੀ-ਹਿੰਸਾ 'ਤੇ ਉਤਰਨ ਦਾ ਮਨ ਬਣਾ ਲਿਆ ਹੈ ਤਾਂ ਦੂਜੀ ਧਿਰ ਇਸ ਦਾ ਮੁਕਾਬਲਾ ਸ਼ਾਬਦਿਕ- ਹਿੰਸਾ ਨਾਲ ਕਰ ਰਹੀ ਹੈ। ਪਿਛਲੇ ਲੰਮੇ ਅਰਸੇ ਤੋਂ ਸਿਮਰਨ, ਵਿਸਮਾਦ, ਅੰਮ੍ਰਿਤ ਦੀਆਂ ਪਵਿੱਤਰ ਬਾਣੀਆਂ, ਅਰਦਾਸ ਅਤੇ ਸਿੱਖ ਪੰਥ ਦੇ ਡੂੰਘੇ ਰਹੱਸਾਂ 'ਤੇ ਕਿੰਤੂ-ਪ੍ਰੰਤੂ ਕੀਤਾ ਜਾ ਰਿਹਾ ਹੈ। ਸ਼ਾਬਦਿਕ-ਹਿੰਸਾ ਕਰਨ ਵਾਲੇ ਵੀਰ ਇਹੋ ਜਿਹੇ ਵਿਸ਼ਿਆਂ ਨੂੰ ਆਪਣੇ ਘਰ ਵਿਚ ਵਿਚਾਰਨ ਦੀ ਥਾਂ ਚੌਰਾਹੇ ਵਿਚ ਲੈ ਗਏ ਅਤੇ ਇੰਟਰਨੈਟ, ਸੋਸ਼ਲ ਮੀਡੀਆ ਤੇ ਤਕਨਾਲੋਜੀ ਦੀਆਂ ਨਵੀਆਂ ਨਵੀਆਂ ਕਾਢਾਂ ਤੇ ਸਹੂਲਤਾਂ ਨੇ ਇਸ ਤਰ੍ਹਾਂ ਦੀ ਮਾਨਸਿਕਤਾ ਨੂੰ ਪੂਰਾ ਬਲ ਦਿੱਤਾ ਹੈ। ਵੈਸੇ ਦੂਜੀ ਧਿਰ ਵੀ ਇਸ ਕੰਮ ਵਿਚ ਪਿੱਛੇ ਨਹੀਂ ਰਹੀ।

ਸਾਰੀਆਂ ਧਿਰਾਂ ਵਿਚ ਸ਼ਰਧਾ ਦੇ ਪੱਧਰ ਅਤੇ ਸ਼ਰਧਾ ਦੀ ਦਿਸ਼ਾ ਵਰਗੇ ਅਹਿਮ ਨੁਕਤੇ ਵੀ ਸਾਨੂੰ ਸੰਕਟ ਦੀਆਂ ਪ੍ਰਤੱਖ ਤੇ ਲੁਕੀਆਂ ਪਰਤਾਂ ਨੂੰ ਸਮਝਣ ਤੇ ਉਭਾਰਨ ਵਿਚ ਮਦਦਗਾਰ ਹੋ ਸਕਦੇ ਹਨ। ਬਿਨਾ ਸ਼ੱਕ ਇਕ ਧਿਰ ਅੰਦਰ ਸ਼ਰਧਾ ਬਹੁਤ ਡੂੰਘੀ ਰਚੀ ਹੋਈ ਹੈ, ਇਸ ਦਾ ਬਾਕਾਇਦਾ ਜਾਹੋ-ਜਲਾਲ ਤੇ ਜਲਾਓ ਹੈ ਜਿਸ ਨੇ ਇਤਿਹਾਸ ਨੂੰ ਵੀ ਰੌਸ਼ਨ ਕੀਤਾ ਹੈ। ਸਿਮਰਨ ਤੇ ਅਭਿਆਸ ਉਨ੍ਹਾਂ ਦੀ ਰੂਹ ਦੇ ਹਿੱਸੇ ਹਨ। ਨਿਵੇਕਲੇ ਪਹਿਰਾਵੇ ਨਾਲ ਵੀ ਉਸ ਧਿਰ ਦੀ ਵਿਸ਼ੇਸ਼ ਖਿੱਚ ਹੈ। ਗੁਰੂ ਨਾਲ ਉਨ੍ਹਾਂ ਦਾ ਪਿਆਰ ਵੀ ਇਸ਼ਕ ਦੀ ਹੱਦ ਤੱਕ ਜਾ ਪਹੁੰਚਦਾ ਹੈ। ਪਰ ਕੀ ਇਹ ਸੱਚ ਨਹੀਂ ਕਿ ਕਈ ਵਾਰ ਇਹੋ ਸ਼ਰਧਾ ਇਕ ਖਾਸ ਪੱਧਰ 'ਤੇ ਪਹੁੰਚ ਕੇ ਉਨ੍ਹਾਂ ਰਾਹਾਂ ਵੱਲ ਲੈ ਜਾਂਦੀ ਹੈ ਜੋ ਬਿਪਰਨ ਦੀ ਰੀਤ ਨਾਲ ਜਾ ਮਿਲਦੇ ਹਨ।

ਦੂਜੇ ਪਾਸੇ ਦੂਸਰੀ ਧਿਰ ਵੀ ਗੁਰਬਾਣੀ ਤੇ ਇਤਿਹਾਸ ਨਾਲ ਕੋਈ ਘੱਟ ਪਿਆਰ ਨਹੀਂ ਕਰਦੀ। ਪਰ ਉਹ ਸਿੱਖ ਧਰਮ ਵਿਚ ਆਏ ਕਰਮਕਾਂਡਾਂ ਦਾ ਡਟ ਕੇ ਵਿਰੋਧ ਕਰਦੇ ਹਨ ਅਤੇ ਠੀਕ ਵੀ ਹਨ। ਸਿੱਖ ਪੰਥ ਵਿਚ ਅਛੋਪਲੇ ਹੀ ਵੱਖਰੇ ਵੱਖਰੇ ਰੂਪਾਂ ਵਿਚ ਆ ਰਹੀ ਮੂਰਤੀ ਪੂਜਾ ਤੋਂ ਉਹ ਪੰਥ ਨੂੰ ਸਾਵਧਾਨ ਕਰਦੇ ਰਹਿੰਦੇ ਹਨ। ਪਰ ਗੁਰਬਾਣੀ ਤੇ ਇਤਿਹਾਸ ਵਿਚ ਉਹ ਡੂੰਘਾ ਨਹੀਂ ਉਤਰ ਸਕੇ। ਕਈ ਵਾਰ ਇਉਂ ਲੱਗਦਾ ਹੈ ਕਿ ਉਨ੍ਹਾਂ ਦੀਆਂ ਵਿਆਖਿਆਵਾਂ ਵਿਚ ਇਕਪਰਤੀ ਜੀਵਨ ਦੇ ਅਹਿਸਾਸ ਹਨ। ਗੁਰੂ ਨਾਲ ਪਿਆਰ ਹੋਣ ਦੇ ਬਾਵਜੂਦ ਉਹ ਗੁਰੂ ਦਾ ਇਲਾਹੀ ਰੂਪ ਨਹੀਂ ਵੇਖ ਸਕੇ। ਅਸਲ ਵਿਚ ਇਲਾਹੀ ਨਦਰ ਦੇ ਪੈਂਡਿਆਂ ਦੀਆਂ ਬਰੀਕ ਰਮਜ਼ਾਂ ਨਾਲ ਉਨ੍ਹਾਂ ਦੀ ਉਹੋ ਜਿਹੀ ਸਾਂਝ ਤੇ ਖਿੱਚ ਨਹੀਂ ਜੋ ਦੂਜੀ ਧਿਰ ਦਾ ਸ਼ੌਕ ਵੀ ਹੈ ਤੇ ਦਾਅਵਾ ਵੀ। ਇਸ ਧਿਰ ਦੀ ਸ਼ਰਧਾ ਇਕ ਦਾਇਰੇ ਵਿਚ ਵਿਚਰਦੀ ਹੈ ਜਿਸ ਦੀ ਤਰਜ਼-ਏ-ਜ਼ਿੰਦਗੀ ਕਦੇ-ਕਦੇ ਵਿਗਿਆਨ ਤੇ ਆਧੁਨਿਕਤਾ ਦੇ ਭੈਅ ਹੇਠ ਵਿਚਰਦੀ ਜਾਪਦੀ ਹੈ। ਜੇ ਇਸ ਧਿਰ ਦੇ ਕਥਾਕਾਰਾਂ ਦੇ ਪ੍ਰਵਚਨਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਨ੍ਹਾਂ ਪ੍ਰਵਚਨਾਂ ਵਿਚ ਉਹ ਰਸ ਗਾਇਬ ਹੁੰਦਾ ਹੈ, ਜੋ ਅਗੰਮੀ ਰਾਹਾਂ ਵੱਲ ਲੈ ਕੇ ਜਾਂਦਾ ਹੈ। ਉਸ ਸਮੇਂ ਇਉਂ ਜਾਪਦਾ ਹੈ ਜਿਵੇਂ ਅਸੀਂ ਖੁਸ਼ਕੀ ਦੇ ਇਕ ਦਰਿਆ ਵਿਚੋਂ ਲੰਘ ਰਹੇ ਹਾਂ।

ਇੱਥੇ ਇਹ ਦੱਸਣਾ ਵੀ ਗੈਰ-ਵਾਜਿਬ ਨਹੀਂ ਹੋਵੇਗਾ ਕਿ ਮਿਥ ਤੇ ਕਰਾਮਾਤਾਂ ਸਿੱਖ ਇਤਿਹਾਸ ਵਿਚ ਸਹਿਜ ਸੁਭਾਅ ਹੀ ਦਾਖਲ ਹੁੰਦੀਆਂ ਹਨ ਅਤੇ ਸਿੱਖ ਪੰਥ ਬਾਕਾਇਦਾ ਉਨ੍ਹਾਂ ਨੂੰ ਮਾਨਤਾ ਵੀ ਦਿੰਦਾ ਹੈ। ਪਰ ਡੂੰਘੀ ਸ਼ਰਧਾ ਵਾਲੀ ਧਿਰ ਕਈ ਵਾਰ ਮਿੱਥਾਂ ਤੇ ਕਰਾਮਾਤਾਂ ਨੂੰ ਉਸ ਪੱਧਰ ਤੱਕ ਲੈ ਜਾਂਦੀ ਹੈ, ਜਾਂ ਪੇਸ਼ ਕਰਦੀ ਹੈ ਜਿੱਥੇ ਇਉਂ ਵੀ ਲੱਗਣ ਲੱਗ ਪੈਂਦਾ ਹੈ ਜਿਵੇਂ ਉਹ ਧਿਰ ਬਿਪਰ ਸੰਸਕਾਰਾਂ ਦੇ ਗਾੜ੍ਹੇ ਹਨੇਰਿਆਂ ਦੇ ਭਾਰ ਹੇਠਾਂ ਦੱਬੀ ਹੋਈ ਹੋਵੇ। ਉਸ ਸਮੇਂ ਇਹ ਵੀ ਲੱਗਦਾ ਹੈ ਜਿਵੇਂ "ਬਿਪਰਨ ਕੀ ਰੀਤ" ਦੇ ਵਕਤੀ ਭੈਅ ਦੀ ਦੀਵਾਰ ਨੂੰ ਤੋੜਦੇ ਨਜ਼ਰ ਨਹੀਂ ਆਉਂਦੇ ਜਿਸ ਕਰਕੇ ਪੜ੍ਹੀ ਲਿਖੀ ਤੇ ਸੂਝਵਾਨ ਨੌਜਵਾਨ ਪੀੜ੍ਹੀ ਇਹੋ ਜਿਹੇ ਰੁਝਾਨ, ਪਹੁੰਚ ਤੇ ਮਾਨਸਿਕਤਾ ਨੂੰ ਬ੍ਰਾਹਮਣਵਾਦ ਨਾਲ ਜੋੜ ਦਿੰਦੀ ਹੈ ਅਤੇ ਇਕ ਹੱਦ ਤੱਕ ਇਸ ਤਰਕ ਵਿਚ ਆਪਣੀ ਕਿਸਮ ਦਾ ਇਕ ਵਜ਼ਨ ਜ਼ਰੂਰ ਹੈ।

ਇੱਥੇ ਇਹ ਦੱਸਣਾ ਵੀ ਪ੍ਰਸੰਗ ਤੋਂ ਬਾਹਰਾ ਨਹੀਂ ਹੋਵੇਗਾ ਕਿ ਸੰਕਟ ਨੂੰ ਗਹਿਰਾ ਕਰਨ ਵਾਲੀਆਂ ਸਾਰੀਆਂ ਧਿਰਾਂ ਦੇ ਗੁਣ-ਦੋਸ਼ ਇਕ ਦੂਜੇ ਦੀਆਂ ਹੱਦਾਂ ਪਾਰ ਕਰਦੇ ਰਹਿੰਦੇ ਹਨ ਅਤੇ ਇੰਜ ਮਤਭੇਦਾਂ ਅਤੇ ਵਖਰੇਵਿਆਂ ਦੀ ਕੋਈ ਪੱਕੀ ਲਕੀਰ ਨਹੀਂ ਖਿੱਚੀ ਜਾ ਸਕਦੀ। ਪਰ ਇਕ ਗੱਲ ਤਾਂ ਕਹੀ ਹੀ ਜਾ ਸਕਦੀ ਹੈ ਕਿ ਸਾਰੀਆਂ ਧਿਰਾਂ ਦੇ ਨਿਯਮ-ਪ੍ਰਬੰਧ ਵਿਚ ਕੋਈ ਵੱਡਾ ਸੁਹਜ ਤੇ ਸਹਿਜ ਨਜ਼ਰ ਨਹੀਂ ਆਉਂਦਾ। ਕਈ ਵਾਰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਦੋਵੇਂ ਧਿਰਾਂ ਇਕ ਨਦੀ ਦੇ ਦੋ ਕਿਨਾਰੇ ਹਨ, ਜੋ ਕਦੇ ਵੀ ਨਹੀਂ ਮਿਲਦੇ। ਪਰ ਵਿਦਵਤਾ ਦੀਆਂ ਡੂੰਘੀਆਂ ਵਾਦੀਆਂ ਵਿਚ ਸੈਰ ਕਰਨ ਵਾਲੇ ਵਿਦਵਾਨਾਂ ਦਾ ਕਹਿਣਾ ਹੈ ਕਿ ਇਹੋ ਜਿਹੇ ਰੁਝਾਨ ਸਾਰੇ ਧਰਮਾਂ ਵਿਚ ਮੌਜੂਦ ਰਹਿੰਦੇ ਹਨ ਅਤੇ ਕਿਸੇ ਵੀ ਤਰ੍ਹਾਂ ਆਪਸੀ ਟਕਰਾਓ ਦਾ ਕਾਰਨ ਨਹੀਂ ਬਣਨੇ ਚਾਹੀਦੇ। ਮੌਜੂਦਾ ਸੰਕਟ ਦੀ ਗੰਭੀਰਤਾ ਨੂੰ ਵੇਖਦਿਆਂ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਜ਼ਿੰਮੇਵਾਰੀ ਤੁਰਤ ਸੰਭਾਲਣੀ ਚਾਹੀਦੀ ਹੈ, ਉਥੇ ਇਸ ਸੰਸਥਾ ਦੇ ਪ੍ਰਧਾਨ ਨੂੰ ਇਕ ਅਜਿਹਾ ਉਚੀ ਪੱਧਰ ਦਾ ਨਿਰਪੱਖ ਮੰਚ ਪ੍ਰਦਾਨ ਕਰਨਾ ਚਾਹੀਦਾ ਹੈ, ਜਿੱਥੇ ਉਚੀ ਸੁਰਤ ਵਾਲੇ ਵਿਦਵਾਨਾਂ ਦੀ ਅਗਵਾਈ ਤੇ ਸਹਿਯੋਗ ਹੇਠ ਸੰਕਟ ਨਾਲ ਜੁੜੀਆਂ ਸਾਰੀਆਂ ਧਿਰਾਂ ਮਿਲ ਬੈਠ ਕੇ ਕੋਈ ਸਾਂਝੀ ਤੇ ਠੋਸ ਰਾਇ ਬਣਾ ਸਕਣ। ਇਹ ਦੇਖਣ ਦੀ ਵੀ ਵੱਡੀ ਲੋੜ ਹੈ ਕਿ ਕਿਤੇ ਇਹੋ ਜਿਹੇ ਸੰਕਟ ਦੀਆਂ ਤਾਰਾਂ ਕਿਸੇ ਅਜਿਹੀ ਥਾਂ 'ਤੇ ਤਾਂ ਨਹੀਂ ਜੁੜੀਆਂ ਜਾਂ ਜੋੜ ਦਿੱਤੀਆਂ ਗਈਆਂ ਹਨ, ਜੋ ਵੱਖ-ਵੱਖ ਧਿਰਾਂ ਨੂੰ ਇਕ ਥਾਂ 'ਤੇ ਇਕੱਠੇ ਹੋਣ ਵਿਚ ਵੱਡੀ ਰੁਕਾਵਟ ਬਣ ਰਹੀਆਂ ਹਨ। ਇਸ ਅਣਦਿਸਦੇ ਤੇ ਬਾਰੀਕ ਜਾਲ ਉਤੇ ਵੀ ਸਿੱਖ ਪੰਥ ਨੂੰ ਅਤੇ ਸਿੱਖ ਪੰਥ ਦੇ ਆਗੂਆਂ ਨੂੰ ਨਿਗ੍ਹਾ ਰੱਖਣੀ ਚਾਹੀਦੀ ਹੈ।

# ਗੁੰਮਨਾਮ ਲੋਕ ਕਵੀ ਗਿਆਨੀ ਈਸ਼ਰ ਸਿੰਘ ਦਰਦ

**ਸੁਰਿੰਦਰ ਗਿੱਲ (ਡਾ.)**

ਪੰਜਾਬੀ ਜਨ ਸਾਧਾਰਨ ਵਿੱਚ ਸਮੇਂ ਸਮੇਂ ਅਜਿਹੇ ਲੋਕ ਕਵੀ ਹਰਮਨ ਪਿਆਰੇ ਹੋਏ ਹਨ, ਜਿਹੜੇ ਆਪਣੇ ਆਲੇ ਦੁਆਲੇ, ਆਪਣੇ ਇਲਾਕੇ ਜਾਂ ਸਮੁੱਚੇ ਪੰਜਾਬ ਦੇ ਲੋਕਾਂ ਦਾ ਆਪਣੀਆਂ ਰਚਨਾਵਾਂ ਨਾਲ ਮਨੋਰੰਜਨ ਕਰਨ ਦੇ ਨਾਲ ਲੋਕਾਂ ਨੂੰ ਕੋਈ ਵਿਸ਼ੇਸ਼ ਸੰਦੇਸ਼ ਦਿੰਦੇ ਅਤੇ ਜਾਗ੍ਰਿਤ ਕਰਦੇ ਰਹੇ ਹਨ। ਅਜਿਹੇ ਜਾਗਰੂਕ ਲੋਕ ਕਵੀਆਂ ਵਿੱਚ ਗਦਰ ਲਹਿਰ ਦੇ ਕਵੀ, ਅਕਾਲੀ ਲਹਿਰ ਦੇ ਕਵੀ ਤੇ ਸੁਤੰਤਰਤਾ ਸੰਗਰਾਮ ਤੋਂ ਪ੍ਰਭਾਵਤ ਕਵੀਆਂ ਦੇ ਨਾਂਅ ਲਏ ਜਾ ਸਕਦੇ ਹਨ।

ਇਨ੍ਹਾਂ ਤੋਂ ਇਲਾਵਾ ਕੁਝ ਕਵੀ ਅਜਿਹੇ ਹਨ, ਜਿਹੜੇ ਕਿਸੇ ਵਿਸ਼ੇਸ਼ ਲਹਿਰ ਜਾਂ ਵਿਚਾਰਧਾਰਾ ਨਾਲ ਜੁੜਨ ਤੋਂ ਬਿਨਾਂ ਸੁਤੰਤਰ ਰੂਪ ਵਿੱਚ ਆਪਣੀ ਕਾਵਿ ਰਚਨਾ ਨਾਲ ਲੋਕ ਪੱਖੀ ਸਰਵ ਜਨਕ ਕਲਿਆਣਕਾਰੀ ਅਵਾਜ ਬੁਲੰਦ ਕਰਦੇ ਰਹੇ। ਅਜਿਹੇ ਕਵੀਆਂ ਵਿੱਚ ਲੋਕ ਕਵੀ ਗੁਰਦਾਸ ਰਾਮ ਆਲਮ, ਤੇਰਾ ਸਿੰਘ ਚੰਨ, ਅਰੂੜ ਸਿੰਘ ਇਨਕਲਾਬ ਦੇ ਹਸਤਾਖਰ ਪ੍ਰਮੁੱਖ ਹਨ। ਪਿਛਲੇ ਦਿਨੀਂ ਇਨ੍ਹਾਂ ਸਤਰਾਂ ਦੇ ਇਸ ਲੇਖਕ ਨੂੰ ਇੱਕ ਹੋਰ ਲੋਕ ਕਵੀ ਦੀਆਂ ਕੁਝ ਕਵਿਤਾਵਾਂ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ, ਜਿਹੜਾ ਹੁਣ ਤੱਕ ਸਮੇਂ ਦੀ ਧੂੜ ਵਿੱਚ ਕਿਧਰੇ ਲੁਕਿਆ ਛਿਪਿਆ ਰਿਹਾ ਹੈ।

ਗਿਆਨੀ ਈਸ਼ਰ ਸਿੰਘ ਦਰਦ ਨਾਂਅ ਦੇ (15 ਫਰਵਰੀ 1900 ਤੋਂ 28 ਅਕਤੂਬਰ 1983) ਕਵੀ ਪੰਜਾਬ ਦੇ ਸਿਰਮੌਰ ਕਵੀ, ਕਹਾਣੀਕਾਰ ਤੇ ਨਾਵਲਕਾਰ ਸੰਤੋਖ ਸਿੰਘ ਧੀਰ ਤੇ ਰਿਪੁਦਮਨ ਸਿੰਘ ਰੂਪ ਦੇ ਪਿਤਾ ਸਨ। ਰਿਪੁਦਮਨ ਸਿੰਘ ਰੂਪ ਦੀ ਪਾਰਖੂ ਅੱਖ ਅਤੇ ਲੰਮੀ ਲਗਨ ਦੇ ਫਲਸਰੂਪ ਉਨ੍ਹਾਂ ਦੇ ਪਿਤਾ ਜੀ ਗਿਆਨੀ ਈਸ਼ਰ ਸਿੰਘ ਦਰਦ ਦੀਆਂ ਅਲਮਾਰੀਆਂ ਵਿੱਚ ਬੰਦ ਪਈਆਂ ਡਾਇਰੀਆਂ, ਕਾਪੀਆਂ ਅਤੇ ਰਜਿਸਟਰਾਂ ਵਿੱਚੋਂ ਲੱਭ ਕੇ, ਤਰਤੀਬ ਦੇ ਕੇ, ਉਨ੍ਹਾਂ ਦੀ ਉਸ ਰਚਨਾ ਨੂੰ ਅੱਜ ਪੰਜਾਬੀ ਸੰਸਾਰ ਤੱਕ ਪੁੱਜਣ ਯੋਗ ਕੀਤਾ ਗਿਆ ਹੈ।


ਗਿਆਨੀ ਈਸ਼ਰ ਸਿੰਘ ਦਰਦ ਦੇ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਓਦੋਂ ਦੇ ਰਿਵਾਜ਼ ਅਨੁਸਾਰ ਧਾਰਮਿਕ, ਸਮਾਜਕ ਰੰਗ ਦੀਆਂ ਕਵਿਤਾਵਾਂ ਹਨ, ਪਰ ਇਸ ਕਵੀ ਦਾ ਵਿਸ਼ੇਸ਼ ਗੁਣ ਲੱਛਣ ਉਸ ਦੀ ਰਚਨਾ ਵਿਚਲੀ ਰਾਜਨੀਤਕ ਚੇਤਨਤਾ ਅਤੇ ਪ੍ਰਗਤੀਸ਼ੀਲਤਾ ਹੈ। ਵਿਸ਼ੇ ਵਸਤੂ ਦੇ ਪੱਖ ਤੋਂ ਪਰਖਿਆ ਈਸ਼ਰ ਸਿੰਘ ਦਰਦ ਦੀ ਕਾਵਿ ਰਚਨਾ ਜੀਵਨ ਦੇ ਬਹੁ-ਪਸਾਰੀ ਅਤੇ ਬਹੁ ਦਿਸ਼ਾਈ ਪੱਖਾਂ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਦਰਦ ਦੇ ਕਾਵਿ ਨੂੰ ਪੰਜ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ; 1.ਧਾਰਮਿਕ ਸ਼ਰਧਾ ਕਾਵਿ, 2. ਜੀਵਨ ਤੱਤ ਸਾਰ, 3. ਪ੍ਰੰਪਰਿਕ ਕਾਵਿ ਜਾਂ ਭਾਰਤੀ ਦਰਸ਼ਨ ਸੰਬੰਧੀ ਕਵਿਤਾਵਾਂ, ਚਾਰ ਰਾਜਨੀਤਕ ਚੇਤਨਤਾ ਅਥਵਾ ਸੁਤੰਤਰਤਾ ਸੰਗਰਾਮ ਬਾਰੇ ਕਵਿਤਾਵਾਂ ਅਤੇ 5. ਸੁਤੰਤਰ ਕਾਵਿ, ਜਨ ਸਾਧਾਰਨ ਦੀ ਉਪਰਾਮਤਾ ਦਾ ਚਿਤਰਣ ਆਦਿ।

ਤਤਕਾਲੀ ਰੁਚੀ ਅਨੁਸਾਰ ਧਾਰਮਿਕ ਰੰਗ ਦੀਆਂ ਕਵਿਤਾਵਾਂ ਸ਼ਰਧਾਵਾਦੀ ਰੰਗ ਵਿੱਚ ਰੰਗੀਆਂ ਕਵਿਤਾਵਾਂ ਹਨ, ਪਰ ਇਥੇ ਵੀ ਸਾਡਾ ਕਵੀ ਜੀਵਨ ਦੇ ਯਥਾਰਥ ਦਾ ਲੜ ਨਹੀਂ ਛੱਡਦਾ। ਜਿਵੇਂ :

"ਮੈਂ ਦੀਨਾਂ ਦੀ ਰੱਖਿਆ ਲਈ ਖੰਡਾ ਬਣਾਂਗਾ।
ਮੈਂ ਵਿਗੜੇ ਸੰਵਾਰਨ ਲਈ ਡੰਡਾ ਬਣਾਂਗਾ।
ਮੈਂ ਦੁੱਖੜੇ ਦਰਦ ਸਭ ਸਿਰ 'ਤੇ ਜਰਾਂਗਾ।
ਵਤਨ ਲਈ ਜੀਆਂਗਾ, ਵਤਨ ਲਈ ਮਰਾਂਗਾ।
(ਸੰਦੇਸ਼ਦਾਤਾ)

ਦਰਦ ਦੀਆਂ ਕੁਝ ਕਵਿਤਾਵਾਂ, ਵਿਸ਼ੇਸ਼ ਕਰ ਕੇ ਨਿੱਕੀਆਂ ਕਵਿਤਾਵਾਂ ਜੀਵਨ ਘੋਲ 'ਚੋਂ ਪ੍ਰਾਪਤ ਕੁਝ ਤੱਤਸਾਰ ਸੱਚਾਈਆਂ ਨੂੰ ਕਾਵਿ ਰੂਪ ਵਿੱਚ ਢਾਲਿਆ ਗਿਆ ਹੈ। ਅਜਿਹੀਆਂ ਨਿੱਕੀਆਂ ਕਵਿਤਾਵਾਂ ਕਵੀ ਈਸ਼ਰ ਸਿੰਘ ਦਰਦ ਦੇ ਜੀਵਨ ਅਨੁਭਵ ਦੀ ਕੁਠਾਲੀ ਵਿੱਚੋਂ ਸੋਨੇ ਦੇ ਕਣ ਮਾਤਰ ਅਤੇ ਅਟੱਲ ਯਥਾਰਥ ਦਾ ਪ੍ਰਗਟਾਵਾ ਹਨ। ਉਦਾਹਰਣ ਰੂਪ:

"ਚੰਨਣ ਦੀ ਜੇ ਹੋਏ ਬੁਹਾਰੀ
ਅੰਤ ਬਹੁਕਰ ਦੀ ਬਹੁਕਰ
ਭਾਵੇਂ ਕਿੱਡਾ ਹੋਏ ਮਰਤਬਾ
ਰਹੂ ਨੌਕਰ ਦਾ ਨੌਕਰ" (ਟੋਟਕੇ)



ਸਾਧਾਰਨ ਪਰਵਾਰ ਵਿੱਚ ਜਨਮੇ ਤੇ ਜਵਾਨ ਹੋਏ ਕਵੀ ਈਸ਼ਰ ਸਿੰਘ ਦਰਦ ਆਪਣੇ ਪਿੰਡ, ਸ਼ਹਿਰ ਜਾਂ ਸੂਬੇ ਦੀ ਹੱਦ ਅੰਦਰ ਨਹੀਂ ਟਿਕੇ ਰਹੇ, ਸਮੁੱਚੇ ਭਾਰਤ ਦੇ ਕਈ

**(ਬਾਕੀ ਸਫਾ 23 'ਤੇ)**

# ਗਾਥਾ ਗੁਰਦੁਆਰਾ ਗਿਆਨ ਗੋਦੜੀ ਹਰਿਦੁਆਰ ਦੀ



ਜਸਵੰਤ ਸਿੰਘ 'ਅਜੀਤ'

ਹਰਿਦੁਆਰ, ਹਰਿ ਕੀ ਪੌੜੀ, ਗੰਗਾ ਕਿਨਾਰੇ ਸਥਿਤ, ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ, ਜਿਸਦੇ ਸੰਬੰਧ ਵਿੱਚ ਦਸਿਆ ਜਾਂਦਾ ਹੈ ਕਿ ਉਸਨੂੰ, 1979 ਵਿੱਚ ਹਰਿਦੁਆਰ ਵਿਖੇ ਗੰਗਾ ਕਿਨਾਰੇ ਲਗੇ ਕੁੰਭ ਦੇ ਮੇਲੇ ਵਿੱਚ ਮਚੀ ਭਗਦੜ ਦੌਰਾਨ ਚਾਰ ਸੌ ਦੇ ਲਗਭਗ ਵਿਅਕਤੀਆਂ ਦੇ ਮਾਰੇ ਜਾਣ ਦੇ ਹੋਏ ਦੁਖਾਂਤ ਤੋਂ ਬਾਅਦ. ਢਾਹ ਦਿੱਤਾ ਗਿਆ ਸੀ, ਉਸੇ ਸਮੇਂ ਤੋਂ ਹੀ ਗੁਰਦੁਆਰਾ ਗਿਆਨ ਗੋਦੜੀ ਕਮੇਟੀ ਵਲੋਂ ਗੁਰਦੁਆਰਾ (ਗਿਆਨ ਗੋਦੜੀ) ਸਾਹਿਬ ਨੂੰ ਮੁੜ ਉਸੇ ਸਥਾਨ ਪੁਰ ਸਥਾਪਤ ਕੀਤੇ ਜਾਣ ਦੀ ਮੰਗ ਨੂੰ ਲੈ ਕੇ, ਲਗਾਤਾਰ ਸੰਘਰਸ਼ ਵਿੱਢਿਆ ਚਲਿਆ ਆ ਰਿਹਾ ਹੈ। ਇਹ ਵੀ ਦੱਸਿਆ ਗਿਆ ਹੈ ਕਿ ਨਵੰਬਰ, 1984 ਵਿੱਚ ਦੇਸ਼ ਭਰ ਵਿੱਚ ਚਲੀ ਸਿੱਖ ਨਸਲਕੁਸ਼ੀ ਦੀ ਲਹਿਰ ਦੇ ਫਲਸਰੂਪ, ਇਹ ਸੰਘਰਸ਼, ਜੋ ਲਗਭਗ ਮੰਜ਼ਿਲ ਪੁਰ ਪੁੱਜ ਚੁੱਕਿਆ ਸੀ, ਸਫਲ ਨਹੀਂ ਸੀ ਹੋ ਸਕਿਆ, ਇਸਦਾ ਕਾਰਣ ਇਹ ਸੀ ਕਿ ਉਸ ਸਮੇਂ ਦੇਸ਼ ਦੇ ਹੋਰ ਹਿਸਿਆਂ ਵਿੱਚ ਵਸ ਰਹੇ ਸਿੱਖਾਂ ਵਾਂਗ ਹਰਿਦੁਆਰ-ਵਾਸੀ ਸਿੱਖਾਂ ਨੂੰ ਵੀ ਆਪੋ-ਆਪਣੇ ਜਾਨ-ਮਾਲ ਦੀ ਰੱਖਿਆ ਵਿੱਚ ਜੁਟ ਜਾਣ ਤੇ ਮਜਬੂਰ ਹੋਣਾ ਪੈ ਗਿਆ ਸੀ। ਕੁਝ ਸਮੇਂ ਬਾਅਦ ਇਸ ਦੁਖਾਂਤ ਵਿਚੋਂ ਉਭਰਨ ਤੋਂ ਬਾਅਦ ਗੁਰਦੁਆਰਾ ਗਿਆਨ ਗੋਦੜੀ ਕਮੇਟੀ ਦੇ ਮੁਖੀਆਂ ਨੂੰ ਫਿਰ ਤੋਂ ਮੁਢੋਂ-ਸੁਢੋਂ ਇਹ ਸੰਘਰਸ਼ ਸ਼ੁਰੂ ਕਰਨ 'ਤੇ ਮਜਬੂਰ ਹੋਣਾ ਪਿਆ, ਜੋ ਕਿ ਅਜੇ ਤਕ ਜਾਰੀ ਹੈ। ਮਿਲੀ ਜਾਣਕਾਰੀ ਅਨੁਸਾਰ ਗੁਰਦੁਆਰਾ ਗਿਆਨ ਗੋਦੜੀ ਕਮੇਟੀ ਵਲੋਂ ਆਪਣੇ ਬੂਤੇ ਹੀ ਲੜੀ ਜਾ ਰਹੀ ਇਸ ਲੜਾਈ ਵਿੱਚ ਹਿੱਸਾ ਪਾਣ ਲਈ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਨੇ ਵੀ ਬੀਤੇ ਦਿਨੀਂ ਆਪਣਾ ਹੱਥ ਵਧਾ ਦਿੱਤਾ ਤੇ ਜੇਠ ਦੀ ਸੰਗਰਾਂਦ, ਅਰਥਾਤ ਐਤਵਾਰ ੧੪ ਮਈ ਤੋਂ ਗੁਰਦੁਆਰਾ ਬੰਗਲਾ ਸਾਹਿਬ ਵਿੱਖੇ ਜਪੁਜੀ ਸਾਹਿਬ ਦਾ ਸਮੂਹਕ ਪਾਠ ਅਤੇ ਸਫਲਤਾ ਲਈ ਗੁਰੂ ਚਰਨਾਂ ਵਿੱਚ ਅਰਦਾਸ ਕਰ 'ਗੁਰਦੁਆਰਾ ਗਿਆਨ ਗੋਦੜੀ ਮੁਹਿੰਮ' ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਇਸਦੇ ਨਾਲ ਹੀ ਉਨ੍ਹਾਂ ਦੇਸ਼-ਵਿਦੇਸ਼ ਵਿੱਚ ਵਸ ਰਹੇ ਗੁਰੂ ਨਾਨਕ ਨਾਮ ਲੇਵਾਵਾਂ ਨੂੰ ਵੀ ਇਸ ਮੁਹਿੰਮ ਵਿੱਚ ਹਿਸੇਦਾਰ ਬਣਨ ਲਈ ਅਗੇ ਆਉਣ ਦਾ ਸਦਾ ਦੇ ਦਿੱਤਾ। ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਨਾਲ ਜੁੜੇ ਇਸ ਮੁੱਦੇ ਦਾ ਲਾਭ ਉਠਾਣ ਦੇ ਉਦੇਸ਼ ਨਾਲ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਦੇ ਆਦੇਸ਼ ਪੁਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਨੇ ਵੀ ਇਸ ਵਿੱਚ ਆਪਣੀ ਸ਼ਮੂਲੀਅਤ ਦਰਜ ਕਰਵਾਣ ਦਾ ਫੈਸਲਾ ਕਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਨੂੰ ਨਾਲ ਲੈ ਕੇ ਮੁਹਿੰਮ ਦੀ ਅਗਵਾਈ ਅਤੇ ਮਾਰਗ ਦਰਸ਼ਨ ਕਰਨ ਦੀ ਜ਼ਿਮੇਂਦਾਰੀ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪ ਦਿਤੇ ਜਾਣ ਦਾ ਐਲਾਨ ਕਰ ਦਿੱਤਾ। ਇਸ ਸਭ ਕੁਝ ਦੇ ਪਿਛੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੁੱਖੀਆਂ ਦੀ ਕੀ ਰਣਨੀਤੀ ਸੀ, ਇਸ ਸੰਬੰਧ ਵਿੱਚ ਕਈ ਤਰ੍ਹਾਂ ਦੀਆਂ ਚਰਚਾਵਾਂ ਸ਼ੁਰੂ ਹੋ ਗਈਆਂ। ਕਿਸੇ ਕਿਹਾ ਕਿ ਸਮੁਚੇ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਨਾਲ ਜੁੜੇ ਇਸ ਮੁੱਦੇ ਦਾ ਸਿਹਰਾ ਉਹ ਦਿੱਲੀ ਗੁਰਦੁਆਰਾ ਕਮੇਟੀ ਦੇ ਮੁੱਖੀਆਂ, ਵਿਸ਼ੇਸ਼ ਰੂਪ ਵਿੱਚ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀਕੇ, ਦੇ ਸਿਰ ਤੇ ਬੱਝਦਾ ਵੇਖ ਸਹਿ ਨਹੀਂ ਸੀ ਪਾ ਰਹੇ, ਕਿਸੇ ਕਿਹਾ ਕਿ ਕਿਉਂਕਿ ਕੇਂਦਰ ਦੇ ਨਾਲ ਹੀ ਉੱਤਰ ਪ੍ਰਦੇਸ਼ ਤੇ ਉਤਰਾਂਚਲ ਵਿੱਚ ਵੀ ਬਾਦਲ ਅਕਾਲੀ ਦਲ ਦੇ ਭਾਈਵਾਲਾਂ ਭਾਜਪਾਈਆਂ ਦੀਆਂ ਸਰਕਾਰਾਂ ਹਨ, ਇਸਲਈ ਉਹ ਨਹੀਂ ਚਾਹੁੰਦੇ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀ ਉਨ੍ਹਾਂ ਲਈ ਕੋਈ ਸਮੱਸਿਆ ਜਾਂ ਮੁਸ਼ਕਿਲ ਪੈਦਾ ਕਰ ਦੇਣ। ਇਸਲਈ ਅਕਾਲ ਤਖਤ ਦੇ ਜਥੇਦਾਰ ਦੇ ਨਾਂ 'ਤੇ ਉਹ ਮੁਹਿੰਮ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈ ਲੈਣਾ ਚਾਹੁੰਦੇ ਸਨ, ਤਾਂ ਜੋ ਉਹ ਇਸਨੂੰ ਜਿਤਨਾ ਹੋ ਸਕੇ ਕਮਜ਼ੋਰ ਕਰ ਲੰਬਾ ਖਿਚ ਕੇ ਲੈ ਜਾਣ।

ਇਸ ਤਰ੍ਹਾਂ ਅਕਾਲ ਤਖਤ ਦੇ ਜੱਥੇਦਾਰ ਦੇ ਨਾਂ 'ਤੇ ਅਰੰਭ ਕੀਤੀ ਗਈ ਇਸ ਮੁਹਿੰਮ ਨੂੰ, ਜੋ ਗੁਰੂ ਨਾਨਕ ਦੇਵ ਜੀ ਦੀ 'ਚਰਨ ਛੋਹ' ਪ੍ਰਾਪਤ' ਸਥਾਨ ਨਾਲ ਸੰਬੰਧਤ ਹੈ, ਨੂੰ ਨਾ ਕੇਵਲ ਦੇਸ਼-ਵਿਦੇਸ਼ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾਵਾਂ ਦਾ ਹੀ ਉਤਸਾਹ ਭਰਿਆ ਸਮਰਥਨ ਪ੍ਰਾਪਤ ਹੋਇਆ, ਸਗੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਮੁੱਖੀਆਂ ਦੇ ਜਤਨਾਂ ਸਦਕਾ ਦੇਸ਼ ਵਿਚਲੇ ਵੱਖ-ਵੱਖ ਫਿਰਕਿਆਂ ਦੇ ਮੁੱਖੀਅ ਨੇ ਵੀ ਅੱਗੇ ਆ, ਇਸ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਦਰਜ ਕਰਵਾ, ਇਸਨੂੰ ਤਾਕਤ ਦੇ ਦਿੱਤੀ।

ਚਾਹੀਦਾ ਤਾਂ ਇਹ ਸੀ ਕਿ ਮੁਹਿੰਮ ਦੀ ਅਰੰਭਤਾ ਲਈ ਹੋਏ ਇਸ ਸਮਾਗਮ ਦੀ ਸਫਲਤਾ ਦੇ ਤੁਰੰਤ ਬਾਅਦ ਹੀ ਅਗਲੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਜਾਂਦਾ, ਪਰ ਇਹ ਆਖਦਿਆਂ ਇਸਨੂੰ ਲਟਕਾ ਦਿੱਤਾ ਗਿਆ ਕਿ ਅਕਾਲ ਤਖਤ ਦੇ ਜੱਥੇਦਾਰ, ਹੋਰ ਸਿੱਖ ਜੱਥੇਬੰਦੀਆਂ ਦੇ ਪ੍ਰਤੀਨਿਧੀਆਂ ਨਾਲ ਸਲਾਹ-ਮਸ਼ਵਰਾ ਕਰ ਅਗਲੇ ਪ੍ਰੋਗਰਾਮ ਦਾ ਐਲਾਨ ਕਰਨਗੇ। ਇਸ ਸਥਿਤੀ ਵਿੱਚ ਇਹ ਸੁਆਲ ਉਠਣਾ ਸੁਭਾਵਕ ਹੈ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਲੋਂ ਜੋ ਉਤਸਾਹ, ਮੁਹਿੰਮ ਦੀ ਅਰੰਭਤਾ ਕਰਨ ਦੇ ਸਮਾਗਮ ਵਿੱਚ ਆਪਣੀ ਸ਼ਮੂਲੀਅਤ ਦਰਜ ਕਰਾ ਵਿਖਾਇਆ ਗਿਆ ਹੈ, ਕੀ ਉਹ ਉਸਤੋਂ ਕਈ ਦਿਨਾਂ ਬਾਅਦ ਨਵਾਂ ਪ੍ਰੋਗਰਾਮ ਦਿੱਤੇ ਜਾਣ ਤਕ, ਬਣਿਆ ਰਹਿ ਸਕੇਗਾ?

ਆਖਰ ਕੁੱਝ ਹਲਕਿਆਂ ਵਲੋਂ ਪ੍ਰਗਟ ਕੀਤਾ ਗਿਆ ਖਦਸ਼ਾ ਸੱਚ ਸਾਬਤ ਹੋਇਆ। ਅਕਾਲ ਤਖਤ ਦੇ ਜਥੇਦਾਰ ਨੂੰ ਦਿੱਤੀ ਗਈ ਅਗਵਾਈ ਵਿੱਚ ਇਸ ਮੁਹਿੰਮ ਨੂੰ ਇਤਨਾ ਲੰਬਾ ਲਟਕਾ ਦਿੱਤਾ ਗਿਆ, ਜਿਸਤੋਂ ਇਹ ਅੰਦਾਜ਼ਾ ਲਾਇਆ ਜਾਣਾ ਵੀ ਕਿਸੇ ਦੇ ਵਸ ਦਾ ਰੋਗ ਨਹੀਂ ਰਿਹਾ ਕਿ ੧੪ ਮਈ ਤੋਂ ਅਰੰਭ ਹੋਈ ਮੁਹਿੰਮ ਦਾ ਅਗਲਾ ਕਦਮ ਅਗੇ ਕਦੋਂ ਵਧੇਗਾ? ਕਿਉਂਕਿ ਜਥੇਦਾਰ ਅਕਾਲ ਤਖਤ ਵਲੋਂ ਸਦੀ ਗਈ ਮੀਟਿੰਗ ਵਿੱਚ, ਗੁਰਦੁਆਰਾ ਗਿਆਨ ਗੋਦੜੀ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਕਮੇਟੀ ਵਿਸ਼ੇਸ ਬਣਾਉਣ, ਮੁਹਿੰਮ ਦੇ ਸੰਬੰਧ ਵਿੱਚ ਸਾਰੀਆਂ ਸਿੱਖ ਸੰਸਥਾਵਾਂ ਪਾਸੋਂ ਲਿਖਤੀ ਸੁਝਾਉ ਲੈਣ, ਮਸਲੇ ਦੇ ਹੱਲ ਲਈ ਪੰਥਕ ਆਗੂਆਂ ਪੁਰ ਅਧਾਰਤ ਉੱਚ ਪਧਰੀ ਕਮੇਟੀ ਬਣਾਉਣ, ਪੰਜ ਸਿੰਘ ਸਾਹਿਬਾਨ ਦੀ ਬੈਠਕ ਵਿੱਚ ਵਿਚਾਰਨ ਆਦਿ ਤੋਂ ਲੈਕੇ ਸਿੱਖ ਜਥੇਬੰਦੀਆਂ ਪਾਸੋਂ ਅਕਾਲ ਤਖਤ ਦੇ ਹੁਕਮ ਅਨੁਸਾਰ ਚਲਣ ਦਾ ਐਲਾਨ ਕਰਵਾਉਣ, ਤੋਂ ਜਾਪਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਨੇ ਇੱਕ ਅਜਿਹਾ ਜਾਲ ਬੁਣ ਦਿੱਤਾ ਹੈ, ਜਿਸਦਾ ਸਿਰਾ ਲੱਭ ਪਾਣਾ ਸਹਿਜ ਨਹੀਂ ਜਾਪਦਾ।



**ਇਤਿਹਾਸ : 'ਗੁਰਦੁਆਰਾ ਗਿਆਨ ਗੋਦੜੀ'**

ਉਹ ਇਤਿਹਾਸਕ ਅਸਥਾਨ ਹੈ, ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਹਰਿਦੁਆਰ ਪੁਜ, ਕਰਮ-ਕਾਂਡਾਂ, ਵਹਿਮਾਂ-ਭਰਮਾਂ ਦੇ ਫੈਲੇ ਹਨੇਰੇ ਨੂੰ ਦੂਰ ਕਰਨ ਲਈ 'ਗਿਆਨ ਦਾ ਪ੍ਰਕਾਸ਼' ਕੀਤਾ ਸੀ। ਗੁਰੂ ਸਾਹਿਬ ਦੀ ਇਸ ਹਰਿਦੁਆਰ ਯਾਤਰਾ ਦੀ ਯਾਦ ਵਿੱਚ ਗੰਗਾ ਕਿਨਾਰੇ ਹਰਿ ਕੀ ਪੌੜੀ ਦੇ ਸਥਾਨ 'ਤੇ ਇਤਿਹਾਸਕ, ਗੁਰਦੁਆਰਾ ਗਿਆਨ ਗੋਦੜੀ ਸਥਾਪਤ ਕੀਤਾ ਗਿਆ ਹੋਇਆ ਸੀ, ਜਿਸਨੂੰ ਜਿਵੇਂ ਕਿ ਉਪਰ ਦਸਿਆ ਗਿਆ ਹੈ, 1979 ਵਿੱਚ ਵਾਪਰੇ ਦੁਖਾਂਤ ਤੋਂ ਬਾਅਦ ਢਾਹ ਦਿੱਤਾ ਗਿਆ। ਦੱਸਿਆ ਗਿਆ ਹੈ ਕਿ ਇਸ ਸਮੇਂ ਇਸ ਅਸਥਾਨ ਪੁਰ 'ਉਤਰਾਂਚਲ ਭਾਰਤੀ ਸਕਾਊਟਸ' ਵਲੋਂ ਸੰਚਲਿਤ ਸੇਵਾ ਕੇਂਦਰ ਸਥਾਪਤ ਹੈ।

ਗੁਰਦੁਆਰਾ ਗਿਆਨ ਗੋਦੜੀ ਦੇ ਹਰਿ ਕੀ ਪੌੜੀ ਪੁਰ ਸਥਾਪਤ ਹੋਣ ਦੀ ਗੁਆਹੀ ਨਾ ਕੇਵਲ ਹਰਿਦੁਆਰ ਦੀ ਪੁਰਾਣੀ ਪੀੜੀ ਦੇ ਲੋਕੀ ਹੀ ਭਰਦੇ ਹਨ, ਸਗੋਂ 'ਹਰਿ ਕੀ ਪੌੜੀ' ਪੁਰ ਆਸ-ਪਾਸ ਸਥਿਤ ਹੋਰ ਧਰਮ ਅਸਥਾਨਾਂ ਦੇ ਮੁਖੀ ਵੀ ਇਸਦੀ ਗੁਆਹੀ ਭਰਦੇ ਹਨ। ਇਹੀ ਨਹੀਂ, ਗਲਬਾਤ ਦੌਰਾਨ ਉਹ ਇਹ ਇੱਛਾ ਵੀ ਪ੍ਰਗਟ ਕਰਦੇ ਹਨ ਕਿ ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਮੁੜ ਇਸੇ ਸਥਾਨ 'ਤੇ ਹੀ ਹੋਣੀ ਚਾਹੀਦੀ ਹੈ ਤਾਂ ਜੋ ਉਸੇ ਸਥਾਨ ਤੋਂ ਗੁਰੂ ਸਾਹਿਬ ਵਲੋਂ ਜਗਾਈ 'ਗਿਆਨ ਦੇ ਪ੍ਰਕਾਸ਼ ਦੀ ਜੋਤਿ' ਦੀ ਰੋਸ਼ਨੀ ਦੂਰ-ਦੂਰ ਤਕ ਫੈਲ ਸਕੇ।

**ਕੌਮੀ ਘਟ ਗਿਣਤੀ ਕਮਸ਼ਿਨ :** ਮਿਲੀ ਜਾਣਕਾਰੀ ਅਨੁਸਾਰ ਮੂਲ ਸਥਾਨ ਪੁਰ ਹੀ 'ਗੁਰਦੁਆਰਾ ਗਿਆਨ ਗੋਦੜੀ' ਸਥਾਪਤ ਕਰਾਣ ਵਿੱਚ ਆਪਣਾ ਸਹਿਯੋਗ ਕਰਨ ਦੇ ਉਦੇਸ਼ ਨਾਲ ਕੌਮੀ ਘਟ ਗਿਣਤੀ ਕਮਸ਼ਿਨ ਨੇ ਵੀ ਸੰਬੰਧਤ ਅਧਿਕਾਰੀਆਂ ਤਕ ਪਹੁੰਚ ਕੀਤੀ ਸੀ। ਪ੍ਰੰਤੂ ਹਰਿਦੁਆਰ ਦੇ ਜ਼ਿਲਾ ਜੱਜ ਨੇ ਇਹ ਕਹਿੰਦਿਆਂ ਉਸਦੀ ਮੰਗ ਨਾਮੰਨਜ਼ੂਰ ਕਰ ਦਿਤੀ ਕਿ ਸੰਬੰਧਤ ਸਥਾਨ 'ਤੇ ਮੁੜ ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਕੀਤਾ ਜਾਣਾ ਸੰਭਵ ਨਹੀਂ। ਇਹ ਵੀ ਦਸਿਆ ਗਿਆ ਹੈ ਕਿ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਗੰਗਾ ਕਿਨਾਰੇ ਹੀ ਕੋਈ ਹੋਰ ਜਗ੍ਹਾ ਅਲਾਟ ਕਰ ਦਿੱਤੇ ਜਾਣ ਦੀ ਗਲ ਵੀ ਹੋਈ ਸੀ। ਪਰ ਸੁਆਲ ਉਠਦਾ ਹੈ ਕਿ ਜੋ ਇਤਿਹਾਸਕਤਾ ਮੂਲ ਸਥਾਨ ਨਾਲ ਜੁੜੀ ਹੋਈ ਹੈ, ਕੀ ਉਹੀ ਇਤਿਹਾਸਕਤਾ ਕਿਸੇ ਹੋਰ ਸਥਾਨ ਨਾਲ ਜੁੜ ਸਕਦੀ ਹੈ? ਇਸ ਸੰਬੰਧ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀਕੇ ਦਾ ਇਹ ਭਰੋਸਾ ਦੁਆਇਆ ਜਾਣਾ ਕੁਝ ਢਾਰਸ ਤਾਂ ਬਨ੍ਹਾਉਂਦਾ ਹੈ ਕਿ ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਉਸੇ ਸਥਾਨ ਪੁਰ ਹੋਵੇਗੀ, ਜਿਸ ਨਾਲ ਉਸਦੀ ਇਤਿਹਾਸਕਤਾ ਸੰਬੰਧਤ ਹੈ। ਪਰ ਕੀ ਅਕਾਲ ਤਖਤ ਦੇ ਨਾਂ ਤੇ ਉਲਝਾਈ ਗਈ ਤਾਣੀ ਵਿਚੋਂ ਬਾਹਰ ਆ ਸ. ਮਨਜੀਤ ਸਿੰਘ ਜੀਕੇ ਲਈ ਆਪਣੇ ਵਲੋਂ ਦੁਆਏ ਗਏ ਭਰੋਸੇ ਪੁਰ ਅਮਲ ਕਰਵਾਉਣਾ ਸਹਿਜ ਹੋਵੇਗਾ? ਇਸ ਸੁਆਲ ਦਾ ਜਵਾਬ ਇਤਨਾ ਸਹਿਜ ਨਹੀਂ ਰਹਿਣ ਦਿੱਤਾ ਗਿਆ ਹੋਇਆ।

**...ਅਤੇ ਅੰਤ ਵਿੱਚ :** ਜਿਥੋਂ ਤਕ ਗੁਰਦੁਆਰਾ ਗਿਆਨ ਗੋਦੜੀ ਦੇ ਵਿਵਾਦ ਦਾ ਮਾਮਲਾ ਹੈ, ਉਸਨੂੰ ਇਹ ਮੰਨ ਕੇ ਚਲਣਾ ਹੋਵੇਗਾ ਕਿ ਇਹ ਮਾਮਲਾ ਬਹੁਤ ਸੰਵੇਦਨਸ਼ੀਲ ਹੈ। ਇਸਦਾ ਹਲ ਧਮਕੀਆਂ ਨਾਲ ਸੰਭਵ ਨਹੀਂ ਹੋ ਸਕੇਗਾ। ਇਸਦੇ ਲਈ ਕੂਟਨੀਤਕ ਨੀਤੀ ਅਪਨਾਣੀ ਹੋਵੇਗੀ। ਇਸ ਮੁੱਦੇ ਨਾਲ ਸੰਬੰਧਤ ਚਲੇ ਆ ਰਹੇ ਅਧਿਕਾਰੀਆਂ ਨੂੰ ਸਮਝਾਣਾ ਹੋਵੇਗਾ ਕਿ ਗੁਰਦੁਆਰੇ ਦੇ ਮੂਲ ਸਥਾਨ, ਜੋ ਕਿ ਸਿੱਖਾਂ ਲਈ ਇਤਿਹਾਸਕ ਮਹਤੱਤਾ ਦਾ ਹੈ, ਦੇ ਨਾਲ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਜੁੜੀਆਂ ਹੋਈਆਂ ਹਨ, ਜਿਸਦੇ ਚਲਦਿਆਂ ਉਹ ਇਸ ਗੁਰਦੁਆਰੇ ਨੂੰ ਕਿਸੇ ਹੋਰ ਥਾਂ ਪੁਰ ਸਥਾਪਤ ਕਰਨ ਦੀ ਗਲ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕਰਨਗੇ, ਇਸਲਈ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਨਮਾਨ ਕਰਦਿਆਂ, ਮੂਲ ਥਾਂ ਹੀ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਵਾਪਸ ਕਰ ਦਿੱਤੀ ਜਾਣੀ ਚਾਹੀਦੀ ਹੈ।

# ਓਸਾਮਾ ਬਿਨ ਲਾਦੇਨ ਦੀ ਮੌਤ ਅਤੇ ਆਪਰੇਸ਼ਨ 'ਪਲੇਨ'

**(ਇੱਕ ਜਾਣਕਾਰ ਦੀ ਕਲਮ ਤੋਂ)**

ਸਤੰਬਰ 2001 ਦੇ ਸ਼ੁਰੂਆਤੀ ਦਿਨਾਂ ਵਿੱਚ ਖੂੰਖਾਰ ਅੱਤਵਾਦੀ ਓਸਾਮਾ ਬਿਨ ਲਾਦੇਨ ਦਾ ਪਰਵਾਰ ਉਸ ਦੇ ਅਫਗਾਨਿਸਤਾਨ ਵਿਚਲੇ ਵੱਡੇ ਵੱਡੇ ਘਰਾਂ 'ਚੋਂ ਇੱਕ ਵਿੱਚ ਸ਼ਾਂਤਮਈ ਜ਼ਿੰਦਗੀ ਬਿਤਾਉਂਦਾ ਸੀ। ਉਸ ਦੇ ਬੇਟੇ ਨਿਨਟੈਂਡੋ ਗੇਮ ਖੇਡਦੇ ਸਨ ਅਤੇ ਉਸ ਦੀਆਂ ਚਾਰੇ ਪਤਨੀਆਂ ਰੇਡੀਓ ਉੱਤੇ ਮੈਡੋਨਾ ਦੇ ਗਾਣੇ ਸੁਣਦੀਆਂ ਸਨ, ਪੱਛਮੀ ਪਕਵਾਨ ਤਿਆਰ ਕਰਦੀਆਂ ਸਨ। 10 ਸਤੰਬਰ ਦੀ ਰਾਤ ਉਨ੍ਹਾਂ ਨੂੰ ਉਥੋਂ ਚਲੇ ਜਾਣ ਦਾ ਹੁਕਮ ਮਿਲਿਆ ਤੇ ਉਹ ਸਾਰੇ ਕੰਧਾਰ ਤੋਂ ਜਲਾਲਾਬਾਦ ਦੀ ਤਿੰਨ ਦਿਨਾਂ ਦੀ ਯਾਤਰਾ ਉਤੇ ਨਿਕਲ ਪਏ, ਜਦ ਕਿ ਉਸੇ ਸਮੇਂ ਇੱਕ ਕਾਰਵਾਈ ਕੀਤੀ ਜਾ ਰਹੀ ਸੀ, ਜਿਸ ਬਾਰੇ ਉਹ ਸਿਰਫ ਇੰਨਾ ਜਾਣਦੇ ਸਨ ਕਿ ਇਸ ਕਾਰਵਾਈ ਦਾ ਨਾਂ 'ਪਲੇਨ ਆਪਰੇਸ਼ਨ' ਹੈ।

ਅਗਲੇ ਨੌਂ ਸਾਲਾਂ ਤੱਕ ਲਾਦੇਨ ਦੀਆਂ ਤਿੰਨ ਪਤਨੀਆਂ ਤੇ ਉਨ੍ਹਾਂ ਦੇ ਬੱਚੇ ਮੱਧ ਪੂਰਬੀ ਦੇਸ਼ਾਂ ਵਿੱਚ ਇੱਕ ਥਾਂ ਤੋਂ ਦੂਜੀ ਥਾਂ 'ਤੇ ਭੱਜਦੇ ਰਹੇ ਕਿਉਂਕਿ ਉਨ੍ਹਾਂ ਦੇ ਆਸਪਾਸ ਦੀ ਦੁਨੀਆ ਹਮੇਸ਼ਾ ਲਈ ਬਦਲ ਚੁੱਕੀ ਸੀ। ਬੇਸ਼ੱਕ ਸ਼ੁਰੂ ਵਿੱਚ ਉਹ ਨਹੀਂ ਜਾਣਦੇ ਸਨ ਕਿ ਉਨ੍ਹਾਂ ਨਾਲ ਏਦਾਂ ਕਿਉਂ ਹੋ ਰਿਹਾ ਹੈ, ਪਰ ਆਖਰ ਵਿੱਚ ਉਹ ਈਰਾਨ ਦੇ ਇੱਕ ਹਿਰਾਸਤੀ ਕੈਂਪ ਵਿੱਚ ਪਹੁੰਚ ਗਏ। ਲਾਦੇਨ ਪਰਵਾਰ ਦੀ ਇਸ ਯਾਤਰਾ ਨੂੰ ਦਸਤਾਵੇਜ਼ੀ ਰੂਪ ਵਿੱਚ ਇੱਕ ਨਵੀਂ ਕਿਤਾਬ ਵਿੱਚ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਅਮਰੀਕਾ ਉੱਤੇ 9/11 ਦੇ ਹਮਲੇ ਤੋਂ ਪਹਿਲਾਂ ਹੀ ਲਾਦੇਨ ਦੀ ਪਹਿਲੀ ਪਤਨੀ ਨਜ਼ਵਾ ਸਾਊਦੀ ਅਰਬ ਚਲੀ ਗਈ ਸੀ ਕਿਉਂਕਿ ਉਸ ਨੂੰ ਲਾਦੇਨ ਦੀਆਂ ਸਖਤ ਧਾਰਮਿਕ ਹੱਦਾਂ ਵਿੱਚ ਬੱਝ ਕੇ ਜ਼ਿੰਦਗੀ ਬਿਤਾਉਣਾ ਔਖਾ ਹੋ ਗਿਆ ਸੀ। ਉਸ ਦੇ ਜਾਣ ਤੋਂ ਪਹਿਲਾਂ ਉਸ ਦਾ ਬੇਟਾ ਉਮਰ ਆਪਣੇ ਪਿਤਾ ਦੇ ਜੇਹਾਦੀ ਵਿਚਾਰਧਾਰਾ ਤੋਂ ਨਾਰਾਜ਼ ਹੋ ਕੇ ਘਰੋਂ ਭੱਜ ਗਿਆ ਸੀ। ਏਦਾਂ ਦੋਵੇਂ ਮਾਂ-ਪੁੱਤ ਖੁਸ਼ਕਿਸਮਤ ਹੀ ਸਿੱਧ ਹੋਏ।



ਉਨ੍ਹਾਂ ਦੋਵਾਂ ਦੇ ਚਲੇ ਜਾਣ ਤੋਂ ਬਾਅਦ ਲਾਦੇਨ ਦੀਆਂ ਬਾਕੀ ਪਤਨੀਆਂ ਤੇ ਔਲਾਦਾਂ ਨੂੰ ਜਲਾਲਾਬਾਦ ਵਿੱਚ ਅਲ ਕਾਇਦਾ ਦੇ ਸਿਖਲਾਈ ਕੈਂਪ ਦੀਆਂ ਬੈਰਕਾਂ ਵਿੱਚ ਜ਼ਬਰਦਸਤੀ ਲਿਜਾਇਆ ਗਿਆ। ਉਨ੍ਹਾਂ ਨੂੰ ਹੋਰ ਲੋਕਾਂ ਨਾਲੋਂ ਵੱਖਰੇ ਰੱਖਣ ਲਈ ਕੰਧਾਂ ਉੱਤੇ ਗਲੀਚੇ ਲਟਕਾ ਦਿੱਤੇ ਗਏ। ਉਨ੍ਹਾਂ ਨੂੰ ਗਰਨੇਡਾਂ ਦੇ ਢੇਰ ਅਤੇ ਰਾਈਫਲਾਂ ਦਰਮਿਆਨ ਸੌਣਾ ਪੈਂਦਾ ਸੀ। ਲਾਦੇਨ ਦੀਆਂ ਤਿੰਨੇ ਪਤਨੀਆਂ ਖੈਰਿਯਾਰ, ਸੇਹਮ ਅਤੇ ਅਮਾਲ ਨੂੰ ਇਹ ਹੁਕਮ ਮਿਲਿਆ ਹੋਇਆ ਸੀ ਕਿ ਜੇ ਪਰਵਾਰ ਉੱਤੇ ਕੋਈ ਹਮਲਾ ਹੋਵੇ ਤਾਂ ਉਹ ਆਤਮਘਾਤੀ ਬੁਨੈਣ ਇਸਤੇਮਾਲ ਕਰ ਕੇ ਸ਼ਹੀਦ ਹੋ ਜਾਣ। ਨਵੰਬਰ 2001 ਵਿੱਚ ਜਦੋਂ ਲਾਦੇਨ ਆਪਣੇ ਪਰਵਾਰ ਨੂੰ ਮਿਲਣ ਆਇਆ ਤਾਂ ਪਰਵਾਰ ਨੂੰ ਲੱਗਾ ਕਿ ਉਨ੍ਹਾਂ ਨੂੰ ਹੁਣ ਕੁਝ ਰਾਹਤ ਮਿਲੇਗੀ, ਪਰ ਉਨ੍ਹਾਂ ਦੀਆਂ ਉਮੀਦਾਂ ਮ੍ਰਿਗ-ਤ੍ਰਿਸ਼ਨਾ ਹੀ ਸਿੱਧ ਹੋਈਆਂ ਕਿਉਂਕਿ ਲਾਦੇਨ ਤਾਂ ਉਨ੍ਹਾਂ ਨੂੰ ਸਿਰਫ ਇਹ ਦੱਸਣ ਆਇਆ ਸੀ ਕਿ ਉਹ ਛੇਤੀ ਤੋਂ ਛੇਤੀ ਪਾਕਿਸਤਾਨ ਚਲੇ ਜਾਣ, ਕਿਉਂਕਿ ਅਮਰੀਕਾ ਉਨ੍ਹਾਂ ਦੇ ਬਹੁਤ ਨੇੜੇ ਪਹੁੰਚ ਰਿਹਾ ਹੈ। ਲਾਦੇਨ ਦਾ ਪਰਵਾਰ ਪਾਕਿਸਤਾਨ ਵਿੱਚ ਵੀ ਸੁਰੱਖਿਅਤ ਨਹੀਂ ਸੀ, ਇਸ ਲਈ ਲਾਦੇਨ ਦੀਆਂ ਪਤਨੀਆਂ ਤੇ ਔਲਾਦਾਂ ਨੂੰ ਇੱਕ ਵਾਰ ਫਿਰ ਮੁਸ਼ਕਲ ਯਾਤਰਾ 'ਤੇ ਨਿਕਲਣਾ ਪਿਆ। ਇਹ ਯਾਤਰਾ ਲਾਦੇਨ ਦੇ ਕੱਟੜ ਦੁਸ਼ਮਣ ਦੇਸ਼ ਈਰਾਨ ਵੱਲ ਸੀ। ਇਨ੍ਹਾਂ ਲੋਕਾਂ ਨੂੰ ਆਸ ਸੀ ਕਿ ਉਥੋਂ ਦੀ ਸ਼ੀਆ ਸਰਕਾਰ ਉਨ੍ਹਾਂ ਨੂੰ ਅਮਰੀਕਾ ਦੇ ਹਵਾਲੇ ਕਰਨ ਤੋਂ ਨਾਂਹ ਕਰ ਦੇਵੇਗੀ, ਪਰ ਇਹ ਜੋਖਮ ਭਰਿਆ ਦਾਅ ਉਨ੍ਹਾਂ 'ਤੇ ਉਲਟਾ ਹੀ ਪਿਆ ਕਿਉਂਕਿ ਇਰਾਨ ਸਰਕਾਰ ਨੇ 2002 ਵਿੱਚ ਉਨ੍ਹਾਂ ਨੂੰ ਬੁਸ਼ ਪ੍ਰਸ਼ਾਸਨ ਦੇ ਹਵਾਲੇ ਕਰਨ ਦੀ ਸੌਦੇਬਾਜ਼ੀ ਦੀ ਕੋਸ਼ਿਸ਼ ਕੀਤੀ ਸੀ।

ਇਰਾਨ ਚਾਹੁੰਦਾ ਸੀ ਕਿ ਲਾਦੇਨ ਦੇ ਪਰਵਾਰ 'ਤੇ ਲੱਗੀਆਂ ਪਾਬੰਦੀਆਂ ਘਟਾਈਆਂ ਜਾਣ ਤੇ ਕੂਟਨੀਤਕ ਮਾਨਤਾ ਦਿੱਤੀ ਜਾਵੇ, ਪਰ ਬੁਸ਼ ਪ੍ਰਸ਼ਾਸਨ ਨੇ ਇਹ ਮੰਗ ਠੁਕਰਾ ਦਿੱਤੀ। ਈਰਾਨ ਨੂੰ ਲਾਦੇਨ ਨਾਲ ਕੋਈ ਖਾਸ ਹਮਦਰਦੀ ਨਹੀਂ ਸੀ ਕਿਉਂਕਿ ਉਹ ਸੁੰਨੀ ਅੱਤਵਾਦੀਆਂ ਨਾਲ ਦਾ ਸੀ। ਈਰਾਨ ਉਨ੍ਹਾਂ ਦੀ ਕੀਮਤ ਵੀ ਸਮਝਦਾ ਸੀ। ਇਸ ਲਈ ਉਨ੍ਹਾਂ ਨੂੰ ਰਿਹਾਅ ਨਹੀਂ ਕਰਨਾ ਚਾਹੁੰਦਾ ਸੀ। ਅਗਲੇ ਅੱਠ ਸਾਲਾਂ ਤੱਕ ਲਾਦੇਨ ਦੀਆਂ ਪਤਨੀਆਂ ਤੇ ਬੱਚੇ ਤਹਿਰਾਨ ਦੀ ਹਿਰਾਸਤ ਵਿੱਚ ਸੜਦੇ ਰਹੇ। ਇਥੋਂ ਤੱਕ ਕਿ ਪਰਵਾਰ ਦੇ ਹੋਰਨਾਂ ਮੈਂਬਰਾਂ ਨੂੰ ਵੀ ਉਨ੍ਹਾਂ ਬਾਰੇ ਕੋਈ ਜਾਣਕਾਰੇ ਨਹੀਂ ਸੀ ਕਿ ਉਹ ਕਿੱਥੇ ਹਨ। ਉਨ੍ਹਾਂ ਨੇ ਇਹੋ ਮੰਨ ਲਿਆ ਸੀ ਕਿ ਉਹ ਮਰ ਚੁੱਕੇ ਹਨ।

ਹਿਰਾਸਤੀ ਕੈਂਪ ਵਿੱਚ ਕਿਉਂਕਿ ਇਸ ਪਰਵਾਰ ਦੀ ਮੌਜੂਦਗੀ ਹੋਰਨਾਂ ਕੈਦੀਆਂ ਵਿੱਚ ਬੇਚੈਨੀ ਪੈਦਾ ਕਰਦੀ ਸੀ ਤੇ ਕਈ ਵਾਰ ਦੰਗੇ ਹੋ ਜਾਂਦੇ ਸਨ, ਇਸ ਲਈ ਉਨ੍ਹਾਂ ਨੂੰ ਖੁਸ਼ ਰੱਖਣ ਲਈ ਈਰਾਨੀ ਗਾਰਡ ਕਦੇ ਕਦੇ ਉਨ੍ਹਾਂ ਨੂੰ ਵਧੀਆ ਭੋਜਨ ਤੇ ਆਈਸਕਰੀਮ ਵੀ ਹਾਸਲ ਕਰਾਉਂਦੇ ਸਨ। ਵਿੱਚ ਵਿੱਚ ਉਨ੍ਹਾਂ ਨੂੰ ਤਹਿਰਾਨ ਦੀਆਂ ਵਿਸ਼ਵ ਪ੍ਰਸਿੱਧ ਥਾਵਾਂ 'ਤੇ ਵੀ ਘੁੰਮਣ ਲਈ ਲਿਜਾਇਆ ਜਾਂਦਾ ਸੀ ਤੇ ਅਮਰੀਕੀ ਸੈਲਾਨੀਆਂ ਨਾਲ ਘੁਲਣ-ਮਿਲਣ ਦਿੱਤਾ ਜਾਂਦਾ ਸੀ।

ਜਦੋਂ ਕਦੇ ਉਨ੍ਹਾਂ ਨੂੰ ਸਥਾਨਕ ਸਵੀਮਿੰਗ ਪੂਲਾਂ ਵਿੱਚ ਲਿਜਾਇਆ ਜਾਂਦਾ ਤਾਂ ਉਹ ਕੂਟਨੀਤਕਾਂ ਦੀ ਰਾਖਵੀਂ ਲੇਨ ਨਾਲ ਲੱਗਦੀ ਲੇਨ ਵਿੱਚ ਤਰਦੇ ਸਨ। ਓਸਾਮਾ ਦਾ ਇੱਕ ਬੇਟਾ ਸਾਅਦ ਆਪਣੇ ਪਿਤਾ ਨੂੰ ਪਾਕਿਸਤਾਨ ਵਿੱਚ ਲੱਭਣ ਦੀ ਸਹੁੰ ਖਾ ਕੇ ਕੈਂਪ ਵਿੱਚੋਂ ਭੱਜ ਨਿਕਲਿਆ। ਅਸਲ ਵਿੱਚ ਉਹ ਆਪਣੇ ਪਰਵਾਰ ਨੂੰ ਈਰਾਨ ਦੇ ਚੁੰਗਲ ਵਿੱਚੋਂ ਬਚਾਉਣਾ ਚਾਹੁੰਦਾ ਸੀ, ਪਰ 2009 ਵਿੱਚ ਡਰੋਨ ਹਮਲੇ ਵਿੱਚ ਮਾਰਿਆ ਗਿਆ। ਆਪਣੇ ਭਰਾ ਦੀ ਮੌਤ ਤੋਂ ਬੇਚੈਨ ਹੋਏ ਬਿਨਾਂ ਲਾਦੇਨ ਦੀ ਧੀ ਈਮਾਨ ਨੇ ਵੀ ਈਰਾਨ ਵਿੱਚੋਂ ਭੱਜ ਨਿਕਲਣ ਦੀ ਯੋਜਨਾ ਬਣਾਈ ਤੇ ਉਸ ਨੇ ਆਪਣੀ ਇਸ ਯੋਜਨਾ ਨੂੰ 2009 ਵਿੱਚ ਉਦੋਂ ਅੰਜਾਮ ਦਿੱਤਾ, ਜਦੋਂ ਉਸ ਨੂੰ ਸ਼ਾਪਿੰਗ ਲਈ ਜਾਣ ਦਾ ਮੌਕਾ ਮਿਲਿਆ। ਉਸ ਨੇ ਫਟਾਫਟ ਆਪਣੇ ਕੱਪੜੇ ਬਦਲੇ ਤੇ ਇੱਕ ਖਿਡੌਣਾ ਗੁੱਡੀ ਗੋਦੀ ਵਿੱਚ ਲੈ ਕੇ ਸਾਊਦੀ ਅਰਬ ਦੇ ਦੂਤਘਰ ਪਹੁੰਚ ਗਈ। ਉਥੇ ਜਾ ਕੇ ਉਸ ਨੇ ਆਪਣੇ ਪਰਵਾਰ ਦੇ ਬਾਕੀ ਮੈਂਬਰਾਂ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਬਾਕੀ ਮੈਂਬਰਾਂ ਨੂੰ ਇਰਾਨ ਦੀ ਹਿਰਾਸਤ ਵਿੱਚੋਂ ਛੁਡਾਉਣ ਲਈ ਸੌਦੇਬਾਜ਼ੀ ਕੀਤੀ।

(ਬਾਕੀ ਅਗਲੇ ਸਫੇ ਤੇ)

# ਭਾਪਾ ਜੀ ਨੇ ਚਾੜ੍ਹ 'ਤਾ ਚੰਦ ...



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਪੜ੍ਹਨ ਸੁਣਨ ਨੂੰ ਤਾਂ ਇਹ ਗੱਲ ਆਮ ਜਿਹੀ ਲੱਗਦੀ ਹੈ, ਪਰ ਹੈ ਬੜੀ ਦਿਲਚਸਪ, ਮਨੋਰੰਜਕ ਅਤੇ ਸੇਧ ਦੇਣ ਵਾਲੀ। ਖਾਸ ਕਰ ਕੇ ਉਨ੍ਹਾਂ ਘਰਾਂ ਵਾਸਤੇ ਇਹ ਖੁਸ਼ੀਆਂ ਖੇੜੇ ਦੇਣ ਵਾਲਾ ਮੰਤਰ ਸਾਬਤ ਹੋ ਸਕਦੀ ਹੈ, ਜਿਥੇ ਕੋਈ ਮਾਮੂਲੀ ਜਿਹਾ ਨੁਕਸਾਨ ਹੋ ਜਾਣ 'ਤੇ ਕਈ ਕਈ ਦਿਨ ਮਹਾਂਭਾਰਤ ਛਿੜਿਆ ਰਹਿੰਦਾ ਹੈ, ਤੇ ਵਧਦੀ ਵਧਦੀ ਗੱਲ ਤੋੜ-ਵਿਛੋੜਿਆਂ ਤੱਕ ਪਹੁੰਚ ਜਾਂਦੀ ਹੈ। ਇਸ ਵਾਰਤਾ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਖੇਤੀਬਾੜੀ ਕਰਨ ਵਾਲੇ ਸਾਰੇ ਕਿਸਾਨ ਭਰਾ ਧਰਤੀ ਨਾਲ ਮੋਹ ਕਰਨ ਵਾਲੇ ਤਾਂ ਹੁੰਦੇ ਹਨ, ਪਰ ਧਰਤੀ ਜਿਹਾ ਜੇਰਾ ਵਿਰਲਿਆਂ ਕੋਲ ਹੀ ਹੁੰਦੈ, ਜਿਹੜੇ ਦੁਰਘਟਨਾ ਵਾਂਗ ਵਾਪਰੇ ਕਿਸੇ ਅਚਨਚੇਤੀ ਨੁਕਸਾਨ ਨੂੰ ਅੱਖੋਂ ਪਰੋਖੇ ਕਰਦਿਆਂ ਹੱਸਣ ਦਾ ਹੌਸਲਾ ਰੱਖਦੇ ਨੇ।

ਤਿੰਨ ਕੁ ਕਿੱਲਿਆਂ ਦੀ ਖੇਤੀ ਨਾਲ ਆਪਣਾ ਜੀਵਨ ਨਿਰਬਾਹ ਚਲਾਉਂਦੇ ਮੇਰੇ ਇਕ ਦੋਸਤ ਨੇ ਮੌਸਮ ਦੀ ਖਰਾਬੀ ਦੇਖਦਿਆਂ ਕੰਬਾਈਨ ਨਾਲ ਕਣਕ ਵਢਾਉਣ ਦਾ ਫੈਸਲਾ ਕਰ ਲਿਆ। ਜ਼ਮੀਨ ਥੋੜ੍ਹੀ ਹੋਣ ਕਾਰਨ ਕੋਈ ਵੱਖਰਾ ਖੇਤ ਬੀਜਣ ਦੀ ਥਾਂ, ਉਹ ਬਾਹਰਲੇ ਸਿਆੜਾਂ ਵਿਚ ਹੀ ਸਰ੍ਹੋਂ ਬੀਜ ਲੈਂਦਾ ਹੈ। ਉਹਦੇ ਨਾਲ ਪਰਿਵਾਰ ਦਾ ਸਾਗ-ਪੱਤੇ ਦਾ ਵੀ ਸਰ ਜਾਂਦਾ ਹੈ ਤੇ ਬਾਅਦ ਵਿਚ ਪਕਾਵੀਂ ਰੱਖੀ ਸਰੋਂ ਦਾ ਗੁਜ਼ਾਰੇ ਜੋਗਾ ਤੇਲ ਵੀ ਹੋ ਜਾਂਦਾ ਹੈ। ਕੰਬਾਈਨ ਖੇਤਾਂ ਵਿਚ ਵੜਨ ਤੋਂ ਇਕ ਦਿਨ ਪਹਿਲਾਂ ਉਸ ਨੇ ਸਿਖਰ ਦੁਪਹਿਰੇ ਸਿਆੜ ਸਿਆੜ ਘੁੰਮ ਕੇ ਸਾਰੀ ਸਰ੍ਹੋਂ ਵੱਢ ਲਈ। ਗੱਡੇ ਰੇਹੜੀ 'ਤੇ ਲੱਦ ਕੇ ਸਰ੍ਹੋਂ ਦੀਆਂ ਪੂਲੀਆਂ ਘਰ ਦੇ ਵਿਹੜੇ ਵਿਚ ਲਿਆ ਰੱਖੀਆਂ।

ਇਕ ਦੋ ਦਿਨ ਧੁੱਪ ਲੱਗਣ ਤੋਂ ਬਾਅਦ ਸਰ੍ਹੋਂ ਚੰਗੀ ਤਰ੍ਹਾਂ ਸੁੱਕ ਗਈ। ਉਹਦੇ ਭਾਈਚਾਰੇ ਵਿਚ ਨੂੰਹਾਂ-ਧੀਆਂ ਦੇ ਅਜਿਹੇ ਮਿਹਨਤ-ਮੁਸ਼ੱਕਤ ਵਾਲੇ ਕੰਮ ਖੁਦ ਨਾ ਕਰਨ ਦਾ ਰਿਵਾਜ਼ ਹੋਣ ਕਰ ਕੇ ਉਸ ਨੂੰ ਇਕੱਲੇ ਨੂੰ ਹੀ ਕੜਕਦੀ ਧੁੱਪ ਵਿਚ ਸਰ੍ਹੋਂ ਝਾੜਨੀ ਪਈ। ਹਿੰਮਤੀ ਬੰਦੇ ਨੇ ਕੁੱਟ-ਕੁਟਾਈ, ਛਾਣ-ਛਣਾਈ ਕਰ ਕੇ ਸਰ੍ਹੋਂ ਦਾ ਥੈਲਾ ਭਰ ਲਿਆ। ਸਿਖਰ ਦੁਪਹਿਰੇ ਕੰਮ ਕਰ ਕੇ ਹਾਕਲ-ਬਾਕਲ ਹੋਏ ਨੂੰ ਥਕੇਵਾਂ ਤਾਂ ਭਾਵੇਂ ਹੋ ਗਿਆ ਸੀ, ਪਰ ਸਰ੍ਹੋਂ ਦਾ ਥੈਲਾ ਭਰਿਆ ਦੇਖ ਕੇ ਉਸ ਨੂੰ ਥਕਾਵਟ ਭੁੱਲ ਗਈ। ਝਾੜੀ ਹੋਈ ਸਰ੍ਹੋਂ ਦੀਆਂ ਪੂਲੀਆਂ ਬੰਨ੍ਹ ਬੰਨ੍ਹ ਉਸ ਨੇ ਬਾਲਣ ਵਾਸਤੇ ਪਾਥੀਆਂ ਕੋਲੇ ਖਿੱਤੀ ਲਾ ਦਿੱਤੀ।

ਕੰਮ ਧੰਦਾ ਮੁਕਾਉਣ ਬਾਅਦ ਉਸ ਨੇ ਹਾਲੇ ਪਾਣੀ-ਧਾਣੀ ਹੀ ਪੀਤਾ ਸੀ ਕਿ ਗਲੀ ਵਿਚ ਸਬਜ਼ੀ ਵੇਚਣ ਵਾਲੇ ਨੇ ਹੋਕਾ ਦਿੱਤਾ। ਉਸ ਦੀ ਪਤਨੀ ਫਟਾ-ਫਟ ਫੇਰੀ ਵਾਲੇ ਕੋਲ ਜਾ ਖੜ੍ਹੀ ਹੋਈ। ਉਨ੍ਹਾਂ ਦੇ ਪਿੰਡ ਲਾਗਿਉਂ ਵਗਦੇ ਦਰਿਆ ਕੰਢੇ ਸਬਜ਼ੀਆਂ ਉਗਾਉਣ ਵਾਲੇ ਲਾਗੇ ਲਾਗੇ ਦੇ ਪਿੰਡਾਂ ਵਿਚ ਫੇਰੀ ਲਾ ਕੇ ਵੇਚਦੇ ਨੇ। ਸਾਫ-ਸੁਥਰੀਆਂ ਤਾਜ਼ੀਆਂ ਸਬਜ਼ੀਆਂ ਹੋਣ ਕਰ ਕੇ ਉਨ੍ਹਾਂ ਮਿਹਨਤਕਸ਼ਾਂ ਦੀ ਇਸ ਇਲਾਕੇ ਵਿਚ ਚੰਗੀ ਗਾਹਕੀ ਹੈ।



ਸੁੱਖ ਨਾਲ ਟੱਬਰ ਭਾਰਾ ਹੋਣ ਕਰ ਕੇ ਦੋਸਤ ਦੀ ਪਤਨੀ ਨੇ ਡੇਢ-ਦੋ ਕਿਲੋ ਕਰੇਲੇ ਖਰੀਦ ਲਏ। ਪਰਾਤ ਵਿਚ ਕਰੇਲੇ ਲੈ ਕੇ ਵਿਹੜੇ ਵਿਚ ਵੜਦੀ ਨੇ ਹੀ ਸ੍ਰੀਮਾਨ ਨੂੰ ਹੁਕਮ ਚਾੜ੍ਹ ਦਿੱਤਾ ਕਿ ਕਰੇਲੇ ਹੁਣੇ ਈ ਬਣਾਉਣੇ ਨੇ, ਘਰੇ ਤੇਲ ਹੈ ਨਹੀਂ, ਇਸ ਕਰ ਕੇ ਹੁਣੇ ਜਾ ਕੇ ਘਾਣੀ ਕਢਵਾ ਕੇ ਲਿਆਉ। 'ਸਤਿ ਬਚਨ' ਕਹਿ ਕੇ ਪਤੀ ਜੀ ਨੇ ਹੁਕਮ ਪ੍ਰਵਾਨ ਕਰ ਲਿਆ। ਵਿਹੜੇ ਵਿਚ ਲੱਗੇ ਤੂਤ ਦੀ ਛਾਵੇਂ ਕੱਪੜੇ ਉਤਾਰ ਕੇ ਬੈਠੇ ਨੇ ਮੁੜ ਕਮੀਜ਼-ਪਜਾਮਾ ਪਾਇਆ ਤੇ ਹੁਣੇ ਹੁਣੇ ਹੱਥੀਂ ਛਾਂਟੀ-ਸੁਆਰੀ ਸਰ੍ਹੋਂ ਦਾ ਥੈਲਾ ਸਾਈਕਲ 'ਤੇ ਲੱਦ ਲਿਆ। ਦੁੱਧ ਢੋਣ ਲਈ ਖੁੱਲ੍ਹੇ ਮੂੰਹ ਵਾਲੀ ਵੱਡੀ ਸਾਰੀ ਪਲਾਸਟਿਕ ਦੀ ਡਰੰਮੀ ਵੀ ਤੇਲ ਪਾਉਣ ਲਈ ਕੈਰੀਅਰ ਦੇ ਨਾਲ ਹੀ ਬੰਨ੍ਹ ਲਈ ਤੇ ਉਹ ਪਿੰਡੋਂ ਦੋ ਕੁ ਮੀਲ ਦੂਰ ਪੈਂਦੇ ਕਸਬੇ ਤੋਂ ਘਾਣੀ ਕਢਾਉਣ ਲਈ ਰਵਾਨਾ ਹੋ ਗਿਆ।

ਘਰੇ ਉਸ ਦੀ ਪਤਨੀ ਤੇ ਨੂੰਹਾਂ ਨੇ ਫੁਰਤੀ ਨਾਲ ਮਿਰਚ ਮਸਾਲਾ ਕੁੱਟ ਕਰੇਲਿਆਂ ਦੀ ਛਿੱਲ-ਛਲਾਈ ਕਰ ਕੇ ਚਾਈਂ ਚਾਈਂ ਮਸਾਲੇ ਨਾਲ ਭਰੇ ਕਰੇਲਿਆਂ ਉਤੇ ਧਾਗਾ ਲਪੇਟ ਧੁੱਪੇ ਰੱਖ ਦਿੱਤੇ। ਸ੍ਰੀਮਾਨ ਦੇ ਤੇਲ ਦੀ ਉਡੀਕ ਹੋ ਰਹੀ ਸੀ ਕਿ ਉਸ ਦਾ ਫੋਨ ਆ ਗਿਆ, ਅਖੇ, ਮੇਰੇ ਨਾਲ ਤਾਂ 'ਆਹ ਕੰਮ' ਹੋ ਗਿਐ! ਅੱਠ ਦਸ ਮਿੰਟ ਫੋਨ 'ਤੇ ਵਾਦ-ਵਿਵਾਦ ਕਰ ਕੇ ਖਿਝੀ ਹੋਈ ਪਤਨੀ ਨੇ 'ਆ ਜੋ ਹੁਣ ਘਰ ਨੂੰ' ਕਹਿ ਕੇ ਫੋਨ ਦਾ ਰਿਸੀਵਰ 'ਕੜੱਕ' ਕਰ ਕੇ ਰੱਖ ਦਿੱਤਾ।

ਖਲ ਦੀ ਬੋਰੀ ਪਿੱਛੇ ਬੰਨ੍ਹੀ ਤੇ ਕੈਰੀਅਰ ਨਾਲ ਲਟਕਦੀ ਡਰੰਮੀ ਸਮੇਤ ਮੇਰਾ ਮਿੱਤਰ ਘਰੇ ਆਣ ਵੜਿਆ। ਸਾਰਾ ਟੱਬਰ ਰਾਹ ਦਾ ਵਾਕਿਆ ਸੁਣਨ ਲਈ ਉਹਦੇ ਦੁਆਲੇ ਹੋ ਗਿਆ। ਕੋਈ ਉਸ ਦੀਆਂ ਅਗਲੀਆਂ ਪਿਛਲੀਆਂ ਅਣਗਹਿਲੀਆਂ ਗਿਣਾ ਕੇ ਉਸ ਉਤੇ ਗੁੱਸਾ ਕੱਢ ਰਿਹਾ ਸੀ। ਨੂੰਹਾਂ ਤੇ ਪੋਤੇ-ਪੋਤੀਆਂ 'ਭਾਪਾ ਜੀ' ਵੱਲ ਦੇਖ ਕੇ ਹੱਸੀ ਜਾ ਰਹੇ ਸਨ। ਅੱਗਿਉਂ ਉਹ ਬੇਫਿਕਰੀ ਨਾਲ ਹੱਸਦਿਆਂ ਸਭ ਨੂੰ "ਮੈਂ ਕੀ ਕਰਦਾ ਫੇ" ਕਹੀ ਜਾ ਰਿਹਾ ਸੀ। ਇਤਫ਼ਾਕ ਵੱਸ ਐਨ ਇਸੇ ਮੌਕੇ ਮੈਂ ਉਸ ਨੂੰ ਫੋਨ 'ਤੇ ਆਮ ਵਾਂਗ 'ਕੀ ਕਰਦਾ ਐਂ ਅੱਜ?' ਪੁੱਛ ਲਿਆ। ਕੜਕਦੀ ਧੁੱਪ ਵਿਚ ਸਿਆੜ ਸਿਆੜ ਘੁੰਮ ਕੇ ਸਰੋਂ ਵੱਢਣ ਤੋਂ ਲੈ ਕੇ ਹੱਥੀਂ ਕੁੱਟ-ਕਟਾਈ ਸਾਫ-ਸਫਾਈ ਦੀ ਸਾਰੀ ਕਥਾ ਬਿਆਨਦਿਆਂ ਉਸ ਨੇ ਅੱਜ ਵਾਲਾ ਕਿੱਸਾ ਸੁਣਾ ਦਿੱਤਾ। ਪੂਰੀ ਵਿਥਿਆ ਸੁਣ ਕੇ ਮੈਨੂੰ ਹਾਸਾ ਵੀ ਆਵੇ, ਤੇ ਹੋਏ ਨੁਕਸਾਨ ਨੂੰ ਅਣਡਿੱਠ ਕਰਨ ਦੇ ਉਹਦੇ ਜੇਰੇ 'ਤੇ ਹੈਰਾਨੀ ਵੀ ਹੋਵੇ।

ਸਪੈਲਰ ਤੋਂ ਤੇਲ ਕਢਾਉਣ ਬਾਅਦ ਉਥੇ ਕੰਮ ਕਰਦੇ ਕਾਰਿੰਦਿਆਂ ਨੇ ਖਲ ਥੈਲੇ ਵਿਚ ਪਾ ਕੇ ਉਹਦੇ ਸਾਈਕਲ 'ਤੇ ਰੱਖ ਦਿੱਤੀ ਅਤੇ ਤੇਲ ਵਾਲੀ ਡਰੰਮੀ ਕੈਰ-ਿਅਰ ਨਾਲ ਲਟਕਾ ਕੇ ਨਾਈਲੋਨ ਦੀ ਰੱਸੀ ਨਾਲ ਬੰਨ੍ਹ ਦਿੱਤੀ। ਕਸਬੇ ਵਿਚੋਂ ਨਿਕਲ ਕੇ ਉਹ ਢੋਲੇ ਦੀਆਂ ਗਾਉਂਦਾ ਆਪਣੇ ਪਿੰਡ ਨੂੰ ਆ ਰਿਹਾ ਸੀ। ਥਾਂ ਥਾਂ 'ਤੇ ਖੱਡਿਆਂ-ਟੋਇਆਂ ਵਾਲੀ ਲਿੰਕ ਰੋਡ 'ਤੇ ਸਾਈਕਲ ਚਲਾਉਂਦਾ ਜਦ ਉਹ ਅੱਧੀ ਕੁ ਵਾਟ ਕੱਢ ਆਇਆ ਤਾਂ ਉਸ ਨੇ ਅਚਾਨਕ ਖੜਾਕਾ ਹੋਣ ਦੀ ਆਵਾਜ਼ ਸੁਣੀ। ਪਿੱਛੇ ਮੁੜ ਕੇ ਦੇਖਿਆ ਤਾਂ ਚੌੜ੍ਹੇ-ਖੁੱਲ੍ਹੇ ਮੂੰਹ ਵਾਲੀ ਡਰੰਮੀ ਸੜਕ ਦੇ ਕਿਨਾਰੇ ਨਿਵਾਣ ਵੱਲ ਡਿੱਗੀ ਪਈ ਸੀ। ਉਸ ਦਾ ਢੱਕਣ ਖੁੱਲ੍ਹ ਕੇ ਰਿੜ੍ਹਦਾ ਪਰੇ ਜਾ ਡਿੱਗਾ ਸੀ।

ਕੀਤੀ ਕਰਾਈ ਮਿਹਨਤ ਅੱਖ ਦੇ ਫੋਰ ਵਿਚ ਹੀ ਮਿੱਟੀ ਵਿਚ ਮਿਲ ਜਾਣ 'ਤੇ ਵੀ ਹੱਸਦਿਆਂ ਮੇਰਾ ਦੋਸਤ ਦੱਸ ਰਿਹਾ ਸੀ, "ਜਿੰਨੇ ਚਿਰ ਨੂੰ ਮੈਂ ਸਾਈਕਲ ਖੜ੍ਹਾ ਕੀਤਾ, ਡਰੰਮੀ ਵਿਚੋਂ ਸਰਕਾਰੀ ਟਿਊਬਵੈੱਲ ਦੀ ਮੋਟੀ ਧਾਰ ਵਾਂਗ ਸਾਰਾ ਈ ਤੇਲ ਵੱਗ ਕੇ ਧਰਤੀ ਉਤੇ ਵਿਛ ਗਿਆ।" ਅਚਨਚੇਤ ਹੋਏ ਨੁਕਸਾਨ 'ਤੇ ਹਮਦਰਦੀ ਪ੍ਰਗਟਾਉਂਦਿਆਂ ਮੈਂ ਪੇਂਡੂ ਬੀਬੀਆਂ ਕੋਲੋਂ ਸੁਣਿਆ 'ਵਾਕ' ਬੋਲਿਆ ਕਿ ਚੱਲ ਕੋਈ ਨਾ ਯਾਰ, ਦੇਸੀ ਤੇਲ ਡੁੱਲ੍ਹ ਜਾਵੇ ਤਾਂ ਕਹਿੰਦੇ 'ਗ੍ਰਹੁ' ਟਲ ਜਾਂਦਾ ਐ! ਵਹਿਮਾਂ-ਭਰਮਾਂ ਤੋਂ ਕੋਹਾਂ ਦੂਰ ਰਹਿਣ ਵਾਲੇ ਇਸ ਧਰਤੀ ਪੁੱਤ ਦਾ ਜਿਗਰਾ ਦੇਖੋ, ਮਜ਼ਾਕ ਵਿਚ ਮੈਨੂੰ ਕਹਿੰਦਾ, "ਅੱਛਾ ਜੀ? ਫਿਰ ਐਦਾਂ ਕਰਦਾਂ, ਘਰਦੇ ਕਹਿੰਦੇ ਆ ਕਿ ਪੰਜ ਸੱਤ ਕਿਲੋ ਸਰ੍ਹੋਂ ਹੋਰ ਹੈਗੀ ਆ, ਉਹਦਾ ਵੀ ਤੇਲ ਕਢਾ ਕੇ ਉਥੇ ਹੀ ਡੋਲ੍ਹ ਆਉਨਾਂ ਤਾਂ ਕਿ ਰਹਿੰਦੇ-ਖੂੰਹਦੇ ਗ੍ਰਹੁ ਵੀ 'ਟਲ' ਜਾਣ।"

ਮਸਾਲੇ ਨਾਲ ਭਰੇ-ਭਕੁੰਨੇ ਧੁੱਪੇ ਪਏ ਕਰੇਲਿਆਂ ਦਾ ਕੀ ਬਣਿਆ ਫਿਰ? ਮੇਰੇ ਇਸ ਸਵਾਲ 'ਤੇ ਮੁੜ ਖਿੜ ਖਿੜ ਹੱਸਦਿਆਂ ਉਹ ਬੋਲਿਆ, "ਮੈਂ ਨਿਆਣਿਆਂ ਨੂੰ ਸਮਝਾਇਐ, ਤੇਲ ਤਾਂ ਬੀ੍ਪੀ ਵਧਾਉਂਦਾ ਐ, ਤੁਸੀਂ ਪਾਣੀ ਵਿਚ ਉਬਾਲ ਕੇ ਕਰੇਲੇ ਬਣਾਉ ਐਤਕੀਂ।" ਉਨ੍ਹਾਂ ਦੇ ਘਰ ਮਚੇ ਹਾਸੇ ਦਾ ਸਵਾਦ ਮਾਣਦਿਆਂ ਮੈਂ ਗੱਲ ਹੋਰ ਵਧਾਈ, "ਘਰਵਾਲੀਆਂ ਤਾਂ ਪਤੀਆਂ 'ਤੇ ਬਿਨਾਂ ਵਜ੍ਹਾ ਹੀ ਲੋਹੇ-ਲਾਖੀਆਂ ਹੋਈਆਂ ਰਹਿੰਦੀਆਂ, 'ਭੈਣ ਜੀ' ਤਾਂ ਗੁੱਸੇ ਹੀ ਹੋਣੀ ਐਂ, ਪਰ ਤੇਰੀਆਂ ਨੂੰਹਾਂ ਤੇ ਪੋਤੇ ਪੋਤਰੀਆਂ ਤੇਰੇ ਅੱਜ ਵਾਲੇ 'ਕਾਰਨਾਮੇ' ਬਾਰੇ ਕੀ ਕਹਿੰਦੇ ਨੇ?"

"ਕਹਿਣਾ ਕਿਆ ਐ, ਹੱਸਣ ਡਹੇ ਆ। ਕਹਿੰਦੇ ਆ, ਭਾਪਾ ਜੀ ਨੇ ਚਾੜ੍ਹ'ਤਾ ਚੰਦ ਅੱਜ!"

# ਧਰਤੀ ਰੋਵੇ ਜ਼ਾਰੋ-ਜ਼ਾਰ, ਕੋਈ ਕਰੇ ਨਾ ਇਸ ਨੂੰ ਪਿਆਰ!

ਸੀ ਐੱਨ (ਅੰਤਰ-ਰਾਸ਼ਟਰੀ ਪ੍ਰਕਿਰਤੀ ਸੁਰੱਖਿਆ ਸੰਘ) ਦੀ 'ਰੈੱਡ ਲਿਸਟ' (ਖ਼ਤਰੇ ਦੇ ਨਿਸ਼ਾਨ ਵਾਲੀ ਲਿਸਟ) ਦੇਖੀਏ ਤਾਂ ਪਤਾ ਲੱਗੇਗਾ ਕਿ 2012 ਤੱਕ ਪੌਦਿਆਂ ਦੀਆਂ 121 ਅਤੇ ਜੀਵ-ਜੰਤੂਆਂ ਦੀਆਂ 737 ਪ੍ਰਜਾਤੀਆਂ ਲੱਗਭੱਗ ਖ਼ਤਮ ਹੋ ਗਈਆਂ ਹਨ। ਇਹੋ ਨਹੀਂ, ਜੀਵ- ਜੰਤੂਆਂ ਦੀਆਂ 2261 ਪ੍ਰਜਾਤੀਆਂ ਦੀ ਹੋਂਦ ਖ਼ਤਰੇ 'ਚ ਹੈ। ਆਈ ਯੂ ਸੀ ਐੱਨ ਦੇ ਮੁਤਾਬਕ ਦੁਨੀਆ ਦੀਆਂ ਲੱਗਭੱਗ ਗਿਆਰਾਂ ਫ਼ੀਸਦੀ ਪ੍ਰਜਾਤੀਆਂ ਖ਼ਤਰੇ ਦੇ ਕਗਾਰ 'ਤੇ ਹਨ ਅਤੇ ਇਸ ਸਭ ਦਾ ਵੱਡਾ ਕਾਰਨ ਧਰਤੀ ਦੀਆਂ ਪਰਸਥਿਤੀਆਂ 'ਚ ਬਦਲਾਅ ਦਾ ਆਉਣਾ ਹੈ।

ਹਵਾ ਬਿਨਾਂ ਜੀਵਨ ਸੰਭਵ ਨਹੀਂ ਹੈ। ਵਿਸ਼ਵ ਸਿਹਤ ਸੰਗਠਨ ਦੀ ਤਾਜ਼ਾ ਰਿਪੋਰਟ ਦੇ ਅਨੁਸਾਰ ਦੁਨੀਆ ਦੇ 92 ਫ਼ੀਸਦੀ ਲੋਕ ਕਿਸੇ ਨਾ ਕਿਸੇ ਰੂਪ ਵਿੱਚ ਹਵਾ ਪ੍ਰਦੂਸ਼ਣ ਦੀ ਲਪੇਟ ਵਿੱਚ ਹਨ ਅਤੇ ਹਰ ਵਰ੍ਹੇ 30 ਲੱਖ ਲੋਕ ਇਸ ਦੇ ਕਾਰਨ ਮਰਦੇ ਵੀ ਹਨ। ਇਸੇ ਤਰ੍ਹਾਂ ਦੁਨੀਆ ਦੀਆਂ ਲੱਗਭੱਗ ਅੱਧੀਆਂ ਨਦੀਆਂ ਕਿਸੇ ਨਾ ਕਿਸੇ ਸੰਕਟ ਵਿੱਚੋਂ ਲੰਘ ਰਹੀਆਂ ਹਨ। ਸਾਰੀਆਂ ਚੀਜ਼ਾਂ ਦੀ ਗੁਣਵੱਤਾ ਅਤੇ ਮਾਤਰਾ ਤੇਜ਼ੀ ਨਾਲ ਘਟ ਰਹੀ ਹੈ। ਸਾਡੇ ਦੇਸ਼ ਦੀਆਂ 70 ਫ਼ੀਸਦੀ ਤੋਂ ਜ਼ਿਆਦਾ ਨਦੀਆਂ ਮਰਨ ਕੰਢੇ ਹਨ। ਅੰਤਰ-ਰਾਸ਼ਟਰੀ ਜਲ ਸੰਸਾਧਨ ਦੇ ਅਨੁਸਾਰ ਲੱਗਭੱਗ 1.2 ਅਰਬ ਲੋਕ ਭੌਤਿਕ ਤੌਰ 'ਤੇ ਪਾਣੀ ਦੇ ਸੰਕਟ ਵਿੱਚ ਹਨ ਅਤੇ 1.6 ਅਰਬ ਲੋਕ ਆਰਥਿਕ ਤੌਰ 'ਤੇ ਪਾਣੀ ਦੇ ਸੰਕਟ 'ਚ ਹਨ ਅਤੇ ਇਹ ਸੰਖਿਆ ਦਿਨੋ-ਦਿਨ ਵਧਦੀ ਜਾ ਰਹੀ ਹੈ। ਦੁਨੀਆ 'ਚ ਅੱਜ ਵੀ 78 ਕਰੋੜ ਲੋਕ ਸ਼ੁੱਧ ਪਾਣੀ ਤੋਂ ਵਿਰਵੇ ਹਨ। ਲੱਗਭੱਗ 25 ਲੱਖ ਲੋਕਾਂ ਦੀ ਮੌਤ ਪ੍ਰਦੂਸ਼ਤ ਪਾਣੀ ਨਾਲ ਹੁੰਦੀ ਹੈ। ਮਿੱਟੀ ਦਾ ਵੀ ਬੁਰਾ ਹਾਲ ਹੈ। ਪਿਛਲੇ ਡੇਢ ਸੌ ਸਾਲਾਂ ਵਿੱਚ 50 ਪ੍ਰਤੀਸ਼ਤ ਧਰਤੀ ਦੀ ਸਤਹ ਦੀ ਮਿੱਟੀ ਨੂੰ ਖੋਰਾ ਲੱਗਿਆ ਹੈ, ਜਿਸ ਦੀ ਮਾਤਰਾ 75 ਅਰਬ ਟਨ ਹੈ। ਮਿੱਟੀ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਲਈ ਹਰ ਕਿਸਮ ਦੇ ਬਨਾਉਟੀ ਤੱਤਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਸਾਡੇ ਸਾਰਿਆਂ ਲਈ ਹਾਨੀਕਾਰਕ ਸਿੱਧ ਹੋ ਰਹੇ ਹਨ।

ਇਨ੍ਹਾਂ ਵਿਗੜਦੀਆਂ ਹਾਲਤਾਂ ਵਿੱਚ ਇੱਕ ਸੰਵੇਦਨਸ਼ੀਲ ਅਮਰੀਕੀ ਸਾਂਸਦ ਨੇ ਕਲਪਨਾ ਕਰ ਕੇ ਇਹ ਯਾਦ ਕਰਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਧਰਤੀ ਸਾਡਾ ਧਿਆਨ ਆਪਣੇ ਵਿਗੜਦੇ ਹਾਲਾਤ ਵੱਲ ਖਿੱਚਣਾ ਚਾਹੁੰਦੀ ਹੈ। ਇਸ ਵੱਡੀ ਪਹਿਲ ਲਈ ਦੁਨੀਆ ਦੇ 177 ਦੇਸ਼ ਸਿਰਫ਼ 'ਧਰਤੀ ਦਿਹਾੜਾ' ਜਾਂ ਹੋਰ ਦਿਹਾੜੇ ਮਨਾਉਣ ਦੀ ਖਾਨਾਪੂਰੀ ਕਰਨ ਦਾ ਫਰਜ਼ ਨਿਭਾਉਂਦੇ ਹਨ, ਪਰ ਹਾਲਾਤ ਟੱਸ ਤੋਂ ਮੱਸ ਨਹੀਂ ਹੁੰਦੇ, ਉਵੇਂ ਹੀ ਬਣੇ ਹੋਏ ਹਨ। ਸਾਡੇ ਵਿਕਾਸ ਦੇ ਸਾਰੇ ਕੰਮ ਹਵਾ, ਮਿੱਟੀ, ਪਾਣੀ, ਜੰਗਲ ਅਤੇ ਆਕਾਸ਼ ਸਭ ਨੂੰ ਬਰਬਾਦ ਕਰਨ ਦਾ ਕਾਰਨ ਬਣ ਰਹੇ ਹਨ, ਤਾਂ ਇਹੋ ਜਿਹੇ ਹਾਲਾਤ 'ਚ ਇੱਕ ਦਿਨ ਧਰਤੀ ਦਾ ਬੰਜਰ ਹੋਣਾ ਲਾਜ਼ਮੀ ਹੈ, ਕਿਉਂਕਿ ਇਨ੍ਹਾਂ ਸਭਨਾਂ ਉੱਤੇ ਚੋਟ ਦਾ ਸਿੱਧਾ ਅਰਥ ਆਪਣੀ ਹੀ ਜਾਨ ਨੂੰ ਜੋਖ਼ਿਮ 'ਚ ਪਾਉਣਾ ਹੈ ਅਤੇ ਖ਼ੁਦਕੁਸ਼ੀ ਕਰਨਾ ਹੈ। ਹੁਣ ਵਾਤਾਵਰਣ ਚਿੰਤਕ ਵਿਕਾਸ ਦੇ ਨਾਮ ਉੱਤੇ ਹੋਣ ਵਾਲੇ ਹਰ ਕਿਸਮ ਦੇ ਕੰਮਾਂ ਨੂੰ ਰੋਕ ਦੇਣ ਲਈ ਉਤਾਰੂ ਹਨ। ਦੂਜੇ ਪਾਸੇ ਸਰਕਾਰ ਅਤੇ ਉਸ ਦੇ ਨੀਤੀਕਾਰ ਇਸ ਗੱਲ ਨੂੰ ਮੰਨਣ ਨੂੰ ਤਿਆਰ ਹੀ ਨਹੀਂ ਹਨ। ਅਤੇ ਫਿਰ ਬਹਿਸ ਦੀ ਦਿਸ਼ਾ ਵਿਕਾਸ ਬਨਾਮ ਵਾਤਾਵਰਣ/ ਧਰਤੀ 'ਤੇ ਟਿੱਕ ਜਾਂਦੀ ਹੈ। ਸੱਚ ਤਾਂ ਇਹ ਹੈ ਕਿ ਸਾਨੂੰ ਦੋਹਾਂ ਤਰ੍ਹਾਂ ਦੇ ਫਜ਼ੂਲ ਵਿਵਾਦ ਤੋਂ ਬਚਣਾ ਹੋਵੇਗਾ। ਸੁਰੱਖਿਅਤ ਧਰਤੀ ਅਤੇ ਇਸ ਦਾ ਵਾਤਾਵਰਣ ਵੀ ਚਾਹੀਦਾ ਹੈ, ਤਾਂ ਬਿਹਤਰ ਜੀਵਨ ਦੇ ਸਾਰੇ ਰਸਤੇ ਬਣਾਉਣੇ ਹੋਣਗੇ।



**ਧਰਤੀ ਜਿਉਣ ਦਾ ਸਾਧਨ ਹੈ, ਨਾ ਕਿ ਵਿਲਾਸਤਾਵਾਂ ਦਾ। ਇਸ ਨੂੰ ਸਿਰਫ਼ ਜ਼ਰੂਰਤਾਂ ਲਈ ਹਵਸ ਦਾ ਸ਼ਿਕਾਰ ਬਣਾਉਣਾ ਅਨਰਥ ਹੋਵੇਗਾ। ਅਸੀਂ ਧਰਤੀ ਨੂੰ ਆਰਥਿਕ ਵਿਕਾਸ ਦਾ ਮੰਚ ਸਮਝਿਆ ਹੈ ਅਤੇ ਜੀ ਡੀ ਪੀ ਦੀ ਚਮਕ ਵਿੱਚ ਅਸੀਂ ਇਸ ਦੇ ਸ਼ੋਸ਼ਣ ਵਿੱਚ ਜੁੱਟੇ ਹੋਏ ਹਾਂ, ਕਿਉਂਕਿ ਵਿਗੜਦੇ ਵਾਤਾਵਰਣ ਦਾ ਬਿਉਰਾ ਦੇਣ ਵਾਲਾ ਕੋਈ ਸੰਕੇਤਕ ਪੈਮਾਨਾ ਸਾਡੇ ਕੋਲ ਨਹੀਂ ਹੈ। ਜੀ ਡੀ ਪੀ ਬਾਰੇ ਭਰਮਾਂ 'ਚ ਪਈਆਂ ਸਰਕਾਰਾਂ ਅਤੇ ਸਮਾਜ ਨੂੰ ਜੀਣ ਦੇ ਰਸਤੇ ਯਾਦ ਕਰਾਉਣ ਦੀ ਲੋੜ ਹੈ, ਜਿਹੜੇ ਹਵਾ, ਪਾਣੀ ਅਤੇ ਧਰਤੀ ਦੀ ਬਿਹਤਰੀ 'ਤੇ ਟਿਕੇ ਹੋਏ ਹਨ ਅਤੇ ਇਸ ਦੇ ਲਈ ਜੀ ਡੀ ਪੀ ਦੇ ਸਮਾਂਤਰ ਜੀ ਈ ਪੀ (ਗਰੌਸ ਇਨਵਾਇਰਨਮੈਂਟ ਪ੍ਰੋਡਕਸ਼ਨ) ਜਿਹੇ ਸੰਕੇਤਕ ਪੈਮਾਨੇ ਅਪਨਾਉਣੇ ਪੈਣਗੇ, ਤਾਂ ਕਿ ਅੱਛੀ ਹਵਾ, ਸ਼ੁੱਧ ਪਾਣੀ ਹੀ ਪਹਿਲ ਬਣੀ ਰਹੇ।**

ਅਸਲ 'ਚ ਅਸੀਂ ਗੰਭੀਰ ਬਹਿਸ ਤੋਂ ਵਾਰ-ਵਾਰ ਕਤਰਾਉਂਦੇ ਹਾਂ ਕਿ ਸਾਡੇ ਵਿਕਾਸ ਦੀ ਸੀਮਾ ਕੀ ਹੋਵੇ, ਤਾਂ ਕਿ ਉਸ ਤੋਂ ਅੱਗੇ ਨੀਤੀ ਜਾਂ ਯੋਜਨਾਕਾਰ ਨਾ ਸੋਚਣ। ਵਾਤਾਵਰਣ ਪ੍ਰੇਮੀ ਇਸ ਸੀਮਾ ਤੱਕ ਨੀਤੀਕਾਰਾਂ ਦਾ ਸਾਥ ਦਿੰਦਿਆਂ ਸੁਰੱਖਿਆ ਦੇ ਢੰਗ-ਤਰੀਕਿਆਂ ਨੂੰ ਵੀ ਇਸ ਨਾਲ ਜੋੜ ਦੇਂਦੇ ਹਨ। ਅਸਲ ਵਿੱਚ ਝਗੜੇ ਦੀਆਂ ਮੌਜੂਦਾ ਹਾਲਤਾਂ ਨੇ ਬਹੁਤ ਸਾਰੇ ਜਨਹਿੱਤ ਦੇ ਫ਼ੈਸਲਿਆਂ ਨੂੰ ਅਟਕਾ ਦਿੱਤਾ ਹੈ।

ਦੂਸਰਾ ਵੱਡਾ ਸਵਾਲ, ਜੋ ਜ਼ਿਆਦਾ ਗੰਭੀਰ ਹੈ, ਕਿ ਦੁਨੀਆ ਦੀ ਅੱਧੀ ਆਬਾਦੀ ਹੁਣ ਵੀ ਵਿਕਾਸ ਦੀ ਨਵੀਂ ਰੌਸ਼ਨੀ ਤੋਂ ਵੰਚਿਤ ਹੈ। ਅਸੀਂ ਨਵੀਂਆਂ-ਨਵੀਂਆਂ ਖੋਜਾਂ ਨਾਲ ਪਹਿਲਾਂ ਹੀ ਵੱਡੇ ਠਾਠ-ਬਾਠ ਨਾਲ ਰਹਿ ਰਹੀ ਆਬਾਦੀ ਨੂੰ ਹੋਰ ਰਿਝਾਉਣ 'ਤੇ ਲੱਗੇ ਹੋਏ ਹਾਂ, ਜਦੋਂ ਕਿ ਇੱਕ ਵੱਡਾ ਤਬਕਾ ਅੱਜ ਵੀ ਮੁੱਢਲੀਆਂ ਲੋੜਾਂ ਤੋਂ ਦੂਰ ਹੈ। ਨੀਤੀਕਾਰਾਂ ਅਤੇ ਵਾਤਾਵਰਣ ਚਿੰਤਕਾਂ ਨੂੰ ਇਨ੍ਹਾਂ ਦੇ ਹੱਕਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ, ਤਾਂ ਕਿ ਉਨ੍ਹਾਂ ਨੂੰ ਬਿਹਤਰ ਜੀਵਨ ਮਿਲ ਸਕੇ ਅਤੇ ਇਸ ਖ਼ਾਸ ਵਰਗ ਦੇ ਵਿਲਾਸਤਾ ਦੇ ਵਧਦੇ ਅੰਨ੍ਹੇਵਾਹ ਰੁਝਾਨਾਂ ਉੱਤੇ ਰੋਕ ਲੱਗ ਸਕੇ। ਧਰਤੀ ਸਭ ਦੀ ਹੈ ਅਤੇ ਇਹ ਸਾਰਿਆਂ ਨੂੰ ਬਰਾਬਰ ਦਾ ਜੀਵਨ ਜਿਉਣ ਦਾ ਹੱਕ ਦਿੰਦੀ ਹੈ। ਇਹ ਮਨੁੱਖ ਰਾਹੀਂ ਬਣਾਈ ਕੋਈ ਨਾ-ਬਰਾਬਰੀ ਹੈ, ਜਿਸ ਵਿੱਚ ਮੁੱਠੀ ਭਰ ਲੋਕ ਆਪਣੇ ਸੁੱਖਾਂ ਲਈ ਬਾਕੀ ਲੋਕਾਂ ਦਾ ਤ੍ਰਿਸਕਾਰ ਕਰਦੇ ਹਨ। ਜੇਕਰ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਨੂੰ ਬਚਾਅ ਕੇ ਰੱਖਣਾ ਹੈ ਤਾਂ ਵਿਕਾਸ ਦੀ ਇੱਕ ਇਹੋ ਜਿਹੀ ਰੇਖਾ ਖਿੱਚਣੀ ਪਵੇਗੀ ਕਿ ਧਰਤੀ ਉੱਤੇ ਰਹਿਣ ਵਾਲੇ ਮਨੁੱਖਾਂ ਦਾ ਭਵਿੱਖ ਸੁਰੱਖਿਅਤ ਰਹੇ। ਕੁਝ ਸਮੇਂ ਤੋਂ ਸਾਨੂੰ ਧਰਤੀ ਦੇ ਵਿਹਾਰ ਦੇ ਸੰਕੇਤ ਮਿਲ ਰਹੇ ਹਨ। ਸਮੇਂ ਤੋਂ ਪਹਿਲਾਂ ਅੱਤ ਦੀ ਗਰਮੀ, ਸਰਦੀ ਵਿੱਚ ਹੜ੍ਹ, ਮਾਨਸੂਨ ਦੇ ਮੌਸਮ ਦੌਰਾਨ ਸੋਕਾ,- ਇਹ ਸਾਰਾ ਕੁਝ ਧਰਤੀ ਦੀ ਪੀੜ ਦੇ ਚਿੰਨ੍ਹ ਹਨ। ਇਹ ਪੂਰੀ ਦੁਨੀਆ 'ਚ ਹੋ ਰਿਹਾ ਹੈ। ਮਤਲਬ ਸਾਫ਼ ਹੈ ਕਿ ਧਤਰੀ ਜਿਉਣ ਦਾ ਸਾਧਨ ਹੈ, ਨਾ ਕਿ ਵਿਲਾਸਤਾਵਾਂ ਦਾ। ਇਸ ਨੂੰ ਸਿਰਫ਼ ਜ਼ਰੂਰਤਾਂ ਲਈ ਹਵਸ ਦਾ ਸ਼ਿਕਾਰ ਬਣਾਉਣਾ ਅਨਰਥ ਹੋਵ-ਗਾ। ਅਸੀਂ ਧਰਤੀ ਨੂੰ ਆਰਥਿਕ ਵਿਕਾਸ ਦਾ ਮੰਚ ਸਮਝਿਆ ਹੈ ਅਤੇ ਜੀ ਡੀ ਪੀ ਦੀ ਚਮਕ ਵਿੱਚ ਅਸੀਂ ਇਸ ਦੇ ਸ਼ੋਸ਼ਣ ਵਿੱਚ ਜੁੱਟੇ ਹੋਏ ਹਾਂ, ਕਿਉਂਕਿ ਵਿਗੜਦੇ ਵਾਤਾਵਰਣ ਦਾ ਬਿਉਰਾ ਦੇਣ ਵਾਲਾ ਕੋਈ ਸੰਕੇਤਕ ਪੈਮਾਨਾ ਸਾਡੇ ਕੋਲ ਨਹੀਂ ਹੈ। ਜੀ ਡੀ ਪੀ ਬਾਰੇ ਭਰਮਾਂ 'ਚ ਪਈਆਂ ਸਰਕਾਰਾਂ ਅਤੇ ਸਮਾਜ ਨੂੰ ਜੀਣ ਦੇ ਰਸਤੇ ਯਾਦ ਕਰਾਉਣ ਦੀ ਲੋੜ ਹੈ, ਜਿਹੜੇ ਹਵਾ, ਪਾਣੀ ਅਤੇ ਧਰਤੀ ਦੀ ਬਿਹਤਰੀ 'ਤੇ ਟਿਕੇ ਹੋਏ ਹਨ ਅਤੇ ਇਸ ਦੇ ਲਈ ਜੀ ਡੀ ਪੀ ਦੇ ਸਮਾਂਤਰ ਜੀ ਈ ਪੀ (ਗਰੌਸ ਇਨਵਾਇਰਨਮੈਂਟ ਪ੍ਰੋਡਕਸ਼ਨ) ਜਿਹੇ ਸੰਕੇਤਕ ਪੈਮਾਨੇ ਅਪਨਾਉਣੇ ਪੈਣਗੇ, ਤਾਂ ਕਿ ਅੱਛੀ ਹਵਾ, ਸ਼ੁੱਧ ਪਾਣੀ ਹੀ ਪਹਿਲ ਬਣੀ ਰਹੇ। ਜਦੋਂ ਤੱਕ ਧਰਤੀ ਆਪਣੀ ਮੌਲਿਕ ਧੁਰੀ ਉੱਤੇ ਨਹੀਂ ਘੁੰਮਦੀ ਰਹੇਗੀ, ਤਦ ਤੱਕ ਭੌਤਿਕ ਸੁਖ ਟਿਕਾਊ ਨਹੀਂ ਹੋ ਸਕਦੇ।

# ਕਿਵੇਂ ਲਿਖੀ ਜਾਵੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਜੀਵਨ-ਕਥਾ

ਮੁੰਡਿਆਂ ਨਾਲ ਉਹਨਾਂ ਦੀ ਕੋਈ ਖ਼ਾਸ ਸਾਂਝ ਨਹੀਂ ਸੀ। ਉਹਨਾਂ ਦੀ ਅਵਸਥਾ ਕੁਝ ਇਸ ਤਰ੍ਹਾਂ ਦੀ ਸੀ,

ਸਾਚ ਨਾਮੁ ਮੇਰੇ ਮਨੁ ਲਾਗਾ॥ ਲੋਗਨ ਸਿਉ ਮੇਰਾ ਠਾਠਾ ਬਾਗਾ॥

ਉਹ ਹੱਸਦੇ ਖੇਡਦੇ ਜ਼ਰੂਰ ਸਨ ਪਰ ਭੀੜ ਵਿੱਚ ਰਹਿ ਕੇ ਵੀ ਇੱਕਲੇ ਹੀ ਹੁੰਦੇ ਸਨ, ਜਿਵੇਂ ਕੋਈ ਵੱਡੇ ਕੰਮ ਉਹਨਾਂ ਦੀ ਉਡੀਕ ਕਰ ਰਹੇ ਹੋਣ। ਉਂਝ ਕਿਸੇ ਵੱਡੇ ਕੰਮ ਦੀ ਕਨਸੋਅ ਉਹਨਾਂ ਨੂੰ ਵੀ ਕਦੇ ਕਦੇ ਹੁੰਦੀ ਸੀ। ਪਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਅਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਦੀ ਦਿੱਬ-ਦ੍ਰਿਸ਼ਟੀ ਨੂੰ ਆਉਣ ਵਾਲੇ ਕੱਲ੍ਹ ਦਾ ਅਗਾਊਂ ਹੀ ਅਨੁਮਾਨ ਸੀ।

### ਬਚਪਨ ਤੇ ਜਵਾਨੀ ਦੇ ਸਫਰ ਦੀ ਇਕ ਪ੍ਰਮਾਣਿਕ ਗਵਾਹੀ

ਸੰਤ ਜਰਨੈਲ ਸਿੰਘ ਜੀ ਦੇ ਵੱਡੇ ਭਰਾ ਸ.ਵੀਰ ਸਿੰਘ ਜੀ ਦੇ ਮੂੰਹੋ ਉਚਰੇ ਸ਼ਬਦ ਸਾਨੂੰ ਸੱਚ ਦੇ ਵਧੇਰੇ ਨਜ਼ਦੀਕ ਪ੍ਰਤੀਤ ਹੁੰਦੇ ਹਨ। ਉਹਨਾਂ ਦੇ ਕਹਿਣ ਅਨੁਸਾਰ 'ਕਿਤਾਬ ਬੜੀ ਛੇਤੀ ਯਾਦ ਕਰ ਲੈਂਦੇ ਹਨ...ਨਿਡਰ ਰਹਿੰਦੇ ਸਨ, ਨਾ ਹੀ ਡਰਾਉਂਦੇ ਸਨ.... ਪਰ ਬਹੁਤਾ ਸਮਾਂ ਗੰਭੀਰ ਹੀ ਰਹਿੰਦੇ ਸਨ....ਚਮਕੀਲੇ ਤੇ ਤੜਕ-ਬੜਕ ਵਾਲੇ ਕੱਪੜੇ ਪਾਉਂਦੇ ਮੈਂ ਕਦੇ ਨਹੀਂ ਵੇਖੇ....ਸਰੀਰ ਦੀ ਬਹੁਤ ਸੰਭਾਲ ਕਰਦੇ ਸਨ...ਖ਼ੁਰਾਕ ਬਹੁਤ ਪਚਾ ਲੈਂਦੇ ਸਨ..... ਅੱਧਾ ਕਿਲੋ ਘਿਉ ਤੇ ਗੁੜ ਬੈਠੇ-ਬੈਠੇ ਹੀ ਖਾ ਜਾਂਦੇ ਸਨ....ਡੌਲਿਆਂ ਵਿਚ ਚੂੰਢੀ ਭਰਨੀ ਮੁਸ਼ਕਿਲ ਸੀ.....ਬਾਣੀ ਨਾਲ ਓੜਕਾਂ ਦਾ ਪਿਆਰ ਸੀ....ਦਿਨ ਚੜ੍ਹਦੇ ਨੂੰ ਪੰਜ ਬਾਣੀਆਂ ਦਾ ਪਾਠ ਹੋ ਚੁੱਕਾ ਹੁੰਦਾ ਸੀ....ਫਿਰ ਜਪੁਜੀ ਸਾਹਿਬ ਦੇ ਪਾਠਾਂ ਦਾ ਸਿਲਸਿਲਾ ਆਰੰਭ ਹੋ ਜਾਂਦਾ ਸੀ....ਕਈ ਕਈ ਦਿਨ ਰੋਜ਼ਾਨਾ 25 ਪਾਠ ਜਪੁਜੀ ਸਾਹਿਬ ਦੇ ਕਰ ਲੈਂਦੇ ਸਨ.....ਮੈਂ ਢਾਈ ਸਾਲ ਤੱਕ ਇਹ ਸਿਲਸਿਲਾ ਖ਼ੁਦ ਵੇਖਦਾ ਰਿਹਾ ਹਾ ਤੇ ਇਹ ਸਭ ਕੁਝ 16-17 ਸਾਲਾਂ ਦੀ ਉਮਰ ਤੋਂ ਪਹਿਲਾਂ-ਪਹਿਲਾਂ ਹੀ ਹੋ ਗਿਆ ਸੀ...।' 'ਟਕਸਾਲ ਵਿਚ ਜਾਣ ਤੋਂ ਪਹਿਲਾਂ ਹੀ ਪੰਜ ਗ੍ਰੰਥੀ ਉਹਨਾਂ ਨੂੰ ਜ਼ੁਬਾਨੀ ਯਾਦ ਸੀ...ਹਰ ਮਹੀਨੇ ਇਕ ਸਹਿਜ ਪਾਠ ਦਾ ਭੋਗ ਪਾਉਂਦੇ....ਅੱਧੀ-ਅੱਧੀ ਰਾਤ ਉੱਠਦੇ...ਕਈ ਕਈ ਘੰਟੇ ਚੌਂਕੜਾ ਮਾਰ ਕੇ ਵਾਹਿਗੁਰੂ ਦੀ ਯਾਦ ਵਿਚ ਭਜਨ ਕਰਦੇ ਰਹਿੰਦੇ....ਖੇਤੀ ਦੇ ਕੰਮ ਵਿਚ ਕਦੇ ਪਿੱਛੇ ਨਹੀਂ ਸਨ ਰਹਿੰਦੇ...ਇਕ ਹੱਥ ਹਲ ਦੇ ਮੁੰਨੇ ਉੱਤੇ, ਦੂਜੇ ਹੱਥ ਵਿਚ ਪਰਾਣੀ ਅਤੇ ਮੁੱਖ ਤੋਂ ਕਦੇ ਜਪੁਜੀ, ਕਦੇ ਸੁਖਮਨੀ ਅਤੇ ਕਦੇ ਸ਼ਬਦਾਂ ਦਾ ਜਾਪ ਲਗਾਤਾਰ ਜਾਰੀ ਰਹਿੰਦਾ....ਉਂਝ ਟਕਸਾਲ ਵਿਚ ਜਾਣ ਤੋਂ ਪਿੱਛੋਂ ਸੰਤ ਗੁਰਬਚਨ ਸਿੰਘ ਜੀ ਹਾੜੀ-ਸਾਉਣੀ ਅਤੇ ਫ਼ਸਲ ਦੀ ਕਟਾਈ ਤੇ ਬਿਜਾਈ ਵੇਲੇ ਸੰਤਾਂ ਨੂੰ ਪਿੰਡ ਭੇਜ ਦਿਆ ਕਰਦੇ ਸਨ....ਇਕੱਲੇ ਹੀ ਅੱਧਾ ਕਿੱਲਾ ਨਰਮਾ ਕਹੀ ਨਾਲ ਗੁੱਡ ਲੈਂਦੇ....ਕਿੱਲਾ ਕਣਕ ਦਾ ਵੱਢ ਕੇ ਔਹ ਮਾਰਦੇ....ਕਈ ਵਾਰ ਖੇਤ ਵਿਚ ਹੀ ਰੋੜਾਂ ਵਾਲੀ ਧਰਤੀ ਉੱਤੇ ਚੌਕੜੀ ਮਾਰ ਕੇ ਸਾਰੀ-ਸਾਰੀ ਰਾਤ ਵਾਹਿਗੁਰੂ ਦੀ ਯਾਦ ਵਿਚ ਲੰਘਾ ਦਿੰਦੇ....ਪਰ ਬਹੁਤਾ ਗੁਪਤ ਰਹਿੰਦੇ....ਤੇ ਘੱਟ ਹੀ ਕਿਸੇ ਨਾਲ ਬੋਲਦੇ।....ਮੈਂ ਜੋ ਕੁਝ ਕਹਿ ਰਿਹਾ ਹਾਂ ਇਹ ਕੋਈ ਬਨਾਵਟੀ ਗੱਲ ਨਹੀਂ ਕਰ ਰਿਹਾ, ਇਹ ਸਭ ਕੁਝ ਮੈਂ ਅੱਖੀਂ ਵੇਖਿਆਂ ਹੈ।' 19 ਸਾਲ ਦੀ ਉਮਰ ਵਿਚ ਉਹਨਾਂ ਦਾ ਆਨੰਦ ਕਾਰਜ ਬੀਬੀ ਪ੍ਰੀਤਮ ਕੌਰ ਸਪੁੱਤਰੀ ਸ.ਸੁੱਚਾ ਸਿੰਘ ਬਿਲਾਸਪੁਰ ਵਾਸੀ ਨਾਲ ਹੋਇਆ। 1971 ਵਿਚ ਪਹਿਲੇ ਪੁੱਤਰ ਸ.ਈਸ਼ਰ ਸਿੰਘ ਦਾ ਅਤੇ 1975 ਵਿਚ ਦੂਜੇ ਪੁੱਤਰ ਸ.ਇੰਦਰਜੀਤ ਸਿੰਘ ਦਾ ਜਨਮ ਹੋਇਆ। ਪਿੰਡ ਵਿਚ ਬੋਲੀਆਂ, ਕਲੀਆਂ ਤੇ ਗੀਤਾਂ ਦੀ ਹੇਕ ਲਾਉਣ ਵਾਲੇ ਅੱਲੜ੍ਹ ਨੌਜਵਾਨ ਵੀ (ਸੰਤ) ਜਰਨੈਲ ਸਿੰਘ ਨੂੰ ਦੂਰੋਂ ਹੀ ਆਉਂਦਿਆਂ ਵੇਖ ਕੇ ਆਪਣੇ ਸਾਥੀਆਂ ਨੂੰ ਇੰਝ ਕਹਿੰਦੇ, ਯਾਰ ਚੁੱਪ ਕਰੋ, ਜਰਨੈਲ ਸਿੰਘ ਆਉਂਦਾ ਜੇ, ਕੀ ਆਖੇਗਾ। -ਚੱਲਦਾ

### ਸਿੱਖ ਇਤਿਹਾਸ ਦਾ ਸੁਨਹਿਰੀ ਕਾਂਡ

ਤੇ ਫਿਰ ਇਕ ਦਿਨ ਉਹ ਕੁਝ ਵਾਪਰ ਗਿਆ, ਜਿਸ ਨੇ ਸਿੱਖ ਇਤਿਹਾਸ ਦਾ ਇਕ ਸੁਨਿਹਰੀ ਕਾਂਡ ਬਣਨਾ ਸੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਚਰਨ ਪਿੰਡ ਰੋਡੇ ਵਿਚ ਪਏ। ਉਂਝ ਸੰਗਤਾਂ ਦੀ ਜਾਣਕਾਰੀ ਲਈ ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਮਹਾਨ ਤਪਸੱਵੀ ਅਤੇ ਦਮਦਮੀ ਟਕਸਾਲ ਦੇ ਉਸ ਸਮੇਂ ਦੇ ਮੁੱਖੀ ਪਿੰਡ ਰੋਡੇ ਵਿਚ ਹਰ ਫੱਗਣ ਦੇ ਮਹੀਨੇ ਆਉਂਦੇ ਅਤੇ ਪੂਰਾ ਮਹੀਨਾ ਕਥਾ-ਕੀਰਤਨ ਦਾ ਪ੍ਰਵਾਹ ਚੱਲਦਾ। ਇਹ ਪ੍ਰਵਾਹ 20 ਸਾਲ ਚੱਲਦਾ ਰਿਹਾ। ਸੰਤ ਗਿਆਨੀ ਗੁਰਬਚਨ ਸਿੰਘ ਜੀ ਦੀ ਬਾਪੂ ਜੋਗਿੰਦਰ ਸਿੰਘ ਨਾਲ ਉਸ ਸਮੇਂ ਜੋ ਗੱਲਬਾਤ ਹੋਈ, ਉਹ ਵੀ ਇਸੇ ਹੀ ਪਿੰਡ ਵਿਚ ਫੱਗਣ ਦੇ ਮਹੀਨੇ ਦੇ ਸਮਾਗਮ ਦੌਰਾਨ ਹੋਈ, ਜੋ ਇਸ ਤਰ੍ਹਾਂ ਦੱਸੀ ਜਾਂਦੀ ਹੈ,

"ਕਿੰਨੇ ਭੁਝੰਗੀ ਹਨ ਭਾਈ ਜੋਗਿੰਦਰ ਸਿੰਆਂ?"

"ਜੀ, ਸੱਤ।"

"ਫੇਰ ਇਕ ਸਾਨੂੰ ਦੇ ਦਿਓ।"

ਕੁਝ ਚਿਰ ਲਈ ਮਾਹੌਲ ਵਿਚ ਖ਼ਾਮੋਸ਼ੀ ਛਾ ਗਈ ਪਰ ਛੇਤੀ ਹੀ ਬਾਪੂ ਜੋਗਿੰਦਰ ਸਿੰਘ ਹੁਰਾਂ ਇਸ ਚੁੱਪ ਨੂੰ ਤੋੜਦਿਆਂ ਕਿਹਾ ਕਿ ਜਿਹੜਾ ਮਰਜ਼ੀ ਲੈ ਲਓ। ਉਸ ਸਮੇਂ (ਸੰਤ) ਜਰਨੈਲ ਸਿੰਘ ਸਮੇਤ ਬਾਪੂ ਜੋਗਿੰਦਰ ਸਿੰਘ ਜੀ ਦੇ ਤਿੰਨ ਪੁੱਤਰ ਸੰਤ ਗੁਰਬਚਨ ਸਿੰਘ ਦੇ ਸਾਹਮਣੇ ਖੜ੍ਹੇ ਸਨ। ਉਹਨਾਂ ਨੇ ਇਕ ਭਰਵੀਂ ਦੇ ਡੂੰਘੀ ਸਦ-ਜਾਗਤ ਨਿਗਾਹ ਤਿੰਨਾਂ 'ਤੇ ਸੁੱਟੀ 'ਤੇ ਫਿਰ ਇਹ ਨਿਗਾਹ ਕਿੰਨਾ ਚਿਰ ਜਰਨੈਲ ਸਿੰਘ 'ਤੇ ਹੀ ਟਿਕੀ ਰਹੀ, ਜੋ ਬਾਪੂ ਜੋਗਿੰਦਰ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਸਨ। ਬੱਸ, ਦਿੱਬ-ਦ੍ਰਿਸ਼ਟੀ, ਨੇ ਚੋਣ ਕਰ ਲਈ ਸੀ ਤੇ ਇੰਝ ਸਿੱਖ ਇਤਿਹਾਸ ਦਾ ਇਕ ਅਨਮੋਲ ਹੀਰਾ 'ਸੰਤ', 'ਜਰਨੈਲ' ਅਤੇ 'ਸਿੰਘ' ਦੇ ਗੁਣਾਂ ਵਿਚ ਪ੍ਰਬੀਨ ਹੋਣ ਲਈ ਅਤੇ ਸਿੱਖ ਸਿਧਾਂਤ, ਸਿੱਖ ਇਤਿਹਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸੱਚ ਦੀਆਂ ਗੁੱਝੀਆਂ ਰਮਜ਼ਾਂ ਦਾ ਭੇਤ ਪਾਉਣ ਲਈ ਹੁਣ ਪਿੰਡ ਭਿੰਡਰਾਂ, ਜ਼ਿਲ੍ਹਾ ਫਿਰੋਜ਼ਪੁਰ ਵੱਲ ਹੋ ਤੁਰਿਆ, ਜੋ ਉਸ ਸਮੇਂ ਦਮਦਮੀ ਟਕਸਾਲ ਦਾ ਮੁਖ ਅਸਥਾਨ ਸੀ। ਦਰਅਸਲ ਸੰਤ ਜੀ ਦੇ ਜੀਵਨ ਨੂੰ ਮੁੱਖ ਤੌਰ 'ਤੇ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਭਾਗ ਧਰਮ ਯੁੱਧ ਮੋਰਚੇ ਤੋਂ ਪਹਿਲਾਂ ਦਾ ਅਤੇ ਦੂਜਾ ਭਾਗ ਧਰਮ ਯੁੱਧ ਮੋਰਚੇ ਤੋਂ ਆਰੰਭ ਹੁੰਦਾ ਹੈ ਜੋ 6 ਜੂਨ 1984 ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ ਉਹਨਾਂ ਦੀ ਸ਼ਹਾਦਤ ਨਾਲ ਸਮਾਪਤ ਹੁੰਦਾ ਹੈ।

ਵਿਦਵਾਨਾਂ ਨੇ ਦੂਜੇ ਭਾਗ 'ਤੇ ਅਨੇਕਾਂ ਟਿੱਪਣੀਆਂ ਕੀਤੀਆਂ ਹਨ। ਕੁਝ ਕਿਤਾਬਾਂ ਵੀ ਸਾਹਮਣੇ ਆਈਆਂ ਹਨ, ਪਰ ਪਹਿਲੇ ਅਤੇ ਅਤਿ ਅਹਿਮ ਭਾਗ ਨੂੰ ਲਗਭਗ ਨਜ਼ਰਅੰਦਾਜ਼ ਹੀ ਕੀਤਾ ਹੈ ਅਤੇ ਜਾਂ ਫਿਰ ਉਸ ਭਾਗ ਦੀ ਅਹਿਮੀਅਤ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ। ਸੱਚੀ ਗੱਲ ਤਾਂ ਇਹ ਹੈ ਕਿ ਸੰਤ ਜਰਨੈਲ ਸਿੰਘ ਜੀ ਦੇ ਜੀਵਨ ਦਾ ਪਹਿਲਾ ਭਾਗ ਕੇਵਲ ਉਹਨਾਂ ਵਿਦਵਾਨਾਂ ਦੀ ਪਕੜ ਵਿਚ ਹੀ ਆ ਸਕਦਾ ਹੈ, ਜਿਹੜੇ ਨਾਮ-ਬਾਣੀ ਅਤੇ ਸਿਮਰਨ ਦੀਆਂ ਬਰਕਤਾਂ ਨੂੰ ਇਤਿਹਾਸ ਬਣਾਉਣ, ਘੜਨ ਤੇ ਸਾਜਣ ਵਿਚ ਪ੍ਰਮੁੱਖ ਥਾਂ ਦਿੰਦੇ ਹਨ। ਪਰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਦੇ ਅਕਾਦਮਿਕ ਮਾਹੌਲ ਵਿਚ ਇਹਨਾਂ ਚੀਜ਼ਾਂ ਨੂੰ ਅਹਿਮ ਥਾਂ ਨਹੀਂ ਦਿੱਤੀ ਜਾ ਰਹੀ। ਦੂਜੇ ਭਾਗ ਦੀ ਪੱਕੀ ਨੀਂਹ ਪਹਿਲੇ ਭਾਗ 'ਤੇ ਹੀ ਉਸਰਦੀ ਹੈ। ਉਂਝ ਅਸੀਂ ਉਹਨਾਂ ਦੀ ਜੀਵਨ ਯਾਤਰਾ ਦੇ ਤਿੰਨ ਹਿੱਸੇ ਵੀ ਕਰ ਸਕਦੇ ਹਾਂ, ਜਿਸ ਵਿਚ ਟਕਸਾਲ ਅੰਦਰ ਲੰਘੇ 12 ਸਾਲ ਇਕ ਵੱਖਰੇ ਸਿਰਲੇਖ ਹੇਠ ਦਿੱਤੇ ਜਾ ਸਕਦੇ ਹਨ।

## ਡਿਪਰੈਸ਼ਨ ਅਤੇ ਪਛਤਾਵੇ ਵਿੱਚ ਬੀਤਿਆ ਔਰੰਗਜ਼ੇਬ ਦਾ ਆਖਰੀ ਸਮਾਂ

ਮਿਲਣੀ ਚਾਹੀਦੀ। ਮੇਰੀ ਕਬਰ 'ਤੇ ਕੋਈ ਚਬੂਤਰਾ ਜਾਂ ਮਕਬਰਾ ਨਾ ਉਸਾਰਿਆ ਜਾਵੇ। ਮੈਂ ਆਪਣੀ ਫੌਜ ਅਤੇ ਨੌਕਰਾਂ ਨੂੰ ਕਈ ਮਹੀਨੇ ਤੋਂ ਤਨਖਾਹ ਨਹੀਂ ਦੇ ਸਕਿਆ। ਮੇਰੀ ਇੱਛਾ ਹੈ ਕਿ ਘੱਟੋ ਘੱਟ ਮੇਰੇ ਨਿੱਜੀ ਨੌਕਰਾਂ ਨੂੰ ਪੂਰੀ ਤਨਖਾਹ ਦੇ ਦਿੱਤੀ ਜਾਵੇ। ਮੇਰੇ ਪੁੱਤਰ ਆਜ਼ਮ ਨੂੰ ਦਿੱਲੀ ਦਾ ਅਤੇ ਕਾਮ ਬਖਸ਼ ਨੂੰ ਬੀਜਾਪੁਰ ਅਤੇ ਗੋਲਕੁੰਡਾ ਦਾ ਤਖਤ ਦਿੱਤਾ ਜਾਵੇ। ਅੱਲਾਹ ਕਿਸੇ ਨੂੰ ਬਾਦਸ਼ਾਹ ਨਾ ਬਣਾਵੇ। ਸੰਸਾਰ ਦਾ ਸਭ ਤੋਂ ਬਦਕਿਸਮਤ ਇਨਸਾਨ ਹੀ ਬਾਦਸ਼ਾਹ ਬਣਦਾ ਹੈ। ਮੇਰੇ ਪਾਪਾਂ ਬਾਰੇ ਕਿਸੇ ਸਭਾ ਵਿੱਚ ਚਰਚਾ ਨਾ ਕੀਤੀ ਜਾਵੇ ਤੇ ਨਾ ਹੀ ਮੇਰੀ ਜ਼ਿੰਦਗੀ ਦੀ ਕਹਾਣੀ ਕਿਸੇ ਨੂੰ ਦੱਸੀ ਜਾਵੇ।" ਮਰਨ ਸਮੇਂ ਵੀ ਉਸ ਦਾ ਦਿਲ ਨਫਰਤ ਨਾਲ ਭਰਿਆ ਹੋਇਆ ਸੀ। ਉਸ ਨੇ ਲਿਖਵਾਇਆ, ਉਆਪਣੇ ਪੁੱਤਰਾਂ 'ਤੇ ਕਦੇ ਵੀ ਯਕੀਨ ਨਾ ਕਰੋ ਤੇ ਨਾ ਹੀ ਕਦੇ ਉਹਨਾਂ ਨੂੰ ਜਿਆਦਾ ਲਾਡ ਪਿਆਰ ਕਰਨਾ ਚਾਹੀਦਾ ਹੈ।" 21 ਫਰਵਰੀ 1707 ਈ. ਨੂੰ ਸਵੇਰ ਦੀ ਨਮਾਜ਼ ਪੜ੍ਹਨ ਤੋਂ ਬਾਅਦ ਉਹ ਆਪਣੇ ਕਮਰੇ ਵਿੱਚ ਆ ਗਿਆ ਤੇ ਕੁਝ ਦੇਰ ਬਾਅਦ ਹੀ ਉਸ ਦੀ ਮੌਤ ਹੋ ਗਈ। ਉਹ ਹਮੇਸ਼ਾਂ ਸ਼ੁੱਕਰਵਾਰ ਨੂੰ ਮਰਨਾ ਚਾਹੁੰਦਾ ਸੀ ਤੇ ਕੁਦਰਤੀ ਉਸੇ ਦਿਨ ਉਸ ਦੀ ਮੌਤ ਹੋਈ। ਮਰਨ ਤੋਂ ਬਾਅਦ ਉਸ ਦਾ ਛੋਟਾ ਜਿਹਾ ਬਿਨਾਂ ਛੱਤ ਤੋਂ ਮਕਬਰਾ ਸੂਫੀ ਸੰਤ ਸ਼ੇਖ ਬੁਰਹਾਨੁਦੀਨ ਗਰੀਬ ਦੇ ਮਜ਼ਾਰ ਦੇ ਵਿਹੜੇ ਵਿੱਚ ਬਣਾਇਆ ਗਿਆ। ਬਾਅਦ ਵਿੱਚ ਨਿਜ਼ਾਮ ਹੈਦਰਾਬਾਦ ਅਤੇ ਲਾਰਡ ਕਰਜ਼ਨ ਨੇ ਇਥੇ ਸੰਗਮਰਮਰ ਅਤੇ ਵਲਗਣ ਦਾ ਕੰਮ ਕਰਵਾਇਆ। ਅੱਜ ਕੋਈ ਔਰੰਗਜ਼ੇਬ ਵਰਗੇ ਪਾਪੀ ਨੂੰ ਯਾਦ ਨਹੀਂ ਕਰਦਾ। ਇਥੋਂ ਤੱਕ ਕਿ ਦਿੱਲੀ ਵਿੱਚ ਉਸ ਦੇ ਨਾਮ 'ਤੇ ਬਣੀ ਸੜਕ ਦਾ ਵੀ ਦੁਬਾਰਾ ਨਾਮ ਕਰਣ ਕਰ ਦਿਤਾ ਗਿਆ ਹੈ। ਉਸ ਦੇ ਮਰਨ ਤੋਂ ਕੁਝ ਸਾਲਾਂ ਬਾਅਦ ਹੀ ਮੁਗਲ ਰਾਜ ਸਿਰਫ ਦਿੱਲੀ ਦੀਆਂ ਕੰਧਾਂ ਤੱਕ ਸੀਮਤ ਹੋ ਕੇ ਰਹਿ ਗਿਆ ਤੇ 1857 ਈ. ਵਿੱਚ ਪੂਰਨ ਤੌਰ 'ਤੇ ਸਮਾਪਤ ਹੋ ਗਿਆ।

# ਮਿਆਂਮਾਰ ਦਾ ਕਿਉ ਵਧਿਆ ਚੀਨ ਵੱਲ ਝੁਕਾਅ?

ਮੰਨੇ ਜਾਣ ਲਈ ਦਬਾਅ ਨਹੀਂ ਪਾਏਗਾ। ਇਸ ਤੋਂ ਮਗਰੋਂ ਕਿਯੋਕ ਪਾਇਓ ਬੰਦਰਗਾਹ ਨੂੰ ਆਪਣੇ ਹੱਥਾਂ 'ਚ ਲੈ ਕੇ ਚੀਨ ਗਵਾਦਰ ਬੰਦਰਾਹ ਵਾਂਗ ਇਸ ਨੂੰ ਆਪਣੇ ਸਮੁੰਦਰੀ ਬੇੜਿਆਂ ਨੂੰ ਖੜ੍ਹਾਉਣ ਲਈ ਵਰਤੇਗਾ। ਚੀਨੀ ਜਲ ਸੈਨਾ ਨੇ ਹਾਲ ਹੀ ਵਿੱਚ ਮਿਆਂਮਾਰ ਸਾਹਿਲਾਂ 'ਤੇ ਸਾਂਝੀਆਂ ਮਸ਼ਕਾਂ ਕੀਤੀਆਂ ਹਨ।

ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਤੇ ਵਿਦੇਸ਼ ਸਕੱਤਰ ਐਸ ਜੈਸ਼ੰਕਰ ਦੀਆਂ ਹਾਲੀਆ ਮਿਆਂਮਾਰ ਫੇਰੀਆਂ ਨਾਲ ਭਾਰਤ ਨੇ ਗੁਆਂਢੀ ਮੁਲਕ ਨਾਲ ਸਬੰਧਾਂ ਨੂੰ ਹੁਲਾਰਾ ਦੇਣਾ ਬਰਕਰਾਰ ਰੱਖਿਆ ਹੈ। ਭਾਰਤੀ ਹਥਿਆਰਬੰਦ ਬਲਾਂ ਦੇ ਮਿਆਂਮਾਰੀ ਥਲ ਸੈਨਾ ਨਾਲ ਰਵਾਇਤੀ ਤੌਰ 'ਤੇ ਦੋਸਤਾਨਾ ਸਬੰਧ ਰਹੇ ਹਨ। ਸਰਹੱਦ 'ਤੇ ਮੁਕਾਮੀ ਕਮਾਂਡਰਾਂ ਵਿਚਾਲੇ ਨਿਯਮਿਤ ਮੀਟਿੰਗਾਂ ਹੁੰਦੀਆਂ ਹਨ। ਦੋਵਾਂ ਮੁਲਕਾਂ ਨੂੰ ਹਥਿਆਰਬੰਦ ਵੱਖਵਾਦੀ ਜਥੇਬੰਦੀਆਂ ਦੀ ਸਮੱਸਿਆ ਦਰਪੇਸ਼ ਹੈ। ਵੱਖਵਾਦੀ ਆਪਣੀਆਂ ਦਹਿਸ਼ਤੀ ਸਰਗਰਮੀਆਂ ਚਲਾਉਣ ਲਈ ਇੱਕ ਦੂਜੇ ਦੀ ਸਰਜ਼ਮੀਨ ਵਰਤ ਰਹੇ ਹਨ। ਭਾਰਤ ਦੇ ਉੱਤਰ ਪੂਰਬ ਵਿੱਚ ਸਰਗਰਮ ਵੱਖਵਾਦੀ ਗਰੁੱਪਾਂ ਨੂੰ ਚੀਨ ਦੀ ਲੁਕਵੀਂ ਹਮਾਇਤ ਹੋਣ ਕਰਕੇ ਭਾਰਤ ਦੀਆਂ ਮੁਸ਼ਕਿਲਾਂ ਹੁਣ ਵਧੀਆਂ ਹਨ।

ਭਾਰਤ ਨੂੰ ਇਹ ਸੱਚਾਈ ਸਮਝ ਲੈਣੀ ਚਾਹੀਦੀ ਹੈ ਕਿ ਉਹ ਹਥਿਆਰਾਂ ਦੀ ਸਪਲਾਈ, ਬੁਨਿਆਦੀ ਢਾਂਚਾ ਤੇ ਸਨਅਤੀ ਪ੍ਰਾਜੈਕਟਾਂ ਦੇ ਮਾਮਲੇ ਵਿੱਚ ਚੀਨ ਦੇ ਨੇੜੇ ਤੇੜੇ ਵੀ ਨਹੀਂ ਖੜ੍ਹਦਾ। ਮਿਸਾਲ ਵਜੋਂ ਚੀਨ ਵੱਲੋਂ ਪਾਕਿਸਤਾਨ ਵਿੱਚ ਨਿਰਮਿਤ ਜੈਐੱਫ਼ 17 ਲੜਾਕੂ ਜਹਾਜ਼ਾਂ ਦਾ ਭਾਰਤ ਕੋਲ ਅਜੇ ਤਕ ਕੋਈ ਤੋੜ ਨਹੀਂ ਹੈ। ਭਾਰਤ ਵੱਲੋਂ ਵੱਡੇ ਪੱਧਰ 'ਤੇ ਪ੍ਰਚਾਰੇ ਜਾ ਰਹੇ ਹਲਕੇ ਲੜਾਕੂ ਜਹਾਜ਼ ਅਜੇ ਤਕ ਹਵਾਈ ਸੈਨਾ ਵੱਲੋਂ ਵਰਤੇ ਜਾਣੇ ਸ਼ੁਰੂ ਨਹੀਂ ਹੋਏ। ਇਸੇ ਤਰ੍ਹਾਂ ਸਾਡੇ ਬੁਨਿਆਦੀ ਢਾਂਚੇ ਨਾਲ ਸਬੰਧਤ ਸਰਕਾਰੀ ਪ੍ਰਾਜੈਕਟ ਜਿਵੇਂ ਸਿਤਵੇ (ਪੱਛਮੀ ਮਿਆਂਮਾਰ ਦੇ ਰਾਖੀਨੇ ਰਾਜ ਦੀ ਰਾਜਧਾਨੀ ਜਿਸ ਨੂੰ ਅਕਯਾਬ ਵੀ ਕਿਹਾ ਜਾਂਦਾ ਹੈ) ਬੰਦਰਗਾਹ, ਜੋ ਕਲਾਦਾਨ (ਨਦੀ) ਗਲਿਆਰੇ ਜ਼ਰੀਏ ਭਾਰਤ ਦੇ ਉੱਤਰ ਪੂਰਬ ਵਿਚਲੇ ਰਾਜਾਂ ਨੂੰ ਬੰਗਾਲ ਦੀ ਖਾੜੀ ਨਾਲ ਜੋੜਦੀ ਹੈ ਜਾਂ ਤਜਵੀਜ਼ਤ 1800 ਮੈਗਾਵਾਟ ਦਾ ਪਣ ਬਿਜਲੀ ਪ੍ਰਾਜੈਕਟ ਵਰਗੀਆਂ ਯੋਜਨਾਵਾਂ ਕਈ ਸਾਲਾਂ ਤੋਂ ਢਿੱਲਮੱਠ ਕਰਕੇ ਜਾਂ ਤਾਂ ਲਮਕ ਗਈਆਂ ਜਾਂ ਫਿਰ ਇਨ੍ਹਾਂ ਨੂੰ ਵਿਚਾਲੇ ਹੀ ਛੱਡ ਦਿੱਤਾ ਗਿਆ।

ਸਫ਼ਾਰਤੀ ਯਤਨਾਂ ਸਦਕਾ ਅਸੀਂ ਸਾਹਿਲੀ ਕੰਢਿਆਂ 'ਤੇ ਗੈਸ ਦੀ ਖੋਜ ਪੜਤਾਲ ਲਈ ਹਿੱਸੇਦਾਰੀ ਲਈ ਸੀ, ਪਰ ਗੈਸ ਨੂੰ ਟਰਾਂਸਪੋਰਟKਤਬਦੀਲ ਨਾ ਕਰ ਸਕਣ ਦੀ ਆਪਣੀ ਨਾਕਾਬਲੀਅਤ ਅਤੇ ਯਕੀਨੀ ਤੌਰ 'ਤੇ ਅਸਮਰੱਥਾ ਕਰਕੇ ਅਸੀਂ ਇਹ ਮੌਕਾ ਵੀ ਹੱਥੋਂ ਗੁਆ ਬੈਠੇ। ਚੀਨ ਵੱਲੋਂ ਇਹੀ ਗੈਸ ਹੁਣ ਪਾਈਪਲਾਈਨ ਰਾਹੀਂ ਆਪਣੇ ਮੁਲਕ ਘੱਲੀ ਜਾ ਰਹੀ ਹੈ। ਇਸੇ ਤਰ੍ਹਾਂ ਮਿਆਂਮਾਰ ਵਿੱਚ ਬਾਂਸ ਦੇ ਵੱਡੇ ਸਰੋਤਾਂ ਨੂੰ ਕਾਗਜ਼ ਸਨਅਤ ਲਈ ਵਰਤਣ ਜਾਂ ਖੇਤੀ ਸੈਕਟਰ ਵਿੱਚ ਨਿਵੇਸ਼ ਦੇ ਪ੍ਰਾਜੈਕਟ ਬੇਲੋੜੀ ਦੇਰੀ ਕਰਕੇ ਜਾਂ ਤਾਂ ਲਮਕ ਗਏ ਹਨ ਜਾਂ ਫਿਰ ਬੰਦ ਹੋ ਗਏ ਹਨ। ਹਾਂ, ਮਿਆਂਮਾਰ ਦੇ ਮੁਲਾਜ਼ਮ ਵਰਗ ਨੂੰ ਵੋਕੇਸ਼ਨਲ ਸਿਖਲਾਈ ਤੇ ਸਿੱਖਿਆ ਦੇ ਖੇਤਰ ਵਿੱਚ ਭਾਰਤ ਨੇ ਜ਼ਰੂਰ ਕੁਝ ਵਾਹੁ-ਵਾਹੀ ਖੱਟੀ ਹੈ।

ਭਾਰਤ ਨੂੰ ਮਿਆਂਮਾਰ ਨਾਲ ਆਪਣੇ ਆਰਥਿਕ ਸਬੰਧਾਂ 'ਤੇ ਨਜ਼ਰਸਾਨੀ ਦੇ ਨਾਲ ਇਨ੍ਹਾਂ ਨੂੰ ਪੁਨਰਗਠਿਤ ਕੀਤੇ ਜਾਣ ਦੀ ਲੋੜ ਹੈ। ਭਾਰਤ ਨੂੰ ਸਿੱਖਿਆ, ਸਿਹਤ, ਸੰਚਾਰ ਅਤੇ ਛੋਟੀਆਂ ਪੇਂਡੂ ਸਨਅਤਾਂ ਬਾਰੇ ਉਸਾਰੂ ਖਿਆਲ ਵਾਲੀਆਂ ਸਕੀਮਾਂ ਜ਼ਰੀਏ ਆਪਣੀ ਸਰਹੱਦ ਨਾਲ ਖਹਿੰਦੀ ਆਬਾਦੀ ਦੀ ਇਮਦਾਦ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਸਰਹੱਦ ਪਾਰਲੇ ਅਜਿਹੇ ਪ੍ਰਾਜੈਕਟਾਂ ਲਈ ਭਾਰਤੀ ਰੁਪਏ ਨੂੰ ਕਾਨੂੰਨੀ ਤੌਰ 'ਤੇ ਵੈਧ ਬਣਾਇਆ ਜਾ ਸਕਦਾ ਹੈ। ਇਸ ਕੰਮ ਲਈ ਜਪਾਨ ਤੇ ਏਸ਼ਿਆਈ ਵਿਕਾਸ ਬੈਂਕ ਦੇ ਸਹਿਯੋਗ ਨਾਲ ਬਾਇਮਸਟੈਕ ਰਾਹੀਂ ਖੇਤਰੀ ਸਹਿਯੋਗ ਨੂੰ ਹੁਲਾਰਾ ਦੇਣ ਲਈ ਵਿਚਾਰਧੀਨ ਨਵੇਂ ਮਾਪਦੰਡਾਂ ਨੂੰ ਵੀ ਨਾਲ ਜੋੜਿਆ ਜਾ ਸਕਦਾ ਹੈ। ਮਿਆਂਮਾਰ ਵਿਚਲੇ ਵੱਡੇ ਸਨਅਤੀ ਤੇ ਖੇਤੀ ਪ੍ਰਾਜੈਕਟਾਂ ਵਿੱਚ ਸਰਕਾਰੀ ਖੇਤਰ ਦੀ ਸ਼ਮੂਲੀਅਤ ਦੀ ਥਾਂ ਬਿਹਤਰ ਹੋਵੇਗਾ ਕਿ ਇਨ੍ਹਾਂ ਨੂੰ ਬਾਜ਼ਾਰ ਵਿੱਚ ਮੁਕਾਬਲੇ ਲਈ ਛੱਡ ਦਿੱਤਾ ਜਾਵੇ।

# ਪਰਿਵਾਰਵਾਦ 'ਚ ਉਲਝਿਆ ਉਦਾਰਵਾਦੀ ਭਾਰਤ ਦਾ ਸੰਕਲਪ

ਲਈ ਅਭਿਆਸਾਂ ਵਿੱਚ ਲੋੜੀਂਦੀਆਂ ਸੋਧ-ਸੁਧਾਈਆਂ ਕਰਨ ਦੀ ਲੋੜ ਵੱਲ ਪਾਰਟੀ ਵਿੱਚੋਂ ਕਿਸੇ ਦਾ ਵੀ ਧਿਆਨ ਨਹੀਂ ਗਿਆ। ਜਿਵੇਂ 1991 'ਚ ਇੱਕ ਅਜਿਹੀ ਪ੍ਰਕਿਰਿਆ ਸ਼ੁਰੂ ਹੋਈ, ਜਿਸ ਨੇ ਭਾਰਤੀ ਅਰਥ-ਵਿਵਸਥਾ ਤੇ ਭਾਰਤੀ ਸਮਾਜ ਨੂੰ ਬਦਲ ਕੇ ਤੇ ਮੁੜ-ਵਿਵਸਥਿਤ ਕਰ ਕੇ ਰੱਖ ਦਿੱਤਾ ਸੀ; ਉਵੇਂ ਹੀ '9K11' ਤੋਂ ਬਾਅਦ ਵਿਸ਼ਵ ਪੱਧਰ ਉੱਤੇ ਨਵੇਂ ਵੈਰ-ਵਿਰੋਧ ਪੈਦਾ ਕਰਨ ਵਾਲੀਆਂ ਤਾਕਤਾਂ ਨੇ ਜਨਮ ਲਿਆ ਤੇ ਭਾਰਤ ਵੀ ਉਨ੍ਹਾਂ ਤੋਂ ਬਚ ਨਹੀਂ ਸਕਿਆ। ਕਾਂਗਰਸ ਨੇ ਸਮੇਂ ਮੁਤਾਬਿਕ ਆਪਣੇ ਵਿੱਚ ਕੋਈ ਤਬਦੀਲੀ ਨਹੀਂ ਲਿਆਂਦੀ ਸਗੋਂ ਉਹ ਆਪਣੀ ਖ਼ੁਦ ਦੀ ਚੋਣ ਸਫ਼ਲਤਾ ਨਾਲ 'ਭਾਰਤ ਦੇ ਵਿਚਾਰ' ਦੀ ਟਿਕਾਊਯੋਗਤਾ ਨੂੰ ਨਾਪ ਕੇ ਸੰਤੁਸ਼ਟ ਹੁੰਦੀ ਰਹੀ।

ਇਸ ਸਾਰੇ ਅਰਸੇ ਦੌਰਾਨ ਦੂਜੇ ਪਾਸੇ ਉਹ ਧਿਰ, ਜਿਹੜੀ ਧਿਰ 'ਭਾਰਤ ਦੇ ਵਿਚਾਰ' ਨੂੰ ਨਹਿਰੂ ਵੱਲੋਂ ਠੋਸੀ ਗਈ ਧਾਰਨਾ ਦੱਸ ਕੇ ਪੂਰੀ ਤਰ੍ਹਾਂ ਰੱਦ ਕਰਦੀ ਰਹੀ ਸੀ, ਇਸਦੇ ਖ਼ਿਲਾਫ਼ ਇੱਕ ਬਦਲਵੀਂ ਵਿਆਖਿਆ, ਬਦਲੀ ਘਟਨਾਵਲੀ ਰਚਣ ਵਿੱਚ ਰੁੱਝੀ ਰਹੀ, ਜਿਸ ਵਿੱਚ ਉਸ ਨੇ ਆਪਣੇ ਖ਼ੁਦ ਦੇ ਵਿਚਾਰਾਂ ਤੇ ਸੁਵਿਧਾ ਦੇ ਹਿਸਾਬ ਨਾਲ ਇਤਿਹਾਸ, ਤੱਥਾਂ ਤੇ ਗਲਪਾਂ ਨੂੰ ਤੋੜਿਆ-ਮਰੋੜਿਆ ਅਤੇ ਸਭ ਤੋਂ ਵੱਧ ਅਹਿਮ ਗੱਲ ਇਹ ਰਹੀ ਕਿ ਉਸ ਨੇ '9K11' ਤੋਂ ਬਾਅਦ ਦੇ ਧਰੁਵੀਕ੍ਰਿਤ ਸੰਸਾਰ ਤੇ ਵੰਡੇ ਹੋਏ ਸਮਾਜਾਂ ਦੇ ਬਦਲਦੇ ਪੱਖਪਾਤੀ ਵਿਚਾਰਾਂ ਉੱਤੇ ਵੀ ਗ਼ੌਰ ਕੀਤਾ। ਦੇਸ਼ ਵਿੱਚ ਉਨ੍ਹਾਂ ਨੂੰ ਪਾਕਿਸਤਾਨ ਦੇ ਆਪਮੁਹਾਰੇ ਜਹਾਦੀ ਅਨਸਰਾਂ ਦੀਆਂ ਹਰਕਤਾਂ ਤੋਂ ਬਹੁਤ ਜ਼ਿਆਦਾ ਬਲ ਮਿਲਿਆ। ਪਾਕਿਸਤਾਨ ਤੇ ਭਾਰਤ ਦੋਵੇਂ ਦੇਸ਼ਾਂ ਦੀਆਂ ਸੱਜ-ਪਿਛਾਖੜੀ ਤਾਕਤਾਂ ਨੇ ਇੱਕ-ਦੂਜੇ ਪ੍ਰਤੀ ਰੋਸ ਤੇ ਸ਼ਿਕਵੇ-ਸ਼ਿਕਾਇਤਾਂ ਵਿੱਚ ਖ਼ੂਬ ਵਾਧਾ ਕੀਤਾ।

ਸਾਡੇ ਸਾਰਿਆਂ ਨੂੰ ਹਿੰਦੂ ਬਣਾਉਣ ਤੇ ਭਾਰਤ ਨੂੰ 'ਭਾਰਤ ਦੇ ਨਹਿਰੂਵਾਦੀ ਖ਼ਾਸੇ' ਤੋਂ ਲਾਂਭੇ ਲਿਜਾਣ ਲਈ ਨਰਿੰਦਰ ਮੋਦੀ ਨੂੰ ਦੋਸ਼ ਦੇਣ ਦੀ ਥਾਂ ਸਾਨੂੰ ਇੱਕ ਅਜਿਹੇ ਸੰਦੇਸ਼-ਵਾਹਕ ਦੀ ਜ਼ਰੂਰਤ ਹੈ; ਜਿਸ ਵਿੱਚ ਅਜਿਹੀ ਸਿਆਸੀ ਯੋਗਤਾ ਤੇ ਨੀਤੀਗਤ ਸੂਝ ਹੋਵੇ ਕਿ ਉਹ ਉਨ੍ਹਾਂ ਸਾਰੇ ਲੋਕਾਂ ਨੂੰ ਮੁੜ ਇਕੱਠਾ ਕਰ ਸਕੇ ਜਿਹੜੇ ਭਾਰਤੀ ਜਨਤਾ ਪਾਰਟੀ ਵਾਲੇ ਜ਼ੋਨਾਂ ਵਿੱਚ ਵਿੱਚ ਬੈਠੇ ਹਨ, ਪਰ ਆਪਣੇ ਆਪ ਨੂੰ ਉੱਥੇ ਸੁਵਿਧਾਜਨਕ ਮਹਿਸੂਸ ਨਹੀਂ ਕਰਦੇ। 'ਭਾਰਤ ਦੇ ਵਿਚਾਰ' ਨੂੰ ਇਸ ਕਰਕੇ ਢਾਹ ਲੱਗੀ ਸੀ ਕਿਉਂਕਿ ਇਸ ਨੂੰ ਇੱਕ 'ਪਰਿਵਾਰ ਦੇ ਵਿਚਾਰ' ਨਾਲ ਜੋੜ ਕੇ ਵੇਖਿਆ ਜਾਣ ਲੱਗਾ ਸੀ। ਇਹੋ ਕਾਂਗਰਸ ਪਾਰਟੀ ਦਾ ਸਲੀਬ ਹੈ ਅਤੇ ਇਹੋ ਹੀ ਉਦਾਰਵਾਦੀ ਭਾਰਤ ਦੀ ਸਭ ਤੋਂ ਵੱਡੀ ਦੋਚਿੱਤੀ ਹੈ।

# ਸ਼ੰਘਾਈ ਸਹਿਯੋਗ ਸੰਗਠਨ ਦੀ ਮੈਂਬਰੀ ਕਿੰਨੀ ਕੁ ਮਹੱਤਵਪੂਰਨ?

ਸਿਖ਼ਰ ਸੰਮੇਲਨ ਵਾਸਤੇ ਮੁੱਖ ਮੁੱਦਾ ਬਣਾ ਕੇ ਪੇਸ਼ ਕੀਤਾ ਹੈ, ਪਰ ਪਾਕਿਸਤਾਨ ਉੱਤੇ ਇਸ ਸੰਗਠਨ ਵਿੱਚ ਕੋਈ ਦਬਾਅ ਬਣਾ ਸਕਣਾ ਬਹੁਤਾ ਸੰਭਵ ਨਹੀਂ ਜਾਪਦਾ। ਚੀਨ ਅਤੇ ਭਾਰਤ ਇੱਕ ਦੂਸਰੇ ਦੇ ਗੁਆਂਢੀ ਹੋਣ ਦੇ ਨਾਲ-ਨਾਲ ਏਸ਼ੀਆ ਵਿੱਚ ਦੋ ਵੱਡੇ ਸ਼ਰੀਕ ਵੀ ਹਨ। ਦੋਹਾਂ ਦੇ ਕੁਝ ਵਪਾਰਕ ਹਿੱਤ ਤਾਂ ਸਾਂਝੇ ਹਨ, ਪਰ ਰਣਨੀਤਕ ਹਿੱਤ ਇੱਕ-ਦੂਜੇ ਨਾਲ ਟਕਰਾਉਂਦੇ ਹਨ। ਇਸੇ ਕਾਰਨ 'ਬ੍ਰਿਕਸ' ਵਰਗੇ ਵੱਕਾਰੀ ਸੰਗਠਨ ਵਿੱਚ ਵੀ ਦੋਹਾਂ ਵਿੱਚ ਕੋਈ ਖ਼ਾਸ ਸਾਂਝ ਨਜ਼ਰ ਨਹੀਂ ਆਉਂਦੀ। ਉੱਥੇ ਵੀ ਸਭ ਤੋਂ ਵੱਧ ਦਬਦਬਾ ਚੀਨ ਦਾ ਹੀ ਨਜ਼ਰ ਆਉਂਦਾ ਹੈ। ਉਹੀ ਕਹਾਣੀ ਹੁਣ ਸ਼ੰਘਾਈ ਸਹਿਯੋਗ ਸੰਗਠਨ ਵਿੱਚ ਵੀ ਦੁਹਰਾਈ ਜਾ ਸਕਦੀ ਹੈ।

ਉਪਰੋਕਤ ਵਿਚਾਰਾਂ ਦੇ ਉਲਟ ਸਰਕਾਰੀ ਫ਼ੈਸਲੇ ਦੇ ਸਮਰਥਕ ਰਾਜਨੀਤਕ ਦਰਸ਼ਕਾਂ ਦਾ ਇਹ ਮੰਨਣਾ ਹੈ ਕਿ ਇਸ ਨਾਲ ਭਾਰਤ ਨੂੰ ਸਰਹੱਦ ਪਾਰਲੇ ਅਤਿਵਾਦ ਦਾ ਮੁੱਦਾ ਉਠਾਉਣ ਲਈ ਮੱਧ ਏਸ਼ੀਆ ਵਿੱਚ ਵੀ ਇੱਕ ਚੰਗਾ ਮੰਚ ਮਿਲ ਗਿਆ ਹੈ। ਇਸ ਨਾਲ ਭਾਰਤ ਦੀ ਗੱਲ ਬਹੁਤ ਸਾਰੇ ਉਨ੍ਹਾਂ ਦੇਸ਼ਾਂ ਤਕ ਵੀ ਪਹੁੰਚੇਗੀ ਜਿਹੜੇ ਇਸਲਾਮੀ ਅਤਿਵਾਦੀ ਸੰਗਠਨਾਂ ਦੀਆਂ ਹਿੰਸਕ ਕਾਰਵਾਈਆਂ ਤੋਂ ਖ਼ੁਦ ਵੀ ਪੀੜਤ ਹਨ। ਸ਼ੰਘਾਈ ਸਹਿਯੋਗ ਸੰਗਠਨ ਦੇ ਬਹੁਤੇ ਮੈਂਬਰ ਮੁਲਕ ਬੁਨਿਆਦੀ ਤੌਰ 'ਤੇ ਇਸਲਾਮੀ ਬਹੁਮਤ ਵਾਲੇ ਹਨ, ਉਹ ਇਸ ਪੱਖ ਤੋਂ ਕਾਫ਼ੀ ਸੁਚੇਤ ਹਨ ਕਿ ਇਸਲਾਮੀ ਅਤਿਵਾਦੀ ਸੰਗਠਨ ਉਨ੍ਹਾਂ ਦੇ ਆਪਣੇ ਨੌਜਵਾਨਾਂ ਉੱਤੇ ਜ਼ਿਆਦਾ ਅਸਰਅੰਦਾਜ਼ ਨਾ ਹੋ ਜਾਵੇ। ਉਂਜ ਵੀ, ਇਸ ਸੰਗਠਨ ਵਿੱਚ ਰੂਸ ਦੀ ਮੌਜੂਦਗੀ ਦਾ ਵੀ ਭਾਰਤ ਨੂੰ ਫ਼ਾਇਦਾ ਮਿਲ ਸਕਦਾ ਹੈ। ਰੂਸ ਅੰਦਰੋਂ ਨਹੀਂ ਚਾਹੁੰਦਾ ਕਿ ਕਦੇ ਸੋਵੀਅਤ ਯੂਨੀਅਨ ਦੇ ਮੈਂਬਰ ਰਹੇ ਮੁਲਕ ਹੁਣ ਚੀਨ ਦੇ ਬਹੁਤੇ ਨੇੜੇ ਹੋ ਜਾਣ। ਇਸ ਤਰ੍ਹਾਂ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਵਿੱਚ ਰੂਸ, ਭਾਰਤ, ਕਜ਼ਾਖ਼ਸਤਾਨ, ਉਜ਼ਬੇਕਿਸਤਾਨ, ਕਿਰਗਿਸਤਾਨ ਅਤੇ ਤਾਜਿਕਸਤਾਨ ਆਦਿ ਵਿੱਚ ਵੱਧ ਨੇੜਤਾ ਸਥਾਪਤ ਹੋ ਸਕਦੀ ਹੈ। ਇਸ ਨਾਲ ਸੰਗਠਨ ਵਿੱਚ ਚੀਨ ਦੇ ਪ੍ਰਭਾਵ ਨੂੰ ਘਟਾਉਣ ਵਿੱਚ ਮੱਦਦ ਮਿਲੇਗੀ ਅਤੇ ਉਨ੍ਹਾਂ ਮੁਸਲਿਮ ਦੇਸ਼ਾਂ ਨਾਲ ਵੀ ਭਾਰਤ ਦੀ ਸਾਂਝ ਵੀ ਵਧ ਸਕੇਗੀ ਜਿਹੜੇ ਨਵੀਂ ਦੁਨੀਆਂ ਵਿੱਚ ਨਵੇਂ ਢੰਗਾਂ ਨਾਲ ਵਿਚਰਨਾ ਚਾਹੁੰਦੇ ਹਨ। ਫਿਰ ਵੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਭਾਰਤ ਦਾ ਇਹ ਫ਼ੈਸਲਾ ਰਣਨੀਤਕ ਪੱਖ ਤੋਂ ਕਿੰਨਾ ਕੁ ਸਾਰਥਿਕ ਹੈ।

# ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੰਮ ਕਰਦੀ ਸੋਚ ਦੀ ਨਿਸ਼ਾਨਦੇਹੀ ਕਰਨ ਦੀ ਲੋੜ ਹੈ!



ਪ੍ਰੋ ਬਲਕਾਰ ਸਿੰਘ

ਭਾਰਤ ਦੀਆਂ ਸਾਰੀਆਂ ਘੱਟ ਗਿਣਤੀਆਂ ਵਿਸ਼ਵਾਸ ਅਤੇ ਵਿਧਾਨਕਤਾ ਵਿਚਕਾਰ ਪੈਦਾ ਹੋ ਗਏ ਸਿਆਸੀ ਤਣਾਅ ਦੀਆਂ ਸ਼ਿਕਾਰ ਹੋਈਆਂ ਮਹਿਸੂਸ ਕਰਨ ਲੱਗ ਪਈਆਂ ਹਨ। ਇਸ ਨਾਲ ਭਾਰਤੀ ਸਭਿਆਚਾਰ ਦੀ ਬਹੁ-ਰੰਗੀ ਸਮਾਜਿਕਤਾ ਵੰਗਾਰੀ ਗਈ ਹੈ। ਖੇਤਰੀ ਸਿਆਸਤ ਨੂੰ ਇਸ ਦੀ ਕੀਮਤ ਸਭ ਨਾਲੋਂ ਵੱਧ ਚੁਕਾਉਣੀ ਪੈ ਰਹੀ ਹੈ। ਪੰਜਾਬ ਇਸ ਦੀ ਕੀਮਤ ਪਹਿਲਾਂ ਹੀ ਬਹੁਤ ਦੇ ਚੁਕਾ ਹੈ ਅਤੇ ਬੇਅਦਬੀ ਦੇ ਮਸਲੇ ਵਲ ਸੇਧਤ ਮਾਹੌਲ, ਪੰਜਾਬੀ ਸੰਵੇਦਨਾ ਨੂੰ ਲਗਾਤਾਰ ਵਿਚਲਿਤ ਕਰਦਾ ਆ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਬੇਅਦਬੀ ਦੀਆਂ ਘਟਨਾਵਾਂ ਉਸ ਵੇਲੇ ਸ਼ੁਰੂ ਹੋਈਆਂ ਸਨ, ਜਦੋਂ ਪੰਜਾਬ ਵਿਚ ਅਕਾਲੀ ਸਰਕਾਰ ਸੀ ਅਤੇ ਕੇਂਦਰ ਵਿਚ ਅਕਾਲੀ, ਸਰਕਾਰ ਦੇ ਭਾਈਵਾਲ ਸਨ। ਅਕਾਲੀਆਂ ਨੇ ਇਸ ਨੂੰ ਸਿਆਸੀ ਵਿਰੋਧੀਆਂ ਵੱਲੋਂ ਪੈਦਾ ਕੀਤਾ ਗਿਆ ਮਸਲਾ ਸਮਝ ਕੇ ਇੰਨਾ ਵਿਗਾੜ ਲਿਆ ਕਿ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਅਜੇ ਤੱਕ ਵੀ ਸੁਲਘ ਰਿਹਾ ਹੈ। ਇਸ ਨਾਲ ਇਹ ਤੱਥ ਸਥਾਪਤ ਹੋ ਗਿਆ ਹੈ ਕਿ ਸੰਵੇਦਨਸ਼ੀਲ ਮਸਲਿਆਂ ਨੂੰ ਕਾਨੂੰਨ ਅਤੇ ਪ੍ਰਬੰਧਕੀ ਢੰਗ ਨਾਲ ਨਹੀਂ ਸੁਲਝਾਇਆ ਜਾ ਸਕਦਾ। ਵਿਸ਼ਵਾਸ ਦੇ ਸਰੋਕਾਰਾਂ ਨਾਲ ਜੁੜੇ ਇਸ ਮਸਲੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸੁਲਝਾਉਣ ਵਾਲੇ ਰਾਹ ਪਾਇਆ ਜਾ ਸਕਦਾ ਸੀ, ਪਰ ਸ਼੍ਰੋਮਣੀ ਕਮੇਟੀ ਨੂੰ ਤਾਂ ਅਕਾਲੀ ਸਰਕਾਰ ਵੇਲੇ ਮਰਜ਼ੀ ਨਾਲ ਸਾਹ ਲੈਣ ਦੀ ਖੁਲ੍ਹ ਨਹੀਂ ਸੀ।

ਅਸਲ ਵਿਚ ਇਹ ਮਸਲਾ ਅਕਾਲੀ ਸਰਕਾਰ ਨੂੰ ਵਿਚਲਿਤ ਕਰਨ ਵਾਸਤੇ ਪੈਦਾ ਕੀਤਾ ਗਿਆ ਸੀ ਅਤੇ ਇਸ ਨੂੰ ਸਿਆਸੀ ਹਥਿਆਰ ਵਜੋਂ ਵਰਤੇ ਜਾਣ ਦੀ ਕੋਸ਼ਿਸ਼ ਅਜੇ ਵੀ ਹੋ ਰਹੀ ਹੈ। ਜਿਹੜੇ ਲੋਕ ਇਹ ਸਮਝਦੇ ਹਨ ਕਿ ਇਹ ਮਸਲਾ ਜਿਵੇਂ ਬਾਦਲਕਿਆਂ ਦੇ ਗਲ ਪਾ ਦਿੱਤਾ ਗਿਆ ਸੀ, ਉਵੇਂ ਹੀ ਕੈਪਟਨ ਸਰਕਾਰ ਦੇ ਗਲ ਪਾਇਆ ਜਾ ਸਕਦਾ ਹੈ, ਉਹ ਸ਼ਾਇਦ ਇਸ ਮਸਲੇ ਨੂੰ ਸੁਲਝਾਉਣਾ ਹੀ ਨਹੀਂ ਚਾਹੁੰਦੇ। ਸੋਚਣ ਦੀ ਲੋੜ ਹੈ ਕਿ ਬੇਅਦਬੀ ਨੂੰ ਲੈ ਕੇ ਜਨਤਕ ਉਬਾਲ ਨੂੰ ਸਥਾਪਤ ਸਿਆਸਤ ਖਿਲਾਫ ਵਰਤਿਆ ਤਾਂ ਜਾ ਸਕਦਾ ਹੈ, ਪਰ ਇਸ ਨਾਲ ਕਿਸੇ ਕਿਸਮ ਦੀ ਸਿਆਸਤ ਨੂੰ ਸਥਾਪਤ ਨਹੀਂ ਕੀਤਾ ਜਾ ਸਕਦਾ। ਇਸ ਮਸਲੇ ਨੇ ਜੇ ਅਕਾਲੀ ਹਰਾਏ ਹਨ ਤਾਂ ਨਾਲ 'ਆਪ' ਵਾਲੇ ਵੀ ਤਾਂ ਹਰਾਏ ਹਨ। ਇਸ ਮਸਲੇ ਨੂੰ ਸੁਲਝਾਉਣ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਸੀ ਤੇ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਦੇ ਪੈਰੋਂ ਹੀ ਇਹ ਮਸਲਾ ਪੈਦਾ ਹੋਇਆ ਸੀ। ਇਸ ਦੀ ਅਗਵਾਈ ਵਿਚ ਜਿਵੇਂ ਸਿੱਖ ਸੰਸਥਾਵਾਂ ਦਾ ਸਿਆਸੀ ਅਪਹਰਨ ਹੋਇਆ ਹੈ, ਉਸ ਨਾਲ ਹੀ ਜੁੜੀ ਹੋਈ ਹੈ ਬੇਅਦਬੀ ਦੀ ਸਮੱਸਿਆ! ਜੇ ਸ਼੍ਰੋਮਣੀ ਕਮੇਟੀ ਇਸ ਨੂੰ ਕਾਨੂੰਨੀ ਮਾਮਲਾ ਸਮਝ ਕੇ ਕਦੇ ਦੇਸ਼ ਦੇ ਰਾਸ਼ਟਰਪਤੀ ਕੋਲੋਂ ਬੇਅਦਬੀ ਕਰਨ ਵਾਲਿਆਂ ਵਾਸਤੇ ਮੌਤ ਦੀ ਸਜ਼ਾ ਮੰਗਦੀ ਫਿਰੇਗੀ, ਜਾਂ ਸਰਕਾਰੀ ਏਜੰਸੀਆਂ ਕੋਲੋਂ ਸਹਾਇਤਾ ਮੰਗਦੀ ਫਿਰੇਗੀ, ਤਾਂ ਇਸ ਨਾਲ ਕੁਝ ਹਾਸਲ ਨਹੀਂ ਹੋਣਾ।

ਅਕਾਲੀਆਂ ਵਲੋਂ ਲਾਇਆ ਜੱਜ ਫੇਲ੍ਹ ਹੋ ਚੁਕਾ ਹੈ ਅਤੇ ਕਾਂਗਰਸ ਵਲੋਂ ਲਾਇਆ ਦੂਜਾ ਜੱਜ ਕੀ ਕਰੇਗਾ, ਇਹ ਤਾਂ ਸਮਾਂ ਹੀ ਦੱਸੇਗਾ; ਪਰ ਇਹ ਤਾਂ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਧਰਮ ਦੇ ਨਾਮ 'ਤੇ ਇਹੋ ਜਿਹਾ ਕੋਈ ਬਹਾਨਾ ਪੈਦਾ ਹੀ ਨਹੀਂ ਹੋਣ ਦੇਣਾ ਚਾਹੀਦਾ ਜਿਸ ਨਾਲ ਵਿਸ਼ਵਾਸ ਤੇ ਜਜ਼ਬਾਤ ਨੂੰ ਸੜਕਾਂ 'ਤੇ ਵਹਿ ਤੁਰਨ ਦਾ ਮੌਕਾ ਮਿਲ ਜਾਵੇ। ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਹਰ ਸਮਕਾਲ ਵਿਚ ਕਿਸੇ ਵੀ ਰੰਗ ਦੀ ਰਾਜਨੀਤੀ, ਭੜਕਾਹਟ ਵਿਚ ਲਿਆਉਣ ਵਾਲੇ ਮੌਕਿਆਂ ਦੀ ਭਾਲ ਵਿਚ ਰਹਿੰਦੀ ਹੈ।

ਜਿਸ ਤਰ੍ਹਾਂ ਬਾਣੀ ਦੇ ਪੱਤਰਿਆਂ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਹਨ, ਇਨ੍ਹਾਂ ਨਾਲ ਉਹੋ ਜਿਹੀ ਰਾਜਨੀਤੀ ਪੈਦਾ ਨਹੀਂ ਹੋ ਸਕੀ, ਜਿਹੋ ਜਿਹੀ ਰਾਜਨੀਤੀ ਗੁਰਦੁਆਰਿਆਂ ਵਿਚ ਸਿਗਰਟਾਂ ਅਤੇ ਮੰਦਿਰਾਂ ਵਿਚ ਪੂਛਾਂ ਸੁੱਟਣ ਨਾਲ ਪੈਦਾ ਹੋ ਗਈ ਸੀ। ਇਸ ਤੋਂ ਤਾਂ ਇਹੀ ਲੱਗਦਾ ਹੈ ਕਿ ਜਿਹੋ ਜਿਹੇ ਸੰਤਾਪ ਵਿਚੋਂ ਪੰਜਾਬ ਨੂੰ ਲੰਘਣਾ ਪਿਆ ਸੀ, ਉਹੋ ਜਿਹੇ ਸੰਤਾਪ ਵਿਚੋਂ ਪੰਜਾਬ ਦੁਬਾਰਾ ਨਹੀਂ ਲੰਘਣਾ ਚਾਹੁੰਦਾ। ਇਸੇ ਕਾਰਨ ਬੇਅਦਬੀ ਦੀਆਂ ਘਟਨਾਵਾਂ ਨਾਲ ਪੈਦਾ ਹੋਏ ਜਨਤਕ ਉਬਾਲ ਨੂੰ ਉਸ ਵੇਲੇ ਹੁੰਗਾਰਾ ਮਿਲਣਾ ਬੰਦ ਹੋਣ ਲੱਗ ਪਿਆ ਸੀ ਜਿਸ ਵੇਲੇ ਇਸ ਮਸਲੇ 'ਤੇ ਸਿਆਸੀ ਰੋਟੀਆਂ ਸੇਕਣ ਦੇ ਪੈਂਤੜੇ ਸਾਹਮਣੇ ਆਉਣ ਲੱਗ ਪਏ ਸਨ।

ਜੇ ਜਨਤਕ ਉਬਾਲ ਨੂੰ ਪੁਲਿਸ ਰਾਹੀਂ ਦਬਾਉਣ ਵਾਸਤੇ ਦੋ ਨੌਜਵਾਨ ਗੁਰਸਿੱਖਾਂ ਨੂੰ ਸ਼ਹੀਦ ਨਾ ਕੀਤਾ ਜਾਂਦਾ ਤਾਂ ਇਸ ਮਸਲੇ ਨੇ ਸਵਾਲਾਂ ਦੇ ਘੇਰੇ ਵਿਚ ਘਿਰ ਜਾਣਾ ਸੀ। ਮਿਸਾਲ ਦੇ ਤੌਰ 'ਤੇ ਪੰਜਾਬ ਵਿਚ ਜੰਮਿਆ-ਪਲਿਆ ਕੋਈ ਵੀ ਪ੍ਰਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦਾ ਸਾਹਸ ਕਿਵੇਂ ਕਰ ਸਕਦਾ ਹੈ? ਸਵਾਲ ਇਹ ਵੀ ਪੈਦਾ ਹੋਣਾ ਸੀ ਕਿ ਬੇਅਦਬੀ ਕਰਨ ਵਾਲੇ ਨੂੰ ਹਾਸਲ ਕੀ ਹੋਣਾ ਸੀ? ਪੁੱਛਿਆ ਇਹ ਵੀ ਜਾਣਾ ਸੀ ਕਿ ਜਿਸ ਕੋਲੋਂ ਇਹ ਹੋ ਗਿਆ ਹੈ, ਉਹ ਪਾਗਲ ਤਾਂ ਨਹੀਂ ਹੈ? ਮਸਲੇ ਦਾ ਸਿਆਸੀ ਲਾਹਾ ਲੈਣ ਵਾਲਿਆਂ ਨੇ ਐਸੀ ਘੜਮੱਸ ਪੈਦਾ ਕਰ ਦਿੱਤੀ ਸੀ ਕਿ ਸਮੇਂ ਦੀ ਸਰਕਾਰ ਨੂੰ ਇਸ ਵਿਚੋਂ ਨਿਕਲਣ ਵਾਸਤੇ ਚੋਰ ਮੋਰੀਆਂ ਲੱਭਣੀਆਂ ਪੈ ਗਈਆਂ। ਇਸ ਨਾਲ ਸਿੱਖ ਸੰਸਥਾਵਾਂ ਰਾਹੀਂ ਇਸ ਮਸਲੇ ਦਾ ਹੱਲ ਲੱਭਣ ਦੇ ਸਾਰੇ ਰਸਤੇ ਹੀ ਬੰਦ ਹੋ ਗਏ ਸਨ, ਪਰ ਇਨ੍ਹਾਂ ਰਸਤਿਆਂ ਨੂੰ ਪੱਕੇ ਤੌਰ 'ਤੇ ਬੰਦ ਹੋਏ ਨਹੀਂ ਸਮਝਣਾ ਚਾਹੀਦਾ।

ਜਿਹੜੇ ਲੋਕ ਇਹ ਕਹਿ ਰਹੇ ਹਨ ਕਿ ਬੇਅਦਬੀ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ, ਉਹ ਇਸ ਮਸਲੇ ਨੂੰ ਵਰਤਮਾਨ ਸਰਕਾਰ ਦੇ ਗਲ ਉਸੇ ਤਰ੍ਹਾਂ ਪਾਉਣਾ ਚਾਹੁੰਦੇ ਹਨ, ਜਿਸ ਤਰ੍ਹਾਂ ਇਹ ਮਸਲਾ ਤਤਕਾਲੀ ਅਕਾਲੀ ਸਰਕਾਰ ਦੇ ਗਲ ਪੈ ਗਿਆ ਸੀ। ਕਿਸ ਨੂੰ ਨਹੀਂ ਪਤਾ ਕਿ 2015-16 ਵਿਚ ਬੇਅਦਬੀ ਨਾਲ ਜੁੜੀਆਂ ਜਿੰਨੀਆਂ ਵੀ ਘਟਨਾਵਾਂ ਵਾਪਰੀਆਂ, ਉਹ ਨਾ ਹੀ ਇਕ ਦੂਜੇ ਦੀ ਨਿਰੰਤਰਤਾ ਵਿਚ ਸਨ ਅਤੇ ਨਾ ਹੀ ਕਿਸੇ ਸੋਚ ਦੀਆਂ ਸੂਚਕ ਸਨ। ਇਉਂ ਲੱਗਦਾ ਹੈ, ਜਿਵੇਂ ਇਹ ਕੀਤਾ ਨਾ ਗਿਆ ਹੋਵੇ, ਸਗੋਂ ਹੋ ਗਿਆ ਹੋਵੇ, ਜਾਂ ਕਰਵਾ ਲਿਆ ਗਿਆ ਹੋਵੇ! ਜਿਹੜੇ ਕਾਰਨ ਇਹ ਹੋਇਆ ਸੀ, ਉਨ੍ਹਾਂ ਕਾਰਨਾਂ ਦੀ ਜੜ੍ਹ ਤੱਕ ਜਾਣ ਦੀ ਲੋੜ ਅਜੇ ਵੀ ਹੈ। ਇਸ ਵਾਸਤੇ ਵਾਪਰੀਆਂ ਘਟਨਾਵਾਂ ਪਿੱਛੇ ਕੰਮ ਕਰਦੀ ਸੋਚ ਦੀ ਨਿਸ਼ਾਨਦੇਹੀ ਕਰਨ ਦੀ ਲੋੜ ਹੈ। ਅਜਿਹਾ ਕਰਦਿਆਂ ਜੇ ਇਹ ਧਿਆਨ ਵਿਚ ਰੱਖਾਂਗੇ ਕਿ ਇਸ ਦਾ ਲਾਭ ਕਿਸ ਨੂੰ ਹੋਇਆ, ਤਾਂ ਨਿਰਸੰਦੇਹ ਇਸ ਮਸਲੇ ਦੀਆਂ ਪੈੜਾਂ ਕਿਸੇ ਨਾ ਕਿਸੇ ਕਿਸਮ ਦੀ ਸਿਆਸਤ ਵੱਲ ਲੈ ਜਾਣਗੀਆਂ।

ਇਸ ਮਸਲੇ ਦੇ ਪੁਲਾਂ ਹੇਠੋਂ ਬਹੁਤ ਸਾਰਾ ਪਾਣੀ ਲੰਘ ਗਿਆ ਹੈ ਅਤੇ ਇਹ ਸਪਸ਼ਟ ਹੋਣ ਲੱਗ ਪਿਆ ਹੈ ਕਿ ਇਸ ਮਸਲੇ ਨਾਲ ਜੁੜੇ ਲੋਕ ਪਾਗਲ ਸਨ ਜਾਂ ਪਾਂਡੀ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗੁਟਕਿਆਂ ਤੱਕ ਫੈਲੀਆਂ ਬੇਅਦਬੀ ਦੀਆਂ ਘਟਨਾਵਾਂ ਸਿਆਸੀ-ਸੌਖ (ਪਾਲਿਟਿਕਸ ਆਫ ਸੌਫਟ ਟਾਰਗੈਟ) ਨਾਲ ਜੁੜੀਆਂ ਹੋਈਆਂ ਹਨ। ਕਾਰਾ ਕਰਨ ਵਾਲਾ, ਕਾਰਾ ਕਰਵਾਉਣ ਵਾਲਾ, ਭੜਕ ਜਾਣ ਵਾਲਾ ਅਤੇ ਹੋ ਗਏ ਦਾ ਲਾਹਾ ਲੈਣ ਵਾਲਾ, ਸਿਆਸੀ-ਸੌਖ ਦਾ ਪਰਤ-ਦਰ-ਪਰਤ ਵਰਤਾਰਾ ਹੀ ਤਾਂ ਹਨ ਤੇ ਸਨ। ਸਰਕਾਰ ਅਤੇ ਪੁਲਿਸ ਵੱਲੋਂ ਚੁੱਕੇ ਕਦਮਾਂ ਨੇ ਸੁਆਰਿਆ ਘੱਟ ਅਤੇ ਵਿਗਾੜਿਆ ਬਹੁਤਾ ਸੀ। ਪਹਿਲ ਪੁਲਿਸ ਰਾਹੀਂ ਸਰਕਾਰ ਨੂੰ ਬਚਾਉਣ ਵਾਸਤੇ ਹੋਈ ਸੀ ਅਤੇ ਅੰਤ ਸਰਕਾਰ ਵੱਲੋਂ ਪੁਲਿਸ ਨੂੰ ਬਚਾਉਣ ਨਾਲ ਹੋ ਗਿਆ ਸੀ। ਸ਼੍ਰੋਮਣੀ ਕਮੇਟੀ ਨੇ ਅਕਾਲੀ ਦਲ ਦਾ ਵਿੰਗ ਬਣ ਕੇ ਅਤੇ ਅਕਾਲੀ ਦਲ ਨੇ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦਾ ਅਪਹਰਨ ਕਰ ਕੇ ਬੇਅਦਬੀ ਵਰਗੇ ਮਸਲਿਆਂ ਦੇ ਪੰਥਕ ਹੱਲ ਦੇ ਸਾਰੇ ਰਾਹ ਬੰਦ ਕਰ ਦਿੱਤੇ ਹਨ। ਇਸ ਪੰਥਕ ਮਸਲੇ ਨੂੰ ਸਿਆਸੀ ਢੰਗ ਨਾਲ ਨਹੀਂ ਸੁਲਝਾਇਆ ਜਾ ਸਕਦਾ, ਕਿਉਂਕਿ ਇਹ ਮਸਲਾ ਕਿਸੇ ਨਾ ਕਿਸੇ ਤਰ੍ਹਾਂ ਸਰਕਾਰ ਖਿਲਾਫ ਗੁੱਸੇ ਦਾ ਪ੍ਰਗਟਾਵਾ ਸੀ। ਇਸ ਮਸਲੇ ਦੀਆਂ ਦੋ ਪਰਤਾਂ ਹਨ-ਪਹਿਲਾ, ਗੁੱਸੇ ਦਾ ਮਾਧਿਅਮ, ਬੇਅਦਬੀ ਅਤੇ ਦੂਜਾ, ਗੁੱਸੇ ਦਾ ਭੜਕਾਊ ਪ੍ਰਗਟਾਵਾ, ਸਿਆਸਤ। ਇਹ ਦੋਵੇਂ ਰਲ ਕੇ ਤੁਰਦੇ ਨਜ਼ਰ ਆਉਂਦੇ ਹਨ। ਇਸ ਨੂੰ ਅਪ੍ਰਸੰਗਕ ਹੋਈ ਜਾ ਰਹੀ ਸਿਆਸੀ ਸ਼ੈਲੀ ਨੂੰ ਪ੍ਰਸੰਗਕ ਬਣਾਉਣ ਦਾ ਅਨੈਤਿਕ ਤਰੀਕਾ ਵੀ ਕਿਹਾ ਜਾ ਸਕਦਾ ਹੈ। ਕਿਸੇ ਵੀ ਸਿਆਸੀ ਅਨੈਤਿਕਤਾ ਨੂੰ ਸਰਕਾਰੀ ਏਜੰਸੀਆਂ ਦੇ ਖਾਤੇ ਵਿਚ ਪਾ ਕੇ ਬਰੀ ਹੋਣ ਦੀ ਸਿਆਸਤ ਵੀ ਆਮ ਹੋ ਰਹੀ ਹੈ। ਇਸ ਨਾਲ ਹਰ ਸਿੱਖ ਆਪਣੇ ਹੀ ਗੁਰਭਾਈ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਣ ਲੱਗ ਪਿਆ ਹੈ। ਯੂ-ਟਿਊਬ 'ਤੇ ਜਾਉ ਤਾਂ ਪਤਾ ਲੱਗ ਜਾਏਗਾ ਕਿ ਮਨਮਰਜ਼ੀ ਦੀ ਸਿਆਸਤ ਨੂੰ ਸਿੱਖ ਸਮੂਹ ਦੇ ਮੱਥੇ ਮੜ੍ਹਿਆ ਜਾ ਰਿਹਾ ਹੈ। ਅਜਿਹਾ ਕਰਨ ਵਾਲਿਆਂ ਨੂੰ ਕੋਈ ਨਹੀਂ ਪੁੱਛਦਾ ਕਿ ਕੈਪਟਨ ਸਰਕਾਰ, ਬਾਦਲ ਸਰਕਾਰ ਦੀ ਨਿਰੰਤਰਤਾ ਵਿਚ ਕਿਵੇਂ ਹੋਈ? ਉਹ ਇਹ ਦੱਸਣ ਲਈ ਤਿਆਰ ਨਹੀਂ ਹਨ ਕਿ 'ਆਪ' ਨੂੰ ਹਰਾਉਣ ਵਾਸਤੇ ਕਾਂਗਰਸ ਤੇ ਅਕਾਲੀ ਕਿਵੇਂ, ਕਦੋਂ ਅਤੇ ਕਿਥੇ ਇਕੱਠੇ ਹੋਏ ਸਨ? ਇਹ ਕੌਣ ਪੁੱਛੇ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਮਿਲਣਾ, ਸਿੱਖ ਦਾ ਹਿੰਦੂਆਂ ਦੇ ਥੱਲੇ ਲੱਗਣਾ ਕਿਵੇਂ ਹੋਇਆ? ਬਿਨਾ ਸੋਚੇ ਸਮਝੇ ਸ਼ੋਰੀਲੇ ਢੰਗ ਨਾਲ ਕਿਹਾ ਜਾ ਰਿਹਾ ਹੈ ਕਿ ਸਿਆਸੀ ਸੱਤਾ ਵਿਚ ਸਿੱਖ ਵਿਰੋਧੀ ਹੋ ਕੇ ਹੀ ਰਿਹਾ ਜਾ ਸਕਦਾ ਹੈ! ਇਹੀ ਮਾਨਸਿਕਤਾ ਹੈ ਜਿਸ ਦਾ ਸਿਆਸੀ ਪ੍ਰਗਟਾਵਾ ਬਰਗਾੜੀ ਵਰਗੀਆਂ ਘਟਨਾਵਾਂ ਵਿਚ ਨਿਕਲਦਾ ਰਹਿੰਦਾ ਹੈ। ਇਸ ਨੂੰ ਢਾਡੀ ਸੋਹਣ ਸਿੰਘ ਸੀਤਲ ਦੀ ਕਿਸੇ ਹੋਰ ਪ੍ਰਸੰਗ ਵਿਚੋਂ ਲਈ ਹੋਈ ਇਸ ਟੂਕ ਰਾਹੀਂ ਸੌਖਿਆਂ ਸਮਝਿਆ ਜਾ ਸਕਦਾ ਹੈ:

ਤੁਰੀਆਂ ਸੰਗ ਕਲਜੋਗਣਾਂ ਲੈ ਖੱਪਰ ਖਾਲੀ।
ਹੋਵੇਗਾ ਅਸਮੇਧ ਜੱਗ ਰੱਜ ਖਾਣ ਸਵਾਲੀ।

ਇਹ ਮਸਲਾ ਪੁਲਿਸ ਦੇ ਪੈਰੋਂ ਵਿਗੜਿਆ ਸੀ ਅਤੇ ਇਸ ਨੂੰ ਕਾਨੂੰਨ ਰਾਹੀਂ ਨਹੀਂ ਸੁਝਾਇਆ ਜਾ ਸਕਦਾ, ਕਿਉਂਕਿ ਇਸ ਮਸਲੇ ਨਾਲ ਜੁੜੀ ਹੋਈ ਮਾਨਸਿਕਤਾ ਤੱਕ ਸਿੱਖ ਸੁਰ ਵਿਚ ਹੀ ਪਹੁੰਚਿਆ ਜਾ ਸਕਦਾ ਹੈ। ਇਸ ਮਸਲੇ ਨੂੰ ਘਰ ਦਾ ਮਸਲਾ ਸਮਝ ਕੇ ਸੰਭਾਲਿਆ ਜਾਣਾ ਚਾਹੀਦਾ ਹੈ ਅਤੇ ਇਸ ਸੰਵੇਦਨਸ਼ੀਲ ਮਸਲੇ ਨੂੰ ਕਾਨੂੰਨੀ ਗਲੀਆਂ ਤੇ ਸਰਕਾਰੀ ਬਾਜ਼ਾਰਾਂ ਵਿਚ ਨਹੀਂ ਉਛਾਲਣਾ ਚਾਹੀਦਾ।

ਇਹੋ ਜਿਹੀ ਸਿਆਸਤ ਬਹੁਤ ਹੋ ਚੁਕੀ ਹੈ ਅਤੇ ਇਸ ਦੇ ਨਤੀਜੇ ਵੀ ਸਭ ਦੇ ਸਾਹਮਣੇ ਹਨ। ਇਹ ਮਸਲਾ ਸਿੱਖ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ ਅਤੇ ਇਸ ਨੂੰ ਸਿੱਖ ਵਿਧੀ ਵਿਚ ਹੀ ਸੁਲਝਾਇਆ ਜਾ ਸਕਦਾ ਹੈ।

ਸ਼੍ਰੋਮਣੀ ਕਮੇਟੀ ਇਸ ਵੇਲੇ ਸਰਕਾਰੀ ਦਖਲ ਤੋਂ ਮੁਕਤ ਹੈ ਅਤੇ ਸ਼੍ਰੋਮਣੀ ਕਮੇਟੀ ਨੂੰ ਸਰਕਾਰੀ ਦਖਲ ਵੱਲ ਭੱਜਣ ਦੇ ਪੱਕ ਗਏ ਸੁਭਾ ਦੀ ਥਾਂ, ਪੰਥਕ ਸੁਰ ਵਿਚ ਬੇਅਦਬੀ ਦੇ ਮਸਲੇ ਦਾ ਹੱਲ ਕੱਢਣ ਵਾਲੇ ਰਾਹ ਤੁਰ ਪੈਣਾ ਚਾਹੀਦਾ ਹੈ। ਕਿਤੇ ਪਹੁੰਚਣ ਵਾਸਤੇ ਪਹਿਲਾ ਕਦਮ ਤਾਂ ਚੁੱਕਣਾ ਹੀ ਪਵੇਗਾ।



**ਇਸ ਮਸਲੇ ਦੀਆਂ ਦੋ ਪਰਤਾਂ ਹਨ-ਪਹਿਲਾ, ਗੁੱਸੇ ਦਾ ਮਾਧਿਅਮ, ਬੇਅਦਬੀ ਅਤੇ ਦੂਜਾ, ਗੁੱਸੇ ਦਾ ਭੜਕਾਊ ਪ੍ਰਗਟਾਵਾ, ਸਿਆਸਤ। ਇਹ ਦੋਵੇਂ ਰਲ ਕੇ ਤੁਰਦੇ ਨਜ਼ਰ ਆਉਂਦੇ ਹਨ। ਇਸ ਨੂੰ ਅਪ੍ਰਸੰਗਕ ਹੋਈ ਜਾ ਰਹੀ ਸਿਆਸੀ ਸ਼ੈਲੀ ਨੂੰ ਪ੍ਰਸੰਗਕ ਬਣਾਉਣ ਦਾ ਅਨੈਤਿਕ ਤਰੀਕਾ ਵੀ ਕਿਹਾ ਜਾ ਸਕਦਾ ਹੈ। ਕਿਸੇ ਵੀ ਸਿਆਸੀ ਅਨੈਤਿਕਤਾ ਨੂੰ ਸਰਕਾਰੀ ਏਜੰਸੀਆਂ ਦੇ ਖਾਤੇ ਵਿਚ ਪਾ ਕੇ ਬਰੀ ਹੋਣ ਦੀ ਸਿਆਸਤ ਵੀ ਆਮ ਹੋ ਰਹੀ ਹੈ। ਇਸ ਨਾਲ ਹਰ ਸਿੱਖ ਆਪਣੇ ਹੀ ਗੁਰਭਾਈ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਣ ਲੱਗ ਪਿਆ ਹੈ। ਯੂ-ਟਿਊਬ 'ਤੇ ਜਾਉ ਤਾਂ ਪਤਾ ਲੱਗ ਜਾਏਗਾ ਕਿ ਮਨਮਰਜ਼ੀ ਦੀ ਸਿਆਸਤ ਨੂੰ ਸਿੱਖ ਸਮੂਹ ਦੇ ਮੱਥੇ ਮੜ੍ਹਿਆ ਜਾ ਰਿਹਾ ਹੈ। ਅਜਿਹਾ ਕਰਨ ਵਾਲਿਆਂ ਨੂੰ ਕੋਈ ਨਹੀਂ ਪੁੱਛਦਾ ਕਿ ਕੈਪਟਨ ਸਰਕਾਰ, ਬਾਦਲ ਸਰਕਾਰ ਦੀ ਨਿਰੰਤਰਤਾ ਵਿਚ ਕਿਵੇਂ ਹੋਈ? ਉਹ ਇਹ ਦੱਸਣ ਲਈ ਤਿਆਰ ਨਹੀਂ ਹਨ ਕਿ 'ਆਪ' ਨੂੰ ਹਰਾਉਣ ਵਾਸਤੇ ਕਾਂਗਰਸ ਤੇ ਅਕਾਲੀ ਕਿਵੇਂ, ਕਦੋਂ ਅਤੇ ਕਿਥੇ ਇਕੱਠੇ ਹੋਏ ਸਨ? ਇਹ ਕੌਣ ਪੁੱਛੇ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਮਿਲਣਾ, ਸਿੱਖ ਦਾ ਹਿੰਦੂਆਂ ਦੇ ਥੱਲੇ ਲੱਗਣਾ ਕਿਵੇਂ ਹੋਇਆ? ਬਿਨਾ ਸੋਚੇ ਸਮਝੇ ਸ਼ੋਰੀਲੇ ਢੰਗ ਨਾਲ ਕਿਹਾ ਜਾ ਰਿਹਾ ਹੈ ਕਿ ਸਿਆਸੀ ਸੱਤਾ ਵਿਚ ਸਿੱਖ ਵਿਰੋਧੀ ਹੋ ਕੇ ਹੀ ਰਿਹਾ ਜਾ ਸਕਦਾ ਹੈ! ਇਹੀ ਮਾਨਸਿਕਤਾ ਹੈ ਜਿਸ ਦਾ ਸਿਆਸੀ ਪ੍ਰਗਟਾਵਾ ਬਰਗਾੜੀ ਵਰਗੀਆਂ ਘਟਨਾਵਾਂ ਵਿਚ ਨਿਕਲਦਾ ਰਹਿੰਦਾ ਹੈ।**

## ਗੁੰਮਨਾਮ ਲੋਕ ਕਵੀ ਗਿਆਨੀ ਈਸ਼ਰ ਸਿੰਘ ਦਰਦ

ਪ੍ਰਾਂਤਾਂ ਵਿੱਚ ਘੁੰਮੇ। ਆਪਣੇ ਸਮਕਾਲੀ ਹਾਣੀਆਂ ਦੇ ਮੁਕਾਬਲੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਅਤਿ ਵਿਸ਼ਾਲ, ਨਵੀਨ ਅਤੇ ਸਮਾਜਵਾਦੀ ਕਲਮ ਦਾ ਤਤਕਾਲੀ ਸਮਾਜਕ ਰਾਜਨੀਤਕ ਸਮਾਚਾਰ ਪ੍ਰਤੀ ਜਾਣੂ ਅਤੇ ਚੇਤਨ ਹੋਣਾ ਹੈਰਾਨੀ ਦੀ ਹੱਦ ਤੱਕ ਪਾਠਕਾਂ ਆਲੋਚਕਾਂ ਨੂੰ ਧਿਆਨ ਖਿੱਚ ਪਾਉਂਦਾ ਹੈ। ਉਨ੍ਹਾਂ ਦੇ ਕਾਵਿ ਬੰਦ ਕਵੀ ਦਰਦ ਦੀ ਰਾਜਨੀਤਕ ਚੇਤਨਤਾ ਦਾ ਜਿਊਂਦਾ ਜਾਗਦਾ ਪ੍ਰਮਾਣ ਹਨ। ਕਵੀ ਦੀ ਬੋਲੀ, ਆਮ ਬੋਲ-ਚਾਲ ਦੀ ਬੋਲੀ ਹੈ, ਪਰ ਕਾਵਿ-ਕਲਾ ਦੀ ਸਾਣ ਉੱਤੇ ਲੱਗੀ ਹੋਈ। ਕਈ ਕਵਿਤਾਵਾਂ ਵਿੱਚ ਲੋੜ ਅਨੁਸਾਰ ਪ੍ਰਚਲਤ ਅੰਗਰੇਜ਼ੀ ਸ਼ਬਦਾਵਲੀ ਵੀ ਵਰਤੀ ਗਈ ਹੈ, ਪਰ ਸਹਿੰਦੀ ਸਹਿੰਦੀ ਅਤੇ ਢੁਕਵੀਂ। ਗਿਆਨੀ ਈਸ਼ਰ ਸਿੰਘ ਦਰਦ ਰਚਿਤ ਇਨ੍ਹਾਂ ਕਵਿਤਾਵਾਂ ਨੂੰ ਪੜ੍ਹਨ ਸਮੇਂ ਇਉਂ ਜਾਪਦਾ ਹੈ ਕਿ ਕੋਈ ਹੰਢਿਆ ਵਰਤਿਆ ਪੇਂਡੂ ਬਜ਼ੁਰਗ ਥੋੜ੍ਹੇ ਨਸ਼ੇ ਦੀ ਖੁਮਾਰੀ ਵਿੱਚ ਮਸਤ ਬੈਠਾ, ਆਪਣੀ ਹੀ ਧੁਨ ਵਿੱਚ ਕੁਝ ਕਹਿ ਰਿਹਾ ਹੈ। ਥੋੜ੍ਹੇ ਧਿਆਨ ਨਾਲ ਸੁਣਿਆ ਜਾਵੇ ਤਾਂ ਅਨੁਭਵ ਹੁੰਦਾ ਹੈ ਕਿ ਬੜੀਆਂ ਪਤੇ ਦੀਆਂ ਗੱਲਾਂ ਕਰ ਰਿਹਾ ਹੈ ਅਤੇ ਜੀਵਨ ਘੋਲ ਵਿੱਚੋਂ ਪ੍ਰਾਪਤ ਤੱਤ ਸਾਰ ਦਾ ਪ੍ਰਗਟਾਵਾ ਕਰ ਰਿਹਾ ਹੈ।

## ਪੰਜਾਬ ਵਿਚ ਉੱਚ ਸਿੱਖਿਆ ਨੀਵੇਂ ਪੱਧਰ ਵੱਲ ਕਿਉਂ?

ਸਾਲਾਂ ਵਿਚ ਚੁਣੇ ਗਏ ਪ੍ਰਿੰਸੀਪਲਾਂ ਦੀਆਂ ਤਨਖ਼ਾਹਾਂ ਬਾਰੇ ਅਸਾਮੀਆਂ ਭਰੇ ਜਾਣ ਵੇਲੇ ਦਿੱਤੇ ਗਏ ਇਸ਼ਤਿਹਾਰਾਂ ਅਨੁਸਾਰ ਫ਼ੈਸਲਾ ਕਰਨਾ ਬੇਹੱਦ ਜ਼ਰੂਰੀ ਹੈ। ਨਾਲ ਹੀ ਇਹ ਫ਼ੈਸਲਾ ਕਰਨਾ ਵੀ ਬੇਹੱਦ ਜ਼ਰੂਰੀ ਹੈ ਕਿ ਕਾਲਜ ਚਾਹੇ ਸਰਕਾਰੀ ਹੋਵੇ, ਚਾਹੇ ਗ਼ੈਰ-ਸਰਕਾਰੀ, ਪ੍ਰਿੰਸੀਪਲ ਦੀ ਯੋਗਤਾ ਬਰਾਬਰ ਹੋਣੀ ਚਾਹੀਦੀ ਹੈ।



ਲੈਕਚਰਰਾਂ ਦੀ ਸਥਿਤੀ: ਪੰਜਾਬ ਸਰਕਾਰ ਦੇ 48 ਕਾਲਜਾਂ ਵਿਚ 1873 ਅਸਾਮੀਆਂ ਵਿਚੋਂ 1356 ਅਸਾਮੀਆਂ ਖਾਲੀ ਪਈਆਂ ਹਨ। ਇਨ੍ਹਾਂ ਅਸਾਮੀਆਂ ਉੱਤੇ ਕੱਚੇ ਲੈਕਚਰਰ ਲਗਾਏ ਗਏ ਹਨ, ਜਿਹੜੇ ਪੀਰੀਅਡਾਂ ਅਤੇ ਦਿਹਾੜੀਆਂ ਦੇ ਆਧਾਰ ਉੱਤੇ ਪੜ੍ਹਾਉਣ ਦਾ ਕਾਰਜ ਕਰਦੇ ਹੋਏ, ਦੇਸ਼ ਦੇ ਭਵਿੱਖ ਨੂੰ ਸੁਧਾਰਨ 'ਤੇ ਲੱਗੇ ਹੋਏ ਹਨ। ਇਨ੍ਹਾਂ ਨੂੰ ਦਸ ਤੋਂ 15 ਹਜ਼ਾਰ ਰੁਪਏ ਮਹੀਨਾ ਤਨਖ਼ਾਹ ਮਿਲਦੀ ਹੈ ਜੋ ਕਿ ਪੱਕੇ ਲੈਕਚਰਾਰਾਂ ਨਾਲੋਂ ਦਸ ਗੁਣਾ ਘੱਟ ਹੈ। ਪੱਕਾ ਲੈਕਚਰਰ ਭਾਵ ਅਸਿਸਟੈਂਟ ਪ੍ਰੋਫ਼ੈਸਰ ਜਾਂ ਐਸੋਸੀਏਟ ਪ੍ਰੋਫ਼ੈਸਰ ਇਕ ਤੋਂ ਡੇਢ ਲੱਖ ਰੁਪਏ ਤੱਕ ਤਨਖ਼ਾਹ ਲੈ ਰਿਹਾ ਹੈ। ਬਰਾਬਰ ਕੰਮ ਅਤੇ ਬਰਾਬਰ ਯੋਗਤਾ ਵਾਲੇ ਇਨ੍ਹਾਂ ਸਿੱਖਿਆ ਕਾਮਿਆਂ ਵਿਚ ਤਨਖਾਹ ਦਾ ਏਨਾ ਵੱਡਾ ਪਾੜਾ ਵਿਦਿਅਕ ਸੰਸਥਾਵਾਂ ਅਤੇ ਵਿਦਿਅਕ ਮਾਹੌਲ ਨੂੰ ਕਿਸ ਪਾਸੇ ਲਿਜਾ ਰਿਹਾ ਹੈ, ਇਸ ਦਾ ਕਿਆਸ ਲਾਉਣਾ ਕੋਈ ਮੁਸ਼ਕਿਲ ਨਹੀਂ ਹੈ। ਪੰਜਾਬ ਸਰਕਾਰ ਅਗਲੇ ਦਿਨਾਂ ਵਿਚ 14 ਹੋਰ ਸਰਕਾਰੀ ਕਾਲਜ ਖੋਲ੍ਹਣ ਦੀ ਤਿਆਰੀ ਵਿਚ ਹੈ, ਪਰ ਪਿਛਲੇ ਵੀਹ ਸਾਲਾਂ ਤੋਂ ਸਰਕਾਰੀ ਕਾਲਜਾਂ ਵਿਚ, ਕਿਸੇ ਵੀ ਵਿਸ਼ੇ ਵਿਚ ਕਿਸੇ ਵੀ ਲੈਕਚਰਾਰ ਦੀ ਕੋਈ ਭਰਤੀ ਨਹੀਂ ਕੀਤੀ ਗਈ। ਇਹ ਸਾਰੀ ਦ੍ਰਿਸ਼ਾਵਲੀ ਅਤੇ ਤਾਣਾ-ਬਾਣਾ ਸਾਬਤ ਕਰਦਾ ਹੈ ਕਿ ਸਰਕਾਰ ਸਿੱਖਿਆ ਪ੍ਰਤੀ ਕਿੰਨੀ ਕੁ ਗੰਭੀਰ ਹੈ? ਵਿਕਾਸ ਸਿਰਫ਼ ਰਾਜਸੀ ਬਿਆਨਬਾਜ਼ੀ ਨਾਲ ਨਹੀਂ, ਬੁਨਿਆਦੀ ਢਾਂਚੇ ਵਿਚ ਤਬਦੀਲੀ ਨਾਲ ਹੀ ਸਿਰੇ ਚੜ੍ਹ ਸਕਦਾ ਹੈ।

## ਓਸਾਮਾ ਬਿਨ ਲਾਦੇਨ ਦੀ ਮੌਤ ਅਤੇ ਆਪਰੇਸ਼ਨ 'ਪਲੇਨ'

ਸੀਰੀਆ ਵਿੱਚ ਰਹਿ ਰਹੀ ਆਪਣੀ ਮਾਂ ਨਜ਼ਵਾ ਕੋਲ ਜਾਣ ਦੀ ਇਜਾਜ਼ਤ ਮਿਲਣ ਤੋਂ ਪਹਿਲਾਂ ਈਮਾਨ ਨੂੰ 100 ਦਿਨਾਂ ਤੱਕ ਸਾਊਦੀ ਦੂਤਘਰ ਵਿੱਚ ਰਹਿਣਾ ਪਿਆ। ਲਾਦੇਨ ਦੀਆਂ ਬਾਕੀ ਸਾਰੀਆਂ ਪਤ-ਨੀਆਂ ਪਾਕਿਸਤਾਨ ਚਲੀਆਂ ਗਈਆਂ, ਜਿੱਥੇ ਓਸਾਮਾ ਬਿਨ ਲਾਦੇਨ ਇੱਕ ਕੰਪਲੈਕਸ ਵਿੱਚ ਲੁਕਿਆ ਸੀ। ਉਥੇ ਹੀ ਉਹ 2011 ਵਿੱਚ ਅਮਰੀਕੀ ਹਮਲੇ ਵਿੱਚ ਮਾਰਿਆ ਗਿਆ। ਇਹ ਮੰਨਿਆ ਜਾਂਦਾ ਹੈ ਕਿ ਖੈਰਿਯਾਹ, ਸੇਹਮ ਅਤੇ ਅਮਾਲ ਅਮਰੀਕੀ ਹਮਲੇ ਦੇ ਸਮੇਂ ਲਾਦੇਨ ਦੇ ਨਾਲ ਸਨ ਅਤੇ ਜਦੋਂ ਅਮਰੀਕੀ ਸੀਲਜ਼ ਕਮਾਂਡੋਜ਼ ਨੇ ਫਾਇਰ ਖੋਲ੍ਹਿਆ ਤਾਂ ਅਮਾਲ ਆਪਣੇ ਪਤੀ ਲਾਦੇਨ ਦੇ ਬਚਾਅ ਲਈ ਅੱਗੇ ਆ ਗਈ ਸੀ। ਉਸ ਹਮਲੇ ਵਿੱਚ ਅਮਾਲ ਦਾ ਬੇਟਾ ਖਾਲਿਦ ਵੀ ਮਾਰਿਆ ਗਿਆ ਸੀ। ਜਦੋਂ ਵਿਸ਼ੇਸ਼ ਫੋਰਸਾਂ ਨੇ ਉਰਦੂ ਵਿੱਚ ਉਸ ਦਾ ਨਾਂਅ ਲੈ ਕੇ ਆਵਾਜ਼ ਮਾਰੀ ਤਾਂ ਖਾਲਿਦ ਨੇ ਪੌੜੀਆਂ ਵਿੱਚੋਂ ਸਿਰ ਕੱਢ ਕੇ ਇਹ ਦੇਖਣ ਦੀ ਕੋਸ਼ਿਸ਼ ਕੀਤੀ ਕਿ ਕੀ ਹੋ ਰਿਹਾ ਹੈ। ਇੰਨੇ ਨੂੰ ਇੱਕ ਕਮਾਂਡੋ ਦੀ ਗੋਲੀ ਉਸ ਦੇ ਸਿਰ 'ਚੋਂ ਆਰ-ਪਾਰ ਹੋ ਗਈ।

ਖੈਰਿਯਾਹ ਦੀ ਕੁੱਖ ਵਿੱਚੋਂ ਪੈਦਾ ਹੋਇਆ ਲਾਦੇਨ ਦਾ ਇਕਲੌਤਾ ਬੇਟਾ ਹੀ ਇਸ ਹਮਲੇ ਵਿੱਚ ਜਿੰਦਾ ਬਚਿਆ ਸੀ ਤੇ ਹੁਣ ਉਹ ਅਲ ਕਾਇਦਾ ਦੇ ਮੁਖੀ ਵਜੋਂ ਆਪਣੇ ਪਿਤਾ ਦੀ ਵਿਰਾਸਤ ਉੱਤੇ ਦਾਅਵੇ ਕਰ ਰਿਹਾ ਹੈ। ਇਸ ਸਾਲ ਦੇ ਸ਼ੁਰੂ ਵਿੱਚ ਅਮਰੀਕਾ ਨੇ ਉਸ ਨੂੰ 'ਗਲੋਬਲ ਅੱਤਵਾਦੀ' ਐਲਾਨ ਦਿੱਤਾ ਸੀ।

# AAA AUTO AND BODY WORKS



ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਅਤੇ ਸਾਡੀਆਂ ਸੇਵਾਵਾਂ ਦਾ ਲਾਭ ਲਓ



Jasbir Singh Takhar
510-755-2132

Free Estimates
Free Towing

Harmandeep Singh

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine, Transmission, Body and Paint Work. We Sell Used Cars at a Good Price

1421 Industrial Pkwy West- F
Hayward, CA 94544

510- 733- 2222



# Moon Indian Cuisine
## 510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ



Paul
510-978-7170

Fish Pakora
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Gill
510-709-5285

Over 30 Years Experience in Restaurant & Catering Business

ਇੰਡੀਅਨ-ਫਿਜੀ, ਪਾਕਿਸਤਾਨੀ ਕੁਜ਼ੀਨ

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net



# TEC Equipment
Your Best Business Partner




ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਕੇ ਦਿੰਦੇ ਹਾਂ








## Harjinder Singh Bal

Direct (510) 577-5509
Cell (510) 613-3573
hsingh@tecequipment.com

8099 S Coliseum Way
Oakland, CA 94621

www. tecequipment.com

